@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 14 September 2026

Punjabi National Daily
Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 14 ਸਤੰਬਰ 2026, 30 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 311, qpatrika@gmail.com ਫੋਨ : 9971359517 www.qaumipatrika.org

## ਗਗਨਯਾਨ ਮਿਸ਼ਨ ਵੱਲ ਭਾਰਤ ਦੀ ਵੱਡੀ ਪੁਲਾਂਘ ! ਸ.ਫਲਤਾਪੂਰਵਕ ਪੂਰਾ ਕੀਤਾ ਕ੍ਰਾਇਓਜੈਨਿਕ ਇੰਜਣ ਦਾ ਹਾਟ ਟੈਸਟ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਚੇਨਈ 13 ਸਤੰਬਰ। ਗਗਨਯਾਨ ਮਿਸ਼ਨ ਲਈ ਇਸਤੇਮਾਲ ਹੋਣ ਵਾਲੇ ਐੱਲਵੀਐੱਮ3 ਰਾਕੇਟ ਦੇ ਉੱਪਰੀ ਤੀਜੇ ਪੜਾਅ, ਯਾਨੀ ਕ੍ਰਾਇਓਜੇਨਿਕ ਇੰਜਣ ਦਾ 'ਫਲਾਈਟ ਐਕਸੇਪਟੈਂਸ ਹਾਟ ਟੈਸਟ' ਸਫ਼ਲਤਾਪੂਰਵਕ ਪੂਰਾ ਕਰ ਲਿਆ ਗਿਆ ਹੈ। ਇਹ ਜਾਣਕਾਰੀ ਇਸਰੋ ਨੇ ਵੀਰਵਾਰ ਨੂੰ ਦਿੱਤੀ। ਇਕ ਤਾਜ਼ਾ ਜਾਣਕਾਰੀ 'ਚ ਪੁਲਾੜ ਏਜੰਸੀ ਨੇ ਕਿਹਾ ਕਿ ਉਸ ਨੇ ਐੱਲਵੀਐੱਮ3 ਲਾਂਚ ਵਾਹਨ ਦੇ 7ਵੇਂ ਸੰਚਾਲਨ ਮਿਸ਼ਨ (ਐੱਲਵੀਐੱਮ3 ਐੱਮ7) ਲਈ ਚੁਣੇ ਗਏ ਕ੍ਰਾਇਓਜੇਨਿਕ ਇੰਜਣ ਦੀ 'ਫਲਾਈਟ ਐਕਸੇਪਟੈਂਸ ਹਾਟ ਟੈਸਟਿੰਗ' ਸਫ਼ਲਤਾਪੂਰਵਕ ਪੂਰੀ ਕਰ ਲਈ ਹੈ। ਇਹ ਪ੍ਰੀਖਣ 9 ਸਤੰਬਰ, 2026 ਨੂੰ ਤਾਮਿਲਨਾਡੂ ਦੇ ਮਹੇਂਦਰਗਿਰੀ ਸਥਿਤ ਇਸਰੋ ਪ੍ਰੋਪਲਸ਼ਨ ਕੰਪਲੈਕਸ (ਆਈਪੀਆਰਸੀ) 'ਚ ਮੁੱਖ ਇੰਜਣ ਅਤੇ ਸਟੇਜ ਟੈਸਟ ਫੈਸਿਲਿਟੀ



(ਐੱਮਈਟੀ) 'ਚ ਕੀਤਾ ਗਿਆ। ਹਰ ਮਿਸ਼ਨ ਲਈ ਕ੍ਰਾਇਓਜੇਨਿਕ ਇੰਜਣ ਨੂੰ ਉਡਾਣ ਲਈ ਮਨਜ਼ੂਰੀ ਮਿਲਣ ਤੋਂ ਪਹਿਲਾਂ 'ਹਾਟ ਟੈਸਟ' ਤੋਂ ਲੰਘਣਾ ਪੈਂਦਾ ਹੈ। ਜ਼ਿਆਦਾ ਉੱਚਾਈ 'ਤੇ ਕੰਮ ਕਰਨ ਲਈ ਡਿਜ਼ਾਈਨ ਕੀਤੇ ਗਏ ਨੋਜ਼ਲ ਵਾਲੇ ਇਸ ਉੱਪਰੀ ਪੜਾਅ ਦੇ ਇੰਜਣ ਦੀ 'ਹਾਟ ਟੈਸਟਿੰਗ' ਸਮੁੰਦਰ-ਪੱਧਰੀ ਸਥਿਤੀਆਂ 'ਚ ਕੰਮ ਕਰਨ ਲਈ, ਇਕ 'ਨੋਜ਼ਲ ਪ੍ਰੋਟੈਕਸ਼ਨ ਸਿਸਟਮ' ਵਿਕਸਿਤ ਕੀਤਾ ਗਿਆ ਸੀ ਅਤੇ ਕਈ ਕਵਾਲੀਫਿਕੇਸ਼ਨ ਪ੍ਰੀਖਣਾਂ ਦੇ ਮਾਧਿਅਮ ਤੋਂ ਉਸ ਨੂੰ ਪਹਿਲਾਂ ਹੀ ਪ੍ਰਮਾਣਿਤ ਕੀਤਾ ਜਾ ਚੁੱਕਿਆ ਸੀ। ਐੱਲਵੀਐੱਮ3 ਲਾਂਚ ਵਾਹਨ ਦੀ ਪੇਲੋਡ ਸਮਰੱਥਾ ਵਧਾਉਣ ਲਈ, ਐੱਲਵੀਐੱਮ3 ਦੇ ਭਵਿੱਖ ਦੇ ਮਿਸ਼ਨਾਂ ਦੀ ਯੋਜਨਾ ਸੀਈ20 ਲਈ 22ਟੀ ਦੇ ਉੱਨਤ ਥ?ਰਸਟ ਪੱਧਰ 'ਤੇ ਸੰਚਾਲਿਤ ਹੋਣ ਵਾਲੇ ਸੀ32 ਪੜਾਅ ਨਾਲ ਬਣਾਈ ਗਈ ਸੀ। ਇਸ ਨੂੰ ਧਿਆਨ ਰੱਖਦੇ ਹੋਏ, ਉਡਾਣ ਸਵੀਕ੍ਰਿਤੀ ਪ੍ਰੀਖਣ 'ਤੇ ਖਰਾ ਉਤਰਿਆ, ਜਿਸ ਨਾਲ ਇੰਜਣ ਪ੍ਰਣਾਲੀ ਦੇ ਸੰਤੋਸ਼ਜਨਕ ਪ੍ਰਦਰਸ਼ਨ ਦੀ ਪੁਸ਼ਟੀ ਹੋਈ। ਇਸ ਪ੍ਰੀਖਣ 'ਚ ਗਗਨਯਾਨ ਦੇ ਸੀ32 ਪੜਾਅ ਲਈ ਬਣੇ ਐੱਲਓਐਕਸ ਟੈਂਕ ਪ੍ਰੈਸ਼ਰਾਈਜ਼ੇਸ਼ਨ ਮਾਡਿਊਲ (ਐੱਲਟੀਪੀਐੱਮ) ਦਾ ਵੀ ਸਫ਼ਲਤਾਪੂਰਵਕ ਪ੍ਰਦਰਸ਼ਨ ਕੀਤਾ ਗਿਆ। 2026 ਦੀ ਚੌਥੀ ਤਿਮਾਹੀ 'ਚ ਤੈਅ ਐੱਲਵੀਐੱਮ3 ਐੱਮ7 ਮਿਸ਼ਨ ਲਈ ਇੰਜਣ ਦਾ ਨਵੀਕਰਨ ਕੀਤਾ ਜਾਵੇਗਾ ਅਤੇ ਸੀ32 ਫਲਾਈਟ ਸਟੇਜ਼ 'ਚ ਅਸੈਂਬਲ ਕੀਤਾ ਜਾਵੇਗਾ।

## ਪੰਜਾਬ ਤੋਂ ਭਾਜਪਾ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਦਾ ਨਾਮ ਵੋਟਰ ਸੂਚੀ 'ਚ ਸ਼ਾਮਲ

ਕੌਮੀ ਪਤ੍ਰਿਕਾ

ਨਵੀਂ ਦਿੱਲੀ 13 ਸਤੰਬਰ। ਪੰਜਾਬ ਤੋਂ ਭਾਜਪਾ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਦਾ ਨਾਮ ਰਾਸ਼ਟਰੀ ਰਾਜਧਾਨੀ ਵਿੱਚ ਵੋਟਰ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿੱਤੀ। ਅਧਿਕਾਰੀਆਂ ਦੇ ਅਨੁਸਾਰ ਦਿੱਲੀ ਦੀ ਵੋਟਰ ਸੂਚੀ ਦੇ ਵਿਸ਼ੇਸ਼ ਤੀਬਰ ਸੋਧ ਤਹਿਤ ਜਾਰੀ ਕੀਤੀ ਗਈ ਪ੍ਰਕਿਰਿਆ ਦੌਰਾਨ ਉਨ੍ਹਾਂ ਦਾ ਨਾਮ ਰਾਜਿੰਦਰ ਨਗਰ ਵਿਧਾਨ ਸਭਾ ਹਲਕੇ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ। ਆਮ ਆਦਮੀ ਪਾਰਟੀ (ਆਪ) ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਦੋਸ਼ ਲਗਾਇਆ ਕਿ ਚੱਢਾ ਦਾ ਨਾਮ ਵੋਟਰ ਸੂਚੀ ਵਿੱਚ ਸ਼ਾਮਲ ਕਰਨ ਵਿੱਚ ਨਿਰਧਾਰਤ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਗਈ। ਹਾਲਾਂਕਿ, ਚੋਣ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਦਾ ਨਾਮ ਇੱਕ ਅੱਪਡੇਟ ਪ੍ਰਕਿਰਿਆ ਰਾਹੀਂ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਅਧਿਕਾਰੀਆਂ ਦੇ ਅਨੁਸਾਰ, ਚੱਢਾ ਦਾ ਨਾਮ ਪੰਜਾਬ ਵਿੱਚ ਵੋਟਰ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਹੈ, ਜਿੱਥੋਂ ਉਨ੍ਹਾਂ ਦੀ ਸਾਬਕਾ ਪਾਰਟੀ ਆਮ ਆਦਮੀ ਪਾਰਟੀ ਨੇ ਉਨ੍ਹਾਂ ਨੂੰ ਰਾਜ ਸਭਾ ਭੇਜਿਆ ਸੀ। ਦਿੱਲੀ ਦੇ ਮੁੱਖ



ਚੋਣ ਅਧਿਕਾਰੀ ਦੇ ਦਫ਼ਤਰ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਮੰਗਲਵਾਰ ਤੱਕ ਦਿੱਲੀ ਦੇ 70 ਵਿਧਾਨ ਸਭਾ ਹਲਕਿਆਂ ਵਿੱਚ ਵੋਟਰ ਸੂਚੀ ਵਿੱਚ ਨਾਮ ਜੋੜਨ ਲਈ 700 ਫਾਰਮ-6 ਮਨਜ਼ੂਰ ਕੀਤੇ ਗਏ ਸਨ, ਜਿਨ੍ਹਾਂ ਵਿੱਚ ਚੱਢਾ ਦਾ ਨਾਮ ਵੀ ਸ਼ਾਮਲ ਸੀ। 'ਆਪ' ਦੀ ਦਿੱਲੀ ਇਕਾਈ ਦੇ ਪ੍ਰਧਾਨ ਸੌਰਭ ਭਾਰਦਵਾਜ ਨੇ ਸਵਾਲ ਕੀਤਾ ਕਿ 31 ਅਗਸਤ ਨੂੰ ਜਾਰੀ ਕੀਤੀ ਗਈ ਡਰਾਫਟ ਵੋਟਰ ਸੂਚੀ ਵਿੱਚ 746 ਵੋਟਰਾਂ ਦੇ ਨਾਮ ਸਨ, ਫਿਰ ਰਾਜਿੰਦਰ ਨਗਰ ਵੋਟਰ ਸੂਚੀ ਵਿੱਚ ਚੱਢਾ ਦਾ ਨਾਮ 747ਵੇਂ ਵੋਟਰ ਵਜੋਂ ਕਿਵੇਂ ਸ਼ਾਮਲ ਕੀਤਾ ਗਿਆ? 'ਆਪ' ਦੇ ਦੋਸ਼ਾਂ ਦਾ ਜਵਾਬ ਦਿੰਦੇ ਹੋਏ ਚੱਢਾ ਨੇ ਇੱਕ ਬਿਆਨ ਵਿੱਚ ਕਿਹਾ, ਇੰਝ ਲੱਗਦਾ ਹੈ ਕਿ ਮੈਂ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਨੂੰ ਪਰੇਸ਼ਾਨ ਕਰ ਰਿਹਾ ਹਾਂ... ਜਦੋਂ ਤੋਂ ਮੈਂ ਭ੍ਰਿਸ਼ਟ ਆਮ ਆਦਮੀ ਪਾਰਟੀ ਛੱਡੀ ਹੈ, ਇਸਦੀ ਲੀਡਰਸ਼ਿਪ ਉੱਭਰ ਨਹੀਂ ਸਕੀ। ਉਨ੍ਹਾਂ ਦਾ ਵਿਵਹਾਰ ਉਸ ਨਾਰਾਜ਼ ਸਾਬਕਾ ਸਹਿਯੋਗੀ ਵਰਗਾ ਹੈ, ਜਿਸਨੂੰ ਹੁਣੇ-ਹੁਣੇ ਛੱਡ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਤੱਥ ਸਰਲ ਅਤੇ ਸਪੱਸ਼ਟ ਹਨ। ਮੈਂ ਚੋਣ ਕਮਿਸ਼ਨ (539) ਦੇ ਸਾਰੇ ਲਾਗੂ ਦਿਸ਼ਾ-ਨਿਰਦੇਸ਼ਾਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਹੈ ਅਤੇ ਸਾਰੇ ਨਿਰਧਾਰਤ ਉਪਾਅ ਕੀਤੇ ਹਨ।

## ਰਾਹੁਲ ਗਾਂਧੀ ਨੇ ਵੀ ਗੁਲਜ਼ਾਰ ਸਿੰਘ ਲਈ ਮੰਗਿਆ ਇਨਸਾ.ਫ, ਕਿਹਾ ਹੋਵੇ ਨਿਰਪੱਖ ਜਾਂਚ

ਨਵੀਂ ਦਿੱਲੀ 13 ਸਤੰਬਰ। ਪੰਜਾਬ ਕਾਂਗਰਸ ਤੋਂ ਬਾਅਦ ਹੁਣ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਵੀ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਉਨ੍ਹਾਂ ਦੀਆਂ ਅਸਫਲਤਾਵਾਂ 'ਤੇ ਸਵਾਲ ਚੁੱਕਣ ਵਾਲਿਆਂ ਨੂੰ ਧਮਕਾਉਣ ਅਤੇ ਪਰੇਸ਼ਾਨ ਕਰਨ ਦਾ ਦੋਸ਼ ਲਾਉਂਦੇ ਗੁਲਜ਼ਾਰ ਸਿੰਘ ਲਈ ਇਨਸਾਫ਼ ਦੀ ਮੰਗ ਕੀਤੀ।



ਗਾਂਧੀ ਨੇ ਬੁੱਧਵਾਰ ਨੂੰ ਸੋਸ਼ਲ ਮੀਡੀਆ ਐਕਸ 'ਤੇ ਕਿਹਾ ਕਿ ਆਪਣੇ ਪੁੱਤਰ ਨੂੰ ਨਸ਼ੇ ਦਾ ਸ਼ਿਕਾਰ ਬਣਦੇ ਦੇਖਣ ਵਾਲੇ ਗੁਲਜ਼ਾਰ ਸਿੰਘ ਨੇ ਰਾਜ ਦੇ ਵਿੱਤ ਮੰਤਰੀ ਨੂੰ ਸਿਰਫ਼ ਇਹ ਪੁੱਛਿਆ ਸੀ ਕਿ ਸਰਕਾਰ ਨਸ਼ਿਆਂ ਦੇ ਕਾਰੋਬਾਰ ਨੂੰ ਰੋਕਣ ਵਿੱਚ ਅਸਫਲ ਕਿਉਂ ਹੋ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਵਾਲ ਲਈ ਗੁਲਜ਼ਾਰ ਸਿੰਘ ਨੂੰ ਪਰੇਸ਼ਾਨ ਤੇ ਜ਼ਲੀਲ ਕੀਤਾ ਗਿਆ। ਮੁਆਫੀ ਮੰਗਣ ਲਈ ਉਨ੍ਹਾਂ 'ਤੇ ਇੰਨਾ ਦਬਾਅ ਪਾਇਆ ਗਿਆ ਕਿ ਉਨ੍ਹਾਂ ਨੇ ਜ਼ਹਿਰ ਖਾ ਲਿਆ। ਇਲਾਜ ਲਈ ਹਸਪਤਾਲ ਤੋਂ ਹਸਪਤਾਲ ਭਟਕਣ ਤੋਂ ਬਾਅਦ ਉਸਦੀ ਮੌਤ ਹੋ ਗਈ। ਗਾਂਧੀ ਨੇ ਕਿਹਾ ਕਿ ਪਿਛਲੇ ਹਫ਼ਤੇ ਉਨ੍ਹਾਂ ਨੇ ਮੋਹਨਜੀਤ ਸਿੰਘ ਨਾਮ ਦੇ ਇੱਕ ਨੌਜਵਾਨ ਨਾਲ ਵੀ ਗੱਲ ਕੀਤੀ, ਜਿਸਨੂੰ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਵਿਰੋਧ ਕਰਨ ਲਈ ਪ੍ਰੇਸ਼ਾਨ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਰਕਾਰ ਦਾ ਕੰਮ ਜਨਤਾ ਨੂੰ ਜਵਾਬ ਦੇਣਾ ਹੈ, ਸਵਾਲ ਪੁੱਛਣ ਵਾਲਿਆਂ ਨੂੰ ਦਬਾਉਣ ਦਾ ਨਹੀਂ। ਉਨ੍ਹਾਂ ਨੇ ਗੁਲਜ਼ਾਰ ਸਿੰਘ ਦੇ ਪਰਿਵਾਰ ਲਈ ਜਲਦੀ ਤੋਂ ਜਲਦੀ ਇਨਸਾਫ਼ ਦੇਣ, ਮੁੱਖ ਮੰਤਰੀ ਭਗਵੰਤ ਮਾਨ ਤੋਂ ਵਿੱਤ ਮੰਤਰੀ ਦੇ ਤੁਰੰਤ ਅਸਤੀਫ਼ੇ ਅਤੇ ਮਾਮਲੇ ਦੀ ਸੁਤੰਤਰ ਅਤੇ ਨਿਰਪੱਖ ਜਾਂਚ ਦੀ ਮੰਗ ਕੀਤੀ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਵਿੱਤ ਮੰਤਰੀ ਦਾ ਨਾਮ ਜਾਂਚ ਦੀ ਐਫਆਈਆਰ ਵਿੱਚ ਸ਼ਾਮਲ ਕੀਤਾ ਜਾਵੇ।

## ਜਾਤੀ ਜਨਗਣਨਾ ਪ੍ਰਕਿਰਿਆ ਅਸਫਲ ਹੋਣ 'ਤੇ ਜੈਰਾਮ ਰਮੇਸ਼ ਦਾ ਅਹਿਮ ਬਿਆਨ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 13 ਸਤੰਬਰ। ਕਾਂਗਰਸ ਪਾਰਟੀ ਨੇ ਦੋਸ਼ ਲਗਾਇਆ ਕਿ ਮੌਜੂਦਾ ਜਾਤੀ ਜਨਗਣਨਾ ਫਾਰਮੈਟ ਵਿੱਚ ਡਰਾਪ-ਡਾਊਨ ਸੂਚੀ ਦੀ ਬਜਾਏ 'ਓਪਨ-ਐਂਡੇਡ' ਪ੍ਰਸ਼ਨਾਂ ਰੱਖਣ ਦਾ ਸਰਕਾਰ ਦਾ ਫੈਸਲਾ ਇੱਕ ਬੇਹੱਦ ਗੰਭੀਰ ਨੁਕਸ ਹੈ। ਪਾਰਟੀ ਦੇ ਅਨੁਸਾਰ, ਅਜਿਹਾ ਜਾਪਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਾਹੁੰਦੇ ਹਨ ਕਿ ਪੂਰੀ ਜਾਤੀ ਜਨਗਣਨਾ ਪ੍ਰਕਿਰਿਆ ਅਸਫਲ ਹੋਵੇ। ਡ?ਰੌਪ-ਡਾਊਨ ਸੂਚੀ ਦਾ ਮਤਲਬ ਹੈ ਕਿ ਸਵਾਲ ਦਾ ਜਵਾਬ ਦੇਣ ਵਾਲੇ ਵਿਅਕਤੀ ਨੂੰ ਆਪਣੇ ਵਲੋਂ ਕੁਝ ਵੀ ਲਿਖਣ ਦੀ ਲੋੜ ਨਹੀਂ ਹੁੰਦੀ, ਸਗੋਂ ਪਹਿਲਾਂ ਤੋਂ ਦਿੱਤੇ ਗਏ ਵਿਕਲਪ ਵਿੱਚੋਂ ਚੋਣ ਕਰਨੀ ਪੈਂਦੀ ਹੈ, ਜਦੋਂ ਕਿ ਓਪਨ-ਐਂਡ ਫਾਰਮੈਟ ਲਈ ਵਿਅਕਤੀ ਨੂੰ ਆਪਣਾ ਜਵਾਬ ਲਿਖਣਾ ਪੈਂਦਾ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਪਿਛਲੇ ਚਾਰ ਦਿਨਾਂ ਵਿੱਚ ਦੇਸ਼ ਭਰ ਵਿੱਚ 17 ਪ੍ਰੈਸ



ਕਾਨਫਰੰਸਾਂ ਕੀਤੀਆਂ ਹਨ ਅਤੇ ਸਹੀ ਜਾਤੀ ਜਨਗਣਨਾ ਦੀ ਆਪਣੀ ਮੰਗ ਨੂੰ ਦੁਹਰਾਇਆ ਹੈ। ਸੋਸ਼ਲ ਮੀਡੀਆ ਪਲੇਟਫਾਰਮ ✓ 'ਤੇ ਇੱਕ ਪੋਸਟ ਵਿੱਚ, ਰਮੇਸ਼ ਨੇ ਕਿਹਾ, ਜਾਤੀ ਜਨਗਣਨਾ ਸਿਰਫ਼ ਜਾਤਾਂ ਦੀ ਗਿਣਤੀ ਕਰਨ ਬਾਰੇ ਨਹੀਂ, ਸਗੋਂ ਸਮਾਜਿਕ ਨਿਆਂ ਨੂੰ ਯਕੀਨੀ ਬਣਾਉਣ ਬਾਰੇ ਹੈ। ਸਹੀ ਕਿਸਮ ਦੇ ਸਵਾਲ, ਸਹੀ ਡੇਟਾ, ਨਿਰਪੱਖ ਹਿੱਸਾ ਅਤੇ ਸਮਾਜਿਕ ਨਿਆਂ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀਆਂ ਵਾਰ-ਵਾਰ ਮੰਗਾਂ ਦੇ ਬਾਵਜੂਦ ਮੋਦੀ ਸਰਕਾਰ ਨੇ ਮੌਜੂਦਾ ਜਾਤੀ ਜਨਗਣਨਾ ਫਾਰਮੈਟ ਵਿੱਚ ਡਰਾਪ-ਡਾਊਨ ਸੂਚੀ ਦੀ ਬਜਾਏ ਓਪਨ-ਐਂਡ ਪ੍ਰਸ਼ਨਾਂ ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ, ਜੋ ਕਿ ਇੱਕ ਬਹੁਤ ਗੰਭੀਰ ਨੁਕਸ ਹੈ। ਰਮੇਸ਼ ਨੇ ਕਿਹਾ, ਅਜਿਹਾ ਲੱਗਦਾ ਹੈ ਕਿ ਪ੍ਰਧਾਨ ਮੰਤਰੀ (ਨਰਿੰਦਰ) ਮੋਦੀ ਚਾਹੁੰਦੇ ਹਨ ਕਿ ਜਨਗਣਨਾ ਵਿੱਚ ਇੱਕੋ ਜਾਤੀ ਦੇ ਵੱਖ-ਵੱਖ ਨਾਵਾਂ, ਉਪ-ਜਾਤੀਆਂ ਅਤੇ ਸਪੈਲਿੰਗਾਂ ਨੂੰ ਦਰਜ ਹੋਵੇ ਤਾਂਕਿ ਜਾਤੀ ਜਨਗਣਨਾ ਪ੍ਰਕਿਰਿਆ ਅਸਫਲ ਹੋ ਜਾਵੇ। ਉਨ੍ਹਾਂ ਕਿਹਾ ਕਿ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸਾਂਝੇ ਤੌਰ 'ਤੇ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਇੱਕ ਪੱਤਰ ਲਿਖਿਆ ਸੀ। ਪੱਤਰ ਵਿੱਚ ਪਾਰਟੀ ਦੀ ਸਹੀ ਜਾਤੀ ਜਨਗਣਨਾ ਦੀ ਮੁੱਖ ਮੰਗ ਵੀ ਦੱਸੀ ਗਈ ਹੈ ਪਰ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ ਹੈ। ਰਮੇਸ਼ ਨੇ ਕਿਹਾ ਕਿ ਦੋਵਾਂ ਸੀਨੀਅਰ ਆਗੂਆਂ ਨੇ 20 ਅਗਸਤ ਨੂੰ ਲਿਖੇ ਇੱਕ ਪੱਤਰ ਵਿੱਚ ਮੌਜੂਦਾ ਜਾਤੀ ਜਨਗਣਨਾ ਪ੍ਰਕਿਰਿਆ 'ਤੇ ਗੰਭੀਰ ਇਤਰਾਜ਼ ਪ੍ਰਗਟ ਕੀਤੇ ਸਨ।

## ਸੂਰਤ ਦੀ ਕੱਪੜਾ ਮਾਰਕੀਟ 'ਚ ਲੱਗੀ ਅੱਗ, ਸੜ ਕੇ ਸੁਆਹ ਹੋਈਆਂ ਕਈ ਦੁਕਾਨਾਂ

ਸੂਰਤ 13 ਸਤੰਬਰ। ਗੁਜਰਾਤ ਦੇ ਸੂਰਤ ਵਿੱਚ ਇੱਕ ਬਹੁ-ਮੰਜ਼ਿਲਾ ਕੱਪੜਾ ਮਾਰਕੀਟ ਵਿੱਚ ਭਿਆਨਕ ਅੱਗ ਲੱਗ ਜਾਣ ਦੀ ਸੂਚਨਾ ਮਿਲੀ, ਜਿਸ ਨਾਲ 12 ਤੋਂ ਵੱਧ ਦੁਕਾਨਾਂ ਨੂੰ ਨੁਕਸਾਨ ਪਹੁੰਚਿਆ ਹੈ। ਇਸ ਘਟਨਾ ਦੌਰਾਨ ਇੱਕ ਫਾਇਰ ਫਾਈਟਰ ਜ਼ਖਮੀ ਹੋ ਗਿਆ। ਅਧਿਕਾਰੀਆਂ ਨੇ ਬੁੱਧਵਾਰ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸ਼ਿਆਮ ਸੰਗਿਨੀ ਕੱਪੜਾ ਮਾਰਕੀਟ ਵਿੱਚ ਅੱਧੀ ਰਾਤ ਦੇ ਕਰੀਬ ਅੱਗ ਲੱਗੀ ਅਤੇ ਛੇਵੀਂ ਮੰਜ਼ਿਲ 'ਤੇ ਸਥਿਤ ਦੁਕਾਨਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਮੁੱਖ ਫਾਇਰ ਅਫਸਰ ਬਸੰਤ ਪਾਰੀਕ ਨੇ ਕਿਹਾ ਕਿ ਅੱਗ 'ਤੇ ਕਾਬੂ ਪਾਉਣ ਲਈ 25 ਫਾਇਰ ਇੰਜਣ ਅਤੇ ਲਗਭਗ 150 ਫਾਇਰਫਾਈਟਰ ਅਤੇ ਅਧਿਕਾਰੀ ਤਾਇਨਾਤ ਕੀਤੇ ਗਏ। ਉਨ੍ਹਾਂ ਕਿਹਾ ਕਿ ਸੱਤ ਤੋਂ ਅੱਠ ਘੰਟਿਆਂ ਦੀ ਸਖ਼ਤ ਮਿਹਨਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਅੱਗ ਬੁਝਾਉਂਦੇ ਸਮੇਂ ਇੱਕ ਫਾਇਰ ਫਾਈਟਰ ਜ਼ਖਮੀ ਹੋ ਗਿਆ। ਉਸਦੀ ਹਾਲਤ ਵਿਗੜਨ 'ਤੇ ਉਸਨੂੰ ਹਸਪਤਾਲ ਲਿਜਾਇਆ ਗਿਆ। ਸਥਾਨਕ ਵਪਾਰੀਆਂ ਨੇ ਦੱਸਿਆ ਕਿ ਅੱਗ ਨੇ ਛੇਵੀਂ ਮੰਜ਼ਿਲ 'ਤੇ ਸਥਿਤ ਦੁਕਾਨਾਂ ਦੇ ਬਾਹਰ ਰੱਖੇ ਸਿੰਥੈਟਿਕ ਸਾਮਾਨ ਨੂੰ ਤਬਾਹ ਕਰ ਦਿੱਤਾ ਅਤੇ ਜਲਦੀ ਹੀ ਇਹ ਕਈ ਹੋਰ ਦੁਕਾਨਾਂ ਵਿੱਚ ਫੈਲ ਗਈ।

## 'ਕਰਨਾਟਕ 'ਚ ਵੰਦੇ ਮਾਤਰਮ ਦੇ ਦੋ ਅੰਤਰੇ ਹੀ ਗਾਏ ਜਾਣਗੇ'

ਕੌਮੀ ਪਤ੍ਰਿਕਾ

ਬੰਗਲੁਰੂ 13 ਸਤੰਬਰ। ਕਰਨਾਟਕ ਸਰਕਾਰ ਨੇ ਰਾਜ ਦੇ ਸਾਰੇ ਸਰਕਾਰੀ ਪ੍ਰੋਗਰਾਮਾਂ ਅਤੇ ਸਰਕਾਰੀ ਸਮਾਗਮਾਂ ਵਿੱਚ ਰਾਸ਼ਟਰੀ ਗੀਤ 'ਵੰਦੇ ਮਾਤਰਮ' ਗਾਉਣਾ ਲਾਜ਼ਮੀ ਕਰ ਦਿੱਤਾ ਹੈ, ਪਰ ਕਰਨਾਟਕ ਦੀ ਕਾਂਗਰਸ ਸਰਕਾਰ ਨੇ ਵੀ ਇੱਕ ਹੁਕਮ ਜਾਰੀ ਕਰਕੇ ਕਿਹਾ ਹੈ ਕਿ ਰਾਜ ਦੇ ਸਮਾਗਮਾਂ ਵਿੱਚ 'ਵੰਦੇ ਮਾਤਰਮ' ਦੇ ਸਿਰਫ਼ ਦੋ ਅੰਤਰੇ ਹੀ ਗਾਏ ਜਾਣੇ ਚਾਹੀਦੇ ਹਨ। ਹਾਲਾਂਕਿ, ਹੁਕਮ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਵੰਦੇ ਮਾਤਰਮ ਦੇ ਸਾਰੇ ਛੇ ਅੰਤਰੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰਾਜਪਾਲਾਂ ਦੀ ਮੌਜੂਦਗੀ ਵਿੱਚ ਅਤੇ ਉਨ੍ਹਾਂ ਪ੍ਰੋਗਰਾਮਾਂ ਵਿੱਚ ਗਾਏ ਜਾਣਗੇ ਜਿਨ੍ਹਾਂ ਵਿੱਚ ਕੇਂਦਰ ਸਰਕਾਰ ਦੀ ਨੁਮਾਇੰਦਗੀ ਕੀਤੀ ਜਾਵੇਗੀ। ਕਰਨਾਟਕ ਸਰਕਾਰ ਦਾ ਡੀਕੇ ਸ਼ਿਵਕੁਮਾਰ ਦਾ ਹੁਕਮ ਕੇਂਦਰ ਸਰਕਾਰ ਦੇ ਇੱਕ ਨਿਰਦੇਸ਼ ਦੇ ਵਿਚਕਾਰ ਆਇਆ ਹੈ ਜਿਸ ਵਿੱਚ ਵੰਦੇ ਮਾਤਰਮ ਦੇ ਸਾਰੇ ਛੇ ਅੰਤਰੇ ਗਾਉਣੇ ਲਾਜ਼ਮੀ ਹਨ। ਹੁਕਮ ਵਿੱਚ ਇਹ ਵੀ



ਕਿਹਾ ਗਿਆ ਹੈ ਕਿ ਇਸ ਗੀਤ ਨੇ ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ ਰਾਸ਼ਟਰਵਾਦ, ਏਕਤਾ ਅਤੇ ਦੇਸ਼ ਭਗਤੀ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਪਿਛਲੇ ਮਹੀਨੇ, ਕਾਂਗਰਸ ਵਰਕਿੰਗ ਕਮੇਟੀ ਨੇ ਆਪਣੇ 1937 ਦੇ ਮਤੇ ਦੀ ਪਾਲਣਾ ਕਰਨ ਦਾ ਫੈਸਲਾ ਕੀਤਾ ਸੀ ਕਿ ਪਾਰਟੀ ਸਮਾਗਮਾਂ ਵਿੱਚ ਸਿਰਫ਼ ਪਹਿਲੇ ਦੋ ਅੰਤਰੇ ਹੀ ਗਾਏ ਜਾਣਗੇ। ਇਹ ਫੈਸਲਾ 8 ਸਤੰਬਰ, 2026 ਦੇ ਇੱਕ ਸਰਕਾਰੀ ਹੁਕਮ ਅਨੁਸਾਰ ਕੇਂਦਰੀ ਗ੍ਰਹਿ ਮੰਤਰਾਲੇ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਲਿਆ ਗਿਆ ਸੀ। ਇਹ ਹੁਕਮ ਕਰਨਾਟਕ ਦੇ ਰਾਜਪਾਲ ਦੇ ਨਾਮ 'ਤੇ ਜਾਰੀ ਕੀਤਾ ਗਿਆ ਸੀ। ਕੰਨੜ ਭਾਸ਼ਾ ਵਿੱਚ ਜਾਰੀ ਕੀਤੇ ਗਏ ਹੁਕਮ ਵਿੱਚ ਲਿਖਿਆ ਹੈ, ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਅਧਿਕਾਰਤ ਸੰਸਕਰਣ ਅਤੇ ਵੱਖ-ਵੱਖ ਸਰਕਾਰੀ ਅਤੇ ਜਨਤਕ ਸਮਾਗਮਾਂ ਵਿੱਚ ਇਸ ਦੇ ਗਾਉਣ ਜਾਂ ਵਜਾਉਣ ਸੰਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਜਿਨ੍ਹਾਂ ਦੀ ਪਾਲਣਾ ਮੌਕੇ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ। ਰਾਜ ਸਰਕਾਰ ਨੇ ਰਾਜ ਵਿੱਚ ਆਯੋਜਿਤ ਵੱਖ-ਵੱਖ ਸਰਕਾਰੀ ਪ੍ਰੋਗਰਾਮਾਂ ਅਤੇ ਸਮਾਗਮਾਂ ਦੀ ਪ੍ਰਕਿਰਤੀ ਅਤੇ ਮੌਕੇ ਦੇ ਅਨੁਸਾਰ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਵਜਾਉਣ/ਗਾਉਣ ਵਿੱਚ ਇਕਸਾਰਤਾ, ਸਤਿਕਾਰ ਅਤੇ ਉਚਿਤ ਪ੍ਰੋਟੋਕੋਲ ਬਣਾਈ ਰੱਖਣਾ ਜ਼ਰੂਰੀ ਸਮਝਿਆ ਹੈ।

## ਪਾਕਿਸਤਾਨ ਵੱਲੋਂ ਸਰਹੱਦ ਪਾਰੋਂ ਤਸਕਰੀ ਰਾਹੀਂ ਆਉਣ ਵਾਲੇ ਨਸ਼ਿਆਂ ਵਿਰੁੱਧ ਸ.ਖ਼ਤ ਕਾਰਵਾਈ

ਕੌਮੀ ਪਤ੍ਰਿਕਾ

ਚੰਡੀਗੜ੍ਹ, 13 ਸਤੰਬਰ: ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿੱਚ ਪਾਕਿਸਤਾਨ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ ਰਾਹੀਂ ਹੋਣ ਵਾਲੀ ਨਸ਼ਿਆਂ ਦੀ ਤਸਕਰੀ ਵਿਰੁੱਧ ਕੀਤੀਆਂ ਗਈਆਂ ਸਖ਼ਤ ਕਾਰਵਾਈਆਂ ਸਦਕਾ ਨਸ਼ਾ ਤਸਕਰੀ ਦੇ ਤਰੀਕਿਆਂ ਵਿੱਚ ਬਦਲਾਅ ਆਇਆ ਹੈ ਅਤੇ ਹੁਣ ਫਾਰਮਾਸਿਊਟੀਕਲ ਡਰੱਗਜ਼ 'ਤੇ ਵਧੇਰੇ ਧਿਆਨ ਦਿੱਤਾ ਜਾ ਰਿਹਾ ਹੈ। ਪੰਜਾਬ ਵਿੱਚ ਨਸ਼ਾ-ਰੋਕੂ ਕਾਨੂੰਨਾਂ ਨੂੰ ਲਾਗੂ ਕਰਨ ਦੇ ਸਬੰਧ ਵਿੱਚ, ਹੁਣ ਹੈਰੋਇਨ ਦੀ ਲਤ ਦੀ ਥਾਂ ਹੁਣ ਫਾਰਮਾਸਿਊਟੀਕਲ ਡਰੱਗਜ਼ ਦੀ ਲਤ ਇੱਕ ਮੁੱਖ ਚੁਣੌਤੀ ਵਜੋਂ ਉੱਭਰ ਰਹੀ ਹੈ। ਪੰਜਾਬ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਸੀਮਾ ਸੁਰੱਖਿਆ ਬਲ (ਬੀਐਸਐਫ) ਅਤੇ ਪੰਜਾਬ ਪੁਲਿਸ ਵੱਲੋਂ ਪਾਕਿਸਤਾਨ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ 'ਤੇ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਮੁਕਾਬਲਾ ਕਰਨ ਲਈ ਅਪਣਾਈ ਗਈ ਬਹੁ-ਪੱਧਰੀ ਪ੍ਰਤੀਕਿਰਿਆ ਨਾਲ ਪੰਜਾਬ ਵਿੱਚ ਜ਼ਮੀਨੀ ਪੱਧਰ 'ਤੇ ਹੈਰੋਇਨ ਦੀ ਉਪਲਬਧਤਾ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ। ਪੰਜਾਬ ਪੁਲਿਸ ਵੱਲੋਂ 09 ਐਂਟੀ-ਡ?ਰੋਨ ਸਿਸਟਮ ਤਾਇਨਾਤ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚੋਂ 03 ਬਾਜ਼ ਅੱਖ ਸਿਸਟਮ 9 ਅਗਸਤ, 2025 ਤੋਂ ਅੰਮ੍ਰਿਤਸਰ, ਤਰਨ ਤਾਰਨ ਅਤੇ ਫਿਰੋਜ਼ਪੁਰ ਵਿੱਚ ਪਹਿਲਾਂ ਹੀ ਕਾਰਜਸ਼ੀਲ ਹਨ ਜੋ ਇਹਨਾਂ ਡਰੋਨਾਂ ਦਾ ਪਹਿਲਾਂ ਹੀ ਪਤਾ ਲਗਾ ਕੇ ਉਨ੍ਹਾਂ ਨੂੰ ਜਾਮ ਕਰ ਦਿੰਦੇ ਹਨ। ਲੰਬੇ ਸਮੇਂ ਤੱਕ ਚੱਲਣ ਵਾਲੇ ਮੋਬਾਈਲ ਡਰੋਨ ਡਿਟੈਕਸ਼ਨ ਪਲੇਟਫਾਰਮ 'ਡਰੋਨ ਸੈਂਸ ਡੀ200 ਪ੍ਰੋ' ਦੀਆਂ 03 ਯੂਨਿਟਾਂ, 03-09-2026 ਤੋਂ ਸਰਹੱਦੀ ਜ਼ਿਲ੍ਹਿਆਂ ਵਿੱਚ ਰਣਨੀਤਕ ਸਥਾਨਾਂ 'ਤੇ ਤਾਇਨਾਤ ਕੀਤੀਆਂ ਗਈਆਂ ਹਨ, ਜੋ ਤੁਰੰਤ ਪ੍ਰਤੀਕਿਰਿਆ ਨੂੰ ਯਕੀਨੀ ਬਣਾਉਂਦੀਆਂ ਹਨ। ਇਹ ਸਿਸਟਮ ਡਰੋਨ ਨਾਲ ਸਬੰਧਤ ਗਤੀਵਿਧੀਆਂ ਅਤੇ ਖੇਪ ਸੁੱਟਣ ਵਾਲੇ ਸਥਾਨਾਂ ਦਾ ਸਟੀਕ ਜਾਣਕਾਰੀ ਪ੍ਰਦਾਨ ਕਰਦਾ ਹੈ, ਜਿਸ ਨਾਲ ਸਮੇਂ ਸਿਰ ਕਾਰਵਾਈ ਸੰਭਵ ਹੋ ਜਾਂਦੀ ਹੈ। ਜ਼ਮੀਨੀ ਪੱਧਰ 'ਤੇ ਤੁਰੰਤ ਕਾਰਵਾਈ ਲਈ, 147 ਪੁਲਿਸ ਮੁਲਾਜ਼ਮਾਂ ਦੇ ਨਾਲ-ਨਾਲ 52 ਡਰੋਨ ਰਿਸਪਾਂਸ ਟੀਮਾਂ (ਡੀਆਰਟੀ) ਸੀਮਾ ਸੁਰੱਖਿਆ ਬਲ (ਬੀਐਸਐਫ) ਨਾਲ ਨੇੜਿਓਂ ਤਾਲਮੇਲ ਵਿੱਚ ਕੰਮ ਕਰਦੀਆਂ ਹਨ ਅਤੇ ਇਹ ਟੀਮਾਂ ਡਰੋਨ ਅਲਰਟ 'ਤੇ ਕਰਦੀਆਂ ਹਨ, ਖੇਪਾਂ ਸੁੱਟਣ ਵਾਲੇ ਸ਼ੱਕੀ ਸਥਾਨਾਂ ਤੱਕ ਪਹੁੰਚਦੀਆਂ ਹਨ, ਤਲਾਸ਼ੀ ਲੈਂਦੀਆਂ ਹਨ ਅਤੇ ਸੁੱਟੀਆਂ ਗਈਆਂ ਖੇਪਾਂ ਨੂੰ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਨੂੰ ਕਾਬੂ ਕਰਦੀਆਂ ਹਨ। Contd............page-3

## ਯੁਵਾ ਸ਼ਕਤੀ ਹਰਿਆਣਾ ਦੇ ਵਿਕਾਸ ਅਤੇ ਵਿਕਸਿਤ ਭਾਰਤ ਦੀ ਸਭ ਤੋਂ ਵੱਡੀ ਤਾਕਤ: ਮੁੱਖ ਮੰਤਰੀ ਸੈਣੀ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ, 13 ਸਤੰਬਰ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਦੀ ਯੁਵਾ ਸ਼ਕਤੀ ਪ੍ਰਦੇਸ਼ ਦੇ ਵਿਕਾਸ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਸਾਲ 2047 ਤੱਕ ਵਿਕਸਿਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰਨ ਦੀ ਸਭ ਤੋਂ ਵੱਡੀ ਤਾਕਤ ਹੈ। ਨੌਜਵਾਨਾਂ ਦੀ ਊਰਜਾ, ਪ੍ਰਤਿਭਾ ਅਤੇ ਸਮਰੱਥਾ ਨੂੰ ਸਹੀ ਦਿਸ਼ਾ ਦੇਣਾ ਸਰਕਾਰ ਦੀ ਤਰਜੀਹ ਹੈ। ਭਾਜਪਾ ਯੁਵਾ ਮੋਰਚਾ ਸਿਰਫ਼ ਸਿਆਸੀ ਸੰਗਠਨ ਨਹੀਂ, ਸਗੋਂ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ, ਸਮਾਜਿਕ ਸੇਵਾ ਅਤੇ ਸਕਾਰਾਤਮਕ ਗਤੀਵਿਧੀਆਂ ਨਾਲ ਜੋੜਨ ਦਾ ਮਹੱਤਵਪੂਰਨ ਮਾਧਿਅਮ ਹੈ। ਮੁੱਖ ਮੰਤਰੀ ਸੋਮਵਾਰ ਨੂੰ ਪੰਚਕੂਲਾ ਸਥਿਤ ਪੰਚਕਮਲ ਪ੍ਰਦੇਸ਼ ਭਾਜਪਾ ਦਫ਼ਤਰ ਵਿਖੇ ਭਾਜਪਾ ਯੁਵਾ ਮੋਰਚਾ ਦੇ ਨਵ-ਨਿਯੁਕਤ ਪ੍ਰਦੇਸ਼ ਪ੍ਰਧਾਨ ਸ੍ਰੀ ਅਕਸ਼ਿਤ ਦਹੀਆ ਦੇ ਅਹੁਦਾ ਸੰਭਾਲਣ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਸ੍ਰੀ ਅਕਸ਼ਿਤ ਦਹੀਆ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੰਦਿਆਂ ਵਿਸ਼ਵਾਸ ਪ੍ਰਗਟ ਕੀਤਾ ਕਿ ਉਨ੍ਹਾਂ ਦੀ ਅਗਵਾਈ ਹੇਠ ਯੁਵਾ ਮੋਰਚਾ ਪ੍ਰਦੇਸ਼ ਦੇ ਨੌਜਵਾਨਾਂ ਵਿੱਚ ਸੰਗਠਨ ਦੀ ਪਹੁੰਚ ਨੂੰ ਹੋਰ ਮਜ਼ਬੂਤ ਕਰੇਗਾ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਦਾ ਨੌਜਵਾਨ ਸਿਰਫ਼ ਭਵਿੱਖ ਦੀ ਉਮੀਦ ਨਹੀਂ, ਸਗੋਂ ਵਰਤਮਾਨ ਦੇ ਨਿਰਮਾਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਦੇ ਨੌਜਵਾਨਾਂ ਨੂੰ ਸਟਾਰਟਅੱਪ, ਹੁਨਰ ਵਿਕਾਸ, ਨਵੀਂ ਤਕਨੀਕ, ਉੱਦਮਤਾ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਮਿਲ ਰਹੇ ਹਨ। ਹਰਿਆਣਾ ਦੇ ਨੌਜਵਾਨ ਖੇਡਾਂ, ਸਿੱਖਿਆ, ਤਕਨੀਕ, ਉਦਯੋਗ, ਸਟਾਰਟਅੱਪ ਅਤੇ ਰੱਖਿਆ ਸਮੇਤ ਵੱਖ-ਵੱਖ ਖੇਤਰਾਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਦਾ ਲਗਾਤਾਰ ਯਤਨ ਹੈ ਕਿ ਨੌਜਵਾਨਾਂ ਨੂੰ ਰੁਜ਼ਗਾਰ, ਹੁਨਰ ਵਿਕਾਸ, ਮਿਆਰੀ ਸਿੱਖਿਆ, ਖੇਡ ਸਹੂਲਤਾਂ ਅਤੇ ਸਵੈ-ਰੁਜ਼ਗਾਰ ਲਈ ਬਿਹਤਰ ਵਾਤਾਵਰਣ ਮੁਹੱਈਆ ਕਰਵਾਇਆ ਜਾਵੇ। ਨੌਜਵਾਨਾਂ ਦੀ ਪ੍ਰਤਿਭਾ ਨੂੰ ਮੌਕਾ ਦੇਣਾ ਅਤੇ ਉਨ੍ਹਾਂ ਨੂੰ ਆਤਮਨਿਰਭਰ ਬਣਾਉਣਾ ਸਰਕਾਰ ਦੀਆਂ ਤਰਜੀਹਾਂ ਵਿੱਚ ਸ਼ਾਮਲ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਦੇ ਨੌਜਵਾਨਾਂ ਵਿੱਚ ਪ੍ਰਦੇਸ਼ ਨੂੰ ਵਿਕਾਸ ਦੇ ਨਵੇਂ ਸਿਖਰ 'ਤੇ ਲੈ ਜਾਣ ਦੀ ਅਪਾਰ ਸਮਰੱਥਾ ਹੈ। ਯੁਵਾ ਸ਼ਕਤੀ ਨੂੰ ਸੰਗਠਨ ਦੀ ਤਾਕਤ ਅਤੇ ਰਾਸ਼ਟਰ ਨਿਰਮਾਣ ਦੀ ਤਾਕਤ ਬਣਾ ਕੇ ਹੀ ਵਿਕਸਿਤ ਹਰਿਆਣਾ ਅਤੇ ਵਿਕਸਿਤ ਭਾਰਤ ਦੇ ਟੀਚੇ ਨੂੰ ਸਾਕਾਰ ਕੀਤਾ ਜਾ ਸਕਦਾ ਹੈ। ਮੁੱਖ ਮੰਤਰੀ ਨੇ ਯੁਵਾ ਮੋਰਚਾ ਦੇ ਵਰਕਰਾਂ ਨੂੰ ਸੱਦਾ ਦਿੱਤਾ ਕਿ ਉਹ ਹਰ ਬੂਥ ਤੱਕ ਪਹੁੰਚ ਕੇ ਨੌਜਵਾਨਾਂ ਨਾਲ ਸੰਵਾਦ ਕਰਨ ਅਤੇ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਦੀ ਸਕਾਰਾਤਮਕ ਸੋਚ ਨਾਲ ਜੋੜਨ। ਉਨ੍ਹਾਂ ਕਿਹਾ ਕਿ ਯੁਵਾ ਮੋਰਚਾ ਨੂੰ ਅਜਿਹੇ ਨੌਜਵਾਨਾਂ ਤੱਕ ਵੀ ਪਹੁੰਚਣਾ ਚਾਹੀਦਾ ਹੈ, ਜੋ ਅਜੇ ਰਾਜਨੀਤੀ ਤੋਂ ਦੂਰ ਹਨ। ਲੋਕਤੰਤਰ ਵਿੱਚ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਦੇਸ਼ ਅਤੇ ਸਮਾਜ ਨੂੰ ਨਵੀਂ ਦਿਸ਼ਾ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਕਿਹਾ ਕਿ ਯੁਵਾ ਵਰਕਰ ਸਮਾਜ ਦੇ ਆਖਰੀ ਵਿਅਕਤੀ ਤੱਕ




ਪਹੁੰਚਣ ਅਤੇ ਲੋੜਵੰਦ ਪਰਿਵਾਰਾਂ ਨੂੰ ਸਰਕਾਰ ਦੀਆਂ ਜਨ-ਕਲਿਆਣਕਾਰੀ ਯੋਜਨਾਵਾਂ ਦਾ ਲਾਭ ਦਿਵਾਉਣ ਵਿੱਚ ਸਹਿਯੋਗ ਕਰਨ। ਨਸ਼ੇ ਦੇ ਖ਼?ਲਾਫ਼ ਜਾਗਰੂਕਤਾ, ਵਾਤਾਵਰਣ ਸੁਰੱਖਿਆ, ਖੇਡਾਂ ਨੂੰ ਉਤਸ਼ਾਹਿਤ ਕਰਨਾ, ਡਿਜੀਟਲ ਮਾਧਿਅਮਾਂ 'ਤੇ ਸਕਾਰਾਤਮਕ ਸੰਵਾਦ ਅਤੇ ਸਮਾਜਿਕ ਸੇਵਾ ਵਰਗੇ ਵਿਸ਼ਿਆਂ ਨੂੰ ਯੁਵਾ ਮੋਰਚਾ ਆਪਣੇ ਅਭਿਆਨਾਂ ਦਾ ਹਿੱਸਾ ਬਣਾਏ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਦਾ ਵਰਕਰ ਸਿਰਫ਼ ਚੋਣਾਂ ਦੇ ਸਮੇਂ ਹੀ ਨਹੀਂ, ਸਗੋਂ ਹਰ ਹਾਲਾਤ ਵਿੱਚ ਸਮਾਜ ਦੇ ਨਾਲ ਖੜ੍ਹਾ ਰਹਿੰਦਾ ਹੈ। ਸੇਵਾ ਅਤੇ ਸੰਗਠਨ ਭਾਜਪਾ ਦੀ ਕਾਰਜ ਸੱਭਿਆਚਾਰ ਦੀ ਪਛਾਣ ਹਨ। ਯੁਵਾ ਮੋਰਚਾ ਦੇ ਵਰਕਰਾਂ ਨੂੰ ਆਪਣੀ ਪਛਾਣ ਸਿਰਫ਼ ਰਾਜਨੀਤਿਕ ਗਤੀਵਿਧੀਆਂ ਤੋਂ ਨਹੀਂ, ਸਗੋਂ ਸੇਵਾ ਅਤੇ ਸਮਾਜਿਕ ਸਰੋਕਾਰਾਂ ਦੇ ਮਾਧਿਅਮ ਨਾਲ ਵੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਨਵ-ਨਿਯੁਕਤ ਪ੍ਰਦੇਸ਼ ਪ੍ਰਧਾਨ ਸ੍ਰੀ ਅਕਸ਼ਿਤ ਦਹੀਆ ਨੂੰ ਕਿਹਾ ਕਿ ਉਹ ਸੀਨੀਅਰ ਵਰਕਰਾਂ ਦੇ ਤਜ਼ਰਬੇ ਅਤੇ ਮਾਰਗਦਰਸ਼ਨ ਦਾ ਲਾਭ ਲੈਂਦਿਆਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਸੰਗਠਨ ਨਾਲ ਜੋੜਨ ਅਤੇ ਹਰ ਵਰਕਰ ਨੂੰ ਨਾਲ ਲੈ ਕੇ ਅੱਗੇ ਵਧਣ। ਉਨ੍ਹਾਂ ਕਿਹਾ ਕਿ ਸੰਗਠਨ ਅਤੇ ਸਰਕਾਰ ਨੌਜਵਾਨਾਂ ਦੇ ਸਸ਼ਕਤੀਕਰਨ ਨਾਲ ਜੁੜੇ ਹਰ ਸਕਾਰਾਤਮਕ ਯਤਨ ਵਿੱਚ ਪੂਰੀ ਮਜ਼ਬੂਤੀ ਨਾਲ ਸਹਿਯੋਗ ਕਰਨਗੇ। ਉਨ੍ਹਾਂ ਕਿਹਾ ਕਿ ਭਾਜਪਾ ਵਿੱਚ ਕੋਈ ਵੀ ਅਹੁਦਾ ਸਿਰਫ਼ ਸਨਮਾਨ ਨਹੀਂ, ਸਗੋਂ ਜ਼ਿੰਮੇਵਾਰੀ ਦਾ ਪ੍ਰਤੀਕ ਹੈ। ਪਾਰਟੀ ਦੀ ਕਾਰਜਸੱਭਿਆਚਾਰ ਵਿੱਚ ਅਹੁਦੇ ਦਾ ਅਰਥ ਹੈ— ਵੱਧ ਸੇਵਾ, ਵੱਧ ਮਿਹਨਤ ਅਤੇ ਵੱਧ ਜ਼ਿੰਮੇਵਾਰੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਇਹੀ ਵਿਸ਼ੇਸ਼ਤਾ ਹੈ ਕਿ ਸਾਧਾਰਨ ਪਰਿਵਾਰ ਤੋਂ ਆਉਣ ਵਾਲਾ ਮਿਹਨਤੀ ਵਰਕਰ ਵੀ ਆਪਣੀ ਸਮਰੱਥਾ, ਮਿਹਨਤ ਅਤੇ ਸਮਰਪਣ ਦੇ ਬਲ 'ਤੇ ਸੰਗਠਨ ਵਿੱਚ ਮਹੱਤਵਪੂਰਨ ਜ਼ਿੰਮੇਵਾਰੀ ਤੱਕ ਪਹੁੰਚ ਸਕਦਾ ਹੈ। ਇਸ ਮੌਕੇ ਭਾਜਪਾ ਪ੍ਰਦੇਸ਼ ਪ੍ਰਧਾਨ ਡਾ. ਅਰਚਨਾ ਗੁਪਤਾ, ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ, ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਸਮੇਤ ਸੀਨੀਅਰ ਅਧਿਕਾਰੀ, ਯੁਵਾ ਮੋਰਚਾ ਦੇ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

# ਲਾਅ ਗੇਟ ਨੇੜੇ ਅੱਧੀ ਰਾਤ ਨੂੰ ਖ਼ੂਨੀ ਹੰਗਾਮਾ: ਤਲਵਾਰਾਂ ਤੇ ਬੋਤਲਾਂ ਨਾਲ ਸੁਰੱਖਿਆ ਗਾਰਡਾਂ 'ਤੇ ਹਮਲਾ, 2 ਜ਼ਖਮੀ

**ਕੌਮੀ ਪਤ੍ਰਿਕਾ**

ਫਗਵਾੜਾ 13 ਸਤੰਬਰ। ਪਿੰਡ ਚਹੇੜੂ ਦੇ ਨੇੜੇ ਬਦਨਾਮ ਲਾਅ ਗੇਟ ਖੇਤਰ 'ਚ ਸਥਿਤ ਇੱਕ ਪ੍ਰਾਈਵੇਟ ਕੰਪਨੀ ਦੇ ਸੁਰੱਖਿਆ ਗਾਰਡਾਂ ਅਤੇ ਕੁੱਝ ਲੋਕਾਂ ਵਿਚਕਾਰ ਬੀਤੀ ਰਾਤ ਭਾਰੀ ਹੰਗਾਮਾ ਹੋਣ ਦੀ ਸੂਚਨਾ ਮਿਲੀ ਹੈ। ਇਸ ਦੌਰਾਨ ਇਲਾਕੇ ਵਿਚ ਦੋਵਾਂ ਧਿਰਾਂ ਵਿਚਾਲੇ ਅਚਾਨਕ ਹੋਈ ਹਿੰਸਕ ਝੜਪ ਨਾਲ ਖੇਤਰ ਵਿਚ ਭਾਰੀ ਤਣਾਅ ਫੈਲ ਗਿਆ ਦੱਸਿਆ ਜਾ ਰਿਹਾ ਹੈ। ਘਟਨਾ ਦੌਰਾਨ ਹਮਲਾਵਰਾਂ ਵੱਲੋਂ ਇੱਟਾਂ-ਪੱਥਰ ਅਤੇ ਕੱਚ ਦੀਆਂ ਬੋਤਲਾਂ ਸੁੱਟਣ ਦੇ ਨਾਲ-ਨਾਲ ਕਥਿਤ ਤੌਰ 'ਤੇ 3 ਹਵਾਈ ਫਾਇਰ ਕਰਨ ਦੇ ਵੀ ਦੋਸ਼ ਲਗਾਏ ਜਾ ਰਹੇ ਹਨ? ਹਾਲਾਂਕਿ ਫਾਇਰਿੰਗ ਹੋਈ ਹੈ ਜਾਂ ਨਹੀਂ, ਇਸ ਨੂੰ ਲੈ ਕੇ ਫਗਵਾੜਾ ਪੁਲਸ ਵੱਲੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਇਸ ਪੂਰੀ ਵਾਰਦਾਤ ਵਿੱਚ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲ ਰਹੇ ਪ੍ਰਾਈਵੇਟ ਕੰਪਨੀ ਦੇ ਦੋ ਸੁਰੱਖਿਆ ਗਾਰਡ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਇਲਾਜ ਲਈ ਤੁਰੰਤ ਫਗਵਾੜਾ ਦੇ ਸਿਵਲ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਸ ਟੀਮ ਮੌਕੇ 'ਤੇ ਅਤੇ ਸਿਵਲ ਹਸਪਤਾਲ ਪਹੁੰਚੀ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਲਾਅ ਗੇਟ ਦੇ ਨੇੜੇ ਤਾਇਨਾਤ ਪ੍ਰਾਈਵੇਟ ਸੁਰੱਖਿਆ ਗਾਰਡਾਂ ਅਤੇ ਇਕ ਕਾਰ ਚਾਲਕ ਵਿਚਕਾਰ ਵਿਵਾਦ ਦੀ ਸ਼ੁਰੂਆਤ ਤੇਜ਼ ਰਫ਼ਤਾਰ ਵਾਹਨ ਨੂੰ ਰੋਕਣ ਤੋਂ ਹੋਈ। ਡਿਊਟੀ 'ਤੇ ਤਾਇਨਾਤ ਇਕ ਮਹਿਲਾ ਸੁਰੱਖਿਆ ਗਾਰਡ ਨੇ ਦੱਸਿਆ ਕਿ ਉਹ ਆਪਣੇ ਕੰਮ




ਵਾਲੀ ਥਾਂ ਦੇ ਨੇੜੇ ਮੌਜੂਦ ਸੀ ਕਿ ਉਦੋਂ ਹੀ ਬਹੁਤ ਤੇਜ਼ ਰਫ਼ਤਾਰ ਵਿਚ ਆ ਰਹੀ ਇਕ ਕਾਰ ਨੇ ਉਸ ਨੂੰ ਟੱਕਰ ਮਾਰਨ ਦੀ ਕੋਸ਼ਿਸ਼ ਕੀਤੀ। ਜਦੋਂ ਮਹਿਲਾ ਗਾਰਡ ਨੇ ਗੱਡੀ ਰੁਕਵਾ ਕੇ ਚਾਲਕ ਤੋਂ ਇੰਨੀ ਤੇਜ਼ੀ ਨਾਲ ਵਾਹਨ ਚਲਾਉਣ ਦਾ ਕਾਰਨ ਪੁੱਛਿਆ ਤਾਂ ਦੋਸ਼ੀ ਚਾਲਕ ਨੇ ਉਸ ਨਾਲ ਗਾਲੀ-ਗਲੋਚ ਅਤੇ ਬਦਸਲੂਕੀ ਕਰਨੀ ਸ਼ੁਰੂ ਕਰ ਦਿੱਤੀ। ਵਿਵਾਦ ਤੋਂ ਬਾਅਦ ਦੋਸ਼ੀ ਚਾਲਕ ਮੌਕੇ ਤੋਂ ਚਲਾ ਗਿਆ ਪਰ ਕੁੱਝ ਹੀ ਦੇਰ ਵਿਚ ਉਹ ਆਪਣੇ ਨਾਲ ਲਗਭਗ 30 ਤੋਂ 40 ਹਥਿਆਰਬੰਦ ਅਤੇ ਹਮਲਾਵਰ ਨੌਜਵਾਨਾਂ ਦਾ ਸਮੂਹ ਲੈ ਕੇ ਵਾਪਸ ਆ ਗਿਆ। ਪ੍ਰਤੱਖਦਰਸ਼ੀਆਂ ਅਤੇ ਪੀੜਤ ਪ੍ਰਾਈਵੇਟ ਕੰਪਨੀ ਦੇ ਸੁਰੱਖਿਆ ਗਾਰਡਾਂ ਅਨੁਸਾਰ ਹਮਲਾਵਰਾਂ ਨੇ ਆਉਂਦੇ ਹੀ ਉੱਥੇ ਮੌਜੂਦ ਉਨ੍ਹਾਂ 'ਤੇ ਇੱਟਾਂ-ਪੱਥਰਾਂ ਨਾਲ ਹਮਲਾ ਕਰ ਦਿੱਤਾ ਅਤੇ ਬੀਅਰ ਦੀਆਂ ਬੋਤਲਾਂ ਸੁੱਟਣੀਆਂ ਸ਼ੁਰੂ ਕਰ ਦਿੱਤੀਆਂ। ਪੀੜਤ ਮਹਿਲਾ ਗਾਰਡ ਨੇ ਦੋਸ਼ ਲਗਾਇਆ ਕਿ ਹਮਲਾਵਰਾਂ ਨੇ ਦਹਿਸ਼ਤ ਫੈਲਾਉਣ ਦੇ ਇਰਾਦੇ ਨਾਲ ਉੱਥੇ ਘੱਟੋ-ਘੱਟ ਤਿੰਨ ਰਾਊਂਡ ਗੋਲੀਆਂ ਵੀ ਚਲਾਈਆਂ, ਜਿਸ ਨਾਲ ਪੂਰੇ ਇਲਾਕੇ ਵਿਚ ਹੜਕੰਪ ਮਚ ਗਿਆ। ਹਮਲਾਵਰ ਤਲਵਾਰਾਂ ਅਤੇ ਹੋਰ ਧਾਰਦਾਰ ਹਥਿਆਰਾਂ ਨਾਲ ਲੈਸ ਹੋ ਕੇ ਆਏ ਸਨ ਅਤੇ ਉਨ੍ਹਾਂ ਨੇ ਪ੍ਰਾਈਵੇਟ ਸੁਰੱਖਿਆ ਗਾਰਡਾਂ ਨੂੰ ਨਿਸ਼ਾਨਾ ਬਣਾ ਕੇ ਹਿੰਸਕ ਕਾਰਵਾਈ ਕੀਤੀ। ਸੁਰੱਖਿਆ ਕਰਮਚਾਰੀਆਂ ਨੇ ਜਦੋਂ ਆਪਣਾ ਬਚਾਅ ਕਰਨ ਲਈ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਹਮਲਾਵਰਾਂ ਨੇ ਆਪਣੇ ਵਾਹਨ ਨਾਲ ਭੱਜ ਰਹੇ ਇਕ ਸੁਰੱਖਿਆ ਗਾਰਡ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਇਸ ਘਟਨਾ ਵਿਚ ਜ਼ਖਮੀ ਹੋਏ ਵਿਸ਼ਾਲ ਨਾਮਕ ਸੁਰੱਖਿਆ ਗਾਰਡ ਨੇ ਦੱਸਿਆ ਕਿ ਜਦੋਂ ਭੀੜ ਨੇ ਉਨ੍ਹਾਂ 'ਤੇ ਹਮਲਾ ਕੀਤਾ ਤਾਂ ਉਹ ਜਾਨ ਬਚਾਉਣ ਲਈ ਭੱਜ ਰਹੇ ਸਨ। ਉਸੇ ਦੌਰਾਨ ਪਿੱਛੋਂ ਆਈ ਇਕ ਤੇਜ਼ ਰਫ਼ਤਾਰ ਗੱਡੀ ਨੇ ਉਸ ਨੂੰ ਸਿੱਧੀ ਟੱਕਰ ਮਾਰ ਦਿੱਤੀ ਅਤੇ ਵਾਹਨ ਦਾ ਪਹੀਆ ਉਸ ਦੀ ਲੱਤ 'ਤੇ ਚੜ੍ਹ ਗਿਆ। ਟੱਕਰ ਇੰਨੀ ਜ਼ੋਰਦਾਰ ਸੀ ਕਿ ਉਹ ਉੱਥੇ ਹੀ ਸੜਕ 'ਤੇ ਡਿੱਗ ਪਿਆ ਅਤੇ ਉਸ ਦੇ ਸਿਰ ਅਤੇ ਸਰੀਰ ਦੇ ਹੋਰ ਹਿੱਸਿਆਂ 'ਤੇ ਗੰਭੀਰ ਸੱਟਾਂ ਆਈਆਂ। ਘਟਨਾ ਤੋਂ ਤੁਰੰਤ ਬਾਅਦ ਸਥਾਨਕ ਲੋਕਾਂ ਅਤੇ ਸਾਥੀਆਂ ਦੀ ਮਦਦ ਨਾਲ ਜ਼ਖਮੀ ਸੁਰੱਖਿਆ ਗਾਰਡਾਂ ਨੂੰ ਤੁਰੰਤ ਸਿਵਲ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਸਰਕਾਰੀ ਡਾਕਟਰਾਂ ਵੱਲੋਂ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਡਾਕਟਰਾਂ ਅਨੁਸਾਰ ਜ਼ਖਮੀ ਗਾਰਡ ਦੇ ਪੈਰ ''ਤੇ ਗੰਭੀਰ ਸੱਟਾਂ ਆਈਆਂ ਹਨ। ਉੱਧਰ ਅੱਧੀ ਰਾਤ ਨੂੰ ਸਿਵਲ ਹਸਪਤਾਲ ਵਿਚ ਜ਼ਖਮੀਆਂ ਦੇ ਪਹੁੰਚਣ ਅਤੇ ਸਮਰਥਕਾਂ ਦੇ ਇਕੱਠੇ ਹੋਣ ਦੀ ਸੂਚਨਾ ਮਿਲਦਿਆਂ ਹੀ ਪੁਲਸ ਪ੍ਰਸ਼ਾਸਨ ਹਰਕਤ ਵਿਚ ਆਇਆ। ਪੁਲਸ ਅਧਿਕਾਰੀ ਹਸਪਤਾਲ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਜਾਂਚ ਅਧਿਕਾਰੀ ਨੇ ਦੱਸਿਆ ਕਿ ਹਸਪਤਾਲ ਵਿੱਚ ਵਿਸ਼ਾਲ ਨਾਮ ਦਾ ਇੱਕ ਨੌਜਵਾਨ ਭਰਤੀ ਮਿਲਿਆ ਹੈ, ਜਿਸ ਦੀ ਲੱਤ 'ਤੇ ਗੰਭੀਰ ਸੱਟ ਆਈ ਹੈ ਅਤੇ ਉਸ ਦਾ ਮੈਡੀਕਲ ਕਰਵਾਇਆ ਜਾ ਰਿਹਾ ਹੈ। ਪੁਲਸ ਅਧਿਕਾਰੀਆਂ ਨੇ ਕਿਹਾ ਕਿ ਫਾਇਰਿੰਗ ਦੀ ਗੱਲ ਦੇ ਸਬੰਧ ਵਿਚ ਅਜੇ ਤੱਥਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਪੀੜਤਾਂ ਤੇ ਚਸ਼ਮਦੀਦਾਂ ਦੇ ਬਿਆਨ ਕਲਮਬੱਧ ਕੀਤੇ ਜਾ ਰਹੇ ਹਨ। ਪੁਲਸ ਨੇ ਭਰੋਸਾ ਦਿੱਤਾ ਹੈ ਕਿ ਆਲੇ-ਦੁਆਲੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁੱਟੇਜ ਖੰਗਾਲੀ ਜਾ ਰਹੀ ਹੈ ਅਤੇ ਕਾਨੂੰਨ ਹੱਥ ਵਿਚ ਲੈਣ ਵਾਲੇ ਦੋਸ਼ੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਪੀੜਤਾਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਹਮਲਾਵਰਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਜੇਲ ਭੇਜਿਆ ਜਾਵੇ।

# ਅੰਮ੍ਰਿਤਸਰ 'ਚ 5 ਕਿਲੋ ਤੋਂ ਵੱਧ ਹੈਰੋਇਨ ਸਮੇਤ 5 ਤਸਕਰ ਕਾਬੂ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 13 ਸਤੰਬਰ। ਨਸ਼ੀਲੇ ਪਦਾਰਥਾਂ ਖਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਅੰਮ੍ਰਿਤਸਰ ਪੁਲਸ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਪੁਲਸ ਨੇ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਕੁੱਲ 5 ਕਿਲੋ 569 ਗ੍ਰਾਮ ਹੈਰੋਇਨ ਜ਼ਬਤ ਕਰਕੇ 5 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸਾਰੇ ਮੁਲਜ਼ਮਾਂ ਖਿਲਾਫ਼ ਐਕਟ ਤਹਿਤ ਕੇਸ ਦਰਜ ਕਰ ਲਏ ਗਏ ਹਨ। ਪਹਿਲੀ ਕਾਰਵਾਈ ਲੋਪੋਕੇ ਪੁਲਸ ਸਟੇਸ਼ਨ ਵੱਲੋਂ ਪਿੰਡ ਵਣੀਕੇ ਵਿੱਚ ਕੀਤੀ ਗਈ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਸੰਦੀਪ ਸਿੰਘ ਅਤੇ ਸੋਰਾਫੇ ਸਿੰਘ ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸਪਲਾਈ ਕਰ ਰਹੇ ਹਨ। ਸੂਚਨਾ ਦੇ ਆਧਾਰ 'ਤੇ ਪੁਲਿਸ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 4 ਕਿਲੋ ਹੈਰੋਇਨ ਬਰਾਮਦ ਕੀਤੀ। ਪੁਲਸ ਹੁਣ ਹੈਰੋਇਨ ਸਪਲਾਈ ਚੇਨ ਅਤੇ ਇਸ ਵਿੱਚ ਸ਼ਾਮਲ ਹੋਰ ਵਿਅਕਤੀਆਂ ਦਾ ਪਤਾ ਸਟੇਸ਼ਨ ਵੱਲੋਂ ਪਿੰਡ ਵਣੀਕੇ ਵਿੱਚ ਕੀਤੀ ਗਈ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਸੰਦੀਪ ਸਿੰਘ ਅਤੇ ਸੋਰਾਫੇ ਸਿੰਘ ਪਾਕਿਸਤਾਨ ਤੋਂ ਹੈਰੋਇਨ ਮੰਗਵਾ ਕੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵਿਅਕਤੀ ਨੂੰ ਪਹੁੰਚਾਉਣ ਦੀ ਫਿਰਾਕ 'ਚ ਸੀ। ਤਲਾਸ਼ੀ ਦੌਰਾਨ ਉਸ ਕੋਲੋਂ 1 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਤੋਂ ਇਲਾਵਾ



ਸਪਲਾਈਲਗਾਉਣ ਲਈ ਮੁਲਜ਼ਮਾਂ ਤੋਂ ਪੁੱਛਗਿੱਛ ਕਰ ਰਹੀ ਹੈ। ਇਸ ਤਰ੍ਹਾਂ ਦੂਜੀ ਕਾਰਵਾਈ ਘਰਿੰਡਾ ਥਾਣਾ ਖੇਤਰ 'ਚ ਕੀਤੀ ਗਈ। ਪੁਲਸ ਨੇ ਬਚੀਵਿੰਡ ਦੇ ਰਹਿਣ ਵਾਲੇ ਅਰਜੁਨ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਪੁਲਸ ਅਨੁਸਾਰ ਅਰਜੁਨ ਸਿੰਘ ਹੈਰੋਇਨ ਦੀ ਖੇਪ ਕਿਸੇ ਅਣਪਛਾਤੇ ਤੀਸਰੀ ਕਾਰਵਾਈ 'ਚ ਵੀ ਘਰਿੰਡਾ ਪੁਲਸ ਨੇ ਵੰਸ਼ਦੀਪ ਸਿੰਘ ਅਤੇ ਕਰਨਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਦੋਵੇਂ ਡਿਫੈਂਸ ਨਹਿਰ ਕੋਲੋਂ ਪੈਦਲ ਸਪਲਾਈ ਦੇਣ ਜਾ ਰਹੇ ਸਨ। ਪੁਲਸ ਨੇ ਤਲਾਸ਼ੀ ਲੈ ਕੇ ਉਨ੍ਹਾਂ ਕੋਲੋਂ 569 ਗ੍ਰਾਮ ਹੈਰੋਇਨ ਅਤੇ ਪੈਕਿੰਗ ਸਮੱਗਰੀ ਬਰਾਮਦ ਕੀਤੀ।

# ਮੁੰਬਈ 'ਚ ਗਣੇਸ਼ ਸ਼ੋਭਾ ਯਾਤਰਾ 'ਤੇ ਨੌਜਵਾਨ ਨੇ ਸੁੱਟੇ ਆਂਡੇ, ਪੁਲਸ ਨੇ ਕੀਤਾ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 13 ਸਤੰਬਰ। ਦੱਖਣੀ ਮੁੰਬਈ ਦੇ ਮਜਗਾਂਵ 'ਚ ਗਣੇਸ਼ ਸ਼ੋਭਾ ਯਾਤਰਾ 'ਤੇ ਆਂਡੇ




ਸੁੱਟਣ ਦੇ ਦੋਸ਼ 'ਚ ਇੱਕ 22 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਐਲਾਨ ਕੀਤਾ। ਅਧਿਕਾਰੀ ਨੇ ਕਿਹਾ ਕਿ ਮੁਲਜ਼ਮ ਯਾਤਰਾ ਦੌਰਾਨ ਇੱਕ ਰਿਹਾਇਸ਼ੀ ਸੁਸਾਇਟੀ ਦੇ ਬਾਹਰ ਪਟਾਕੇ ਚਲਾਉਣ ਤੋਂ ਗੁੱਸੇ ਵਿੱਚ ਸੀ। ਪਟਾਕਿਆਂ ਦੇ ਧੂੰਏਂ ਕਾਰਨ ਉਸ ਦੀਆਂ ਅੱਖਾਂ 'ਚ ਜਲਣ ਹੋ ਗਈ ਅਤੇ ਉਹ ਠੀਕ ਤਰ੍ਹਾਂ ਤੁਰਨ ਤੋਂ ਅਸਮਰੱਥ ਸੀ। ਪੁਲਸ ਡਿਪਟੀ ਕਮਿਸ਼ਨਰ ਜਯੰਤ ਮੀਨਾ ਦੇ ਅਨੁਸਾਰ ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਦਾਨਿਸ਼ ਸ਼ੇਰ ਖਾਨ ਵਜੋਂ ਹੋਈ ਹੈ, ਜੋ ਆਨਲਾਈਨ ਆਰਡਰ ਦੇ ਆਧਾਰ 'ਤੇ ਘਰਾਂ 'ਚ ਅੰਡੇ ਪਹੁੰਚਾਉਂਦਾ ਹੈ। ਉਨ੍ਹਾਂ ਕਿਹਾ ਕਿ ਦਾਨਿਸ਼ ਐਤਵਾਰ ਰਾਤ ਨੂੰ ਮਜਗਾਂਵ ਦੇ ਕਾਂਟੀਨੈਂਟਲ ਹਾਈਟਸ ਅਪਾਰਟਮੈਂਟਸ 'ਚ ਅੰਡੇ ਪਹੁੰਚਾਉਣ ਗਿਆ ਸੀ। ਉਨ੍ਹਾਂ ਕਿਹਾ ਕਿ ਪਟਾਕਿਆਂ ਦੇ ਧੂੰਏਂ ਕਾਰਨ ਉਸ ਦੀਆਂ ਅੱਖਾਂ 'ਚ ਜਲਣ ਹੋਈ ਅਤੇ ਗੁੱਸੇ ਵਿੱਚ ਆ ਕੇ ਕਥਿਤ ਤੌਰ 'ਤੇ ਮਜਗਾਂਵਚਾ ਮੋਰਿਆ ਗਣੇਸ਼ਉਤਸਵ ਮੰਡਲ ਦੀ ਯਾਤਰਾ 'ਤੇ ਆਂਡੇ ਸੁੱਟ ਦਿੱਤੇ। ਮੀਨਾ ਦੇ ਅਨੁਸਾਰ ਇਸ ਘਟਨਾ ਦੇ ਸਬੰਧ ਵਿੱਚ ਸੋਮਵਾਰ ਨੂੰ ਬਾਈਕੁਲਾ ਪੁਲਸ ਸਟੇਸ਼ਨ 'ਚ ਇੱਕ ਅਣਪਛਾਤੇ ਵਿਅਕਤੀ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਕਥਿਤ ਤੌਰ 'ਤੇ ਕਾਂਟੀਨੈਂਟਲ ਹਾਈਟਸ ਅਪਾਰਟਮੈਂਟਸ ਦੀ ਇੱਕ ਉਪਰਲੀ ਮੰਜ਼ਿਲ ਤੋਂ ਆਂਡੇ ਸੁੱਟੇ ਗਏ ਸਨ, ਜਿਸ ਨਾਲ ਇਲਾਕੇ ਵਿੱਚ ਤਣਾਅ ਪੈਦਾ ਹੋ ਗਿਆ ਅਤੇ ਇਮਾਰਤ ਦੇ ਬਾਹਰ ਥੋੜ੍ਹੀ ਜਿਹੀ ਭੀੜ ਇਕੱਠੀ ਹੋ ਗਈ। ਹਾਲਾਂਕਿ, ਮੀਨਾ ਨੇ ਕਿਹਾ ਕਿ ਪੁਲਸ ਨੇ ਦਖਲ ਦਿੱਤਾ ਅਤੇ ਸਥਿਤੀ ਨੂੰ ਕਾਬੂ ਕਰਨ ਲਈ ਵਾਧੂ ਪੁਲਸ ਬਲ ਤਾਇਨਾਤ ਕੀਤੇ। ਉਨ੍ਹਾਂ ਕਿਹਾ ਕਿ ਮੁਲਜ਼ਮ ਦਾ ਪਤਾ ਲਗਾਉਣ ਲਈ ਪੰਜ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਸਨ, ਜਿਨ੍ਹਾਂ ਨੇ ਤਕਨੀਕੀ ਸਬੂਤਾਂ ਦੀ ਮਦਦ ਨਾਲ ਦਾਨਿਸ਼ ਦੀ ਪਛਾਣ ਕੀਤੀ ਅਤੇ ਉਸਨੂੰ ਗ੍ਰਿਫਤਾਰ ਕਰ ਲਿਆ। ਮੀਨਾ ਨੇ ਕਿਹਾ ਕਿ ਦਾਨਿਸ਼ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਾਂਚ ਜਾਰੀ ਹੈ।

# ਜੁਗਿਆਲ ਦੇ ਸਰਕਾਰੀ ਜੰਗਲ 'ਚੋਂ ਖ਼ੈਰ ਦੇ 15 ਬੇਸ਼ਕੀਮਤੀ ਦਰਖ਼ਤ ਚੋਰੀ, ਜੰਗਲਾਤ ਵਿਭਾਗ 'ਤੇ ਉੱਠੇ ਸਵਾਲ

ਹਾਜੀਪੁਰ 13 ਸਤੰਬਰ। ਦੇਸ਼ ਭਰ ਵਿੱਚ ਹਰ ਸਾਲ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਵਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਵਿਸ਼ਵ ਵਾਤਾਵਰਨ ਦਿਵਸ ਮਨਾਇਆ



ਜਾਂਦਾ ਹੈ, ਜਿਸ ਦੌਰਾਨ ਲੋਕਾਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਪ੍ਰੰਤੂ ਇਨ੍ਹਾਂ ਸਾਰੇ ਉਪਰਾਲਿਆਂ ਦੇ ਬਾਵਜੂਦ ਵੀ ਲੱਕੜ ਤਸਕਰ ਸਰਕਾਰੀ ਜੰਗਲਾਂ 'ਚੋਂ ਚੋਰੀ ਕਰਨ ਦਾ ਕੋਈ ਮੌਕਾ ਨਹੀਂ ਛੱਡਦੇ। ਇਸ ਦੀ ਇੱਕ ਤਾਜ਼ਾ ਉਦਾਹਰਣ ਨੇੜਲੇ ਪਿੰਡ ਜੁਗਿਆਲ ਦੇ ਸਰਕਾਰੀ ਜੰਗਲ ਤੋਂ ਦੇਖਣ ਨੂੰ ਮਿਲੀ, ਜਿੱਥੋਂ ਅਣਪਛਾਤੇ ਲੱਕੜ ਚੋਰ ਰਾਤ ਦੇ ਹਨੇਰੇ ਦਾ ਫ਼ਾਇਦਾ ਉਠਾਉਂਦੇ ਹੋਏ 'ਖ਼ੈਰ' ਦੇ 15 ਬੇਸ਼ਕੀਮਤੀ ਦਰਖ਼ਤ ਵੱਢ ਕੇ ਲੈ ਗਏ। ਇਸ ਘਟਨਾ ਨੇ ਜੰਗਲਾਤ ਵਿਭਾਗ ਦੀ ਕਾਰਗੁਜ਼ਾਰੀ ਅਤੇ ਸੁਰੱਖਿਆ ਪ੍ਰਬੰਧਾਂ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਜੁਗਿਆਲ ਦੇ ਲੰਬੜਦਾਰ ਹਰਮੀਨ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਖ਼ੈਰ ਦੇ ਦਰਖ਼ਤ ਕੱਟੇ ਜਾਣ ਦੀ ਸੂਚਨਾ ਮਿਲੀ ਤਾਂ ਉਨ੍ਹਾਂ ਪਿੰਡ ਜੁਗਿਆਲ ਤੋਂ ਸਾਹੋੜਾ ਕੰਡੀ ਵੱਲ ਜਾਂਦੀ ਸੜਕ 'ਤੇ ਜਾ ਕੇ ਮੌਕਾ ਦੇਖਿਆ। ਉੱਥੋਂ ਚੋਰ ਕਰੀਬ 15 ਖ਼ੈਰ ਦੇ ਦਰਖ਼ਤ ਚੋਰੀ ਕਰ ਕੇ ਲੈ ਜਾ ਚੁੱਕੇ ਸਨ। ਉਨ੍ਹਾਂ ਦੱਸਿਆ ਕਿ ਇਸ ਘਟਨਾ ਦੀ ਜਾਣਕਾਰੀ ਜੰਗਲਾਤ ਵਿਭਾਗ ਅਤੇ ਸਥਾਨਕ ਪ੍ਰਸ਼ਾਸਨ ਨੂੰ ਦੇ ਦਿੱਤੀ ਗਈ ਹੈ। ਲੰਬੜਦਾਰ ਹਰਮੀਨ ਸਿੰਘ ਨੇ ਪੰਜਾਬ ਸਰਕਾਰ ਅਤੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਜੰਗਲਾਤ ਵਿਭਾਗ ਨੂੰ ਤੁਰੰਤ ਹੁਕਮ ਜਾਰੀ ਕਰ ਕੇ ਖ਼ੈਰ ਚੋਰਾਂ ਨੂੰ ਕਾਬੂ ਕੀਤਾ ਜਾਵੇ ਅਤੇ ਉਨ੍ਹਾਂ ਖ਼?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਤੇਜ਼ ਰਫਤਾਰ ਟਰੱਕ ਨੇ ਈ-ਰਿਕਸ਼ੇ ਨੂੰ ਮਾਰੀ ਟੱਕਰ, ਇਕ ਔਰਤ ਦੀ ਮੌਤ, 4 ਜ਼ਖਮੀ

ਫਤਿਹਗੜ੍ਹ ਚੂੜੀਆਂ 13 ਸਤੰਬਰ। ਫਤਿਹਗੜ੍ਹ ਚੂੜੀਆਂ ਤੋਂ ਬਟਾਲਾ ਰੋਡ 'ਤੇ ਸਥਿਤ ਪਿੰਡ ਬੇਰੀਆਂਵਾਲ ਦੇ ਨਜ਼ਦੀਕ ਇਕ ਤੇਜ਼ ਰਫਤਾਰ ਟਰੱਕ ਵਲੋਂ ਇਕ ਈ ਰਿਕਸ਼ੇ ਨੂੰ ਟੱਕਰ ਮਾਰ ਦਿੱਤੀ ਗਈ, ਜਿਸਦੇ ਕਾਰਨ ਇਕ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ 2 ਔਰਤਾਂ ਤੇ 2 ਵਿਅਕਤੀ ਗੰਭੀਰ ਜ਼ਖਮੀ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਫਤਿਹਗੜ੍ਹ ਚੂੜੀਆਂ ਦੇ ਏ.ਐੱਸ.ਆਈ ਬੂਟਾ ਸਿੰਘ ਨੇ ਦੱਸਿਆ ਕਿ ਪਿੰਡ ਖੋਖਰ ਤੋਂ ਧੰਨ ਕੌਰ ਪਤੀ ਜਗੀਰ ਸਿੰਘ ਵਾਸੀ ਲੁਧਿਆਣਾ ਆਪਣੀ ਬੇਟੀ ਬਲਜਿੰਦਰ ਕੌਰ, ਕੁਲਵਿੰਦਰ ਕੌਰ ਤੇ ਰਿਸ਼ਤੇਦਾਰ ਰਾਹੁਲ ਨਾਲ ਈ-ਰਿਕਸ਼ਾ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਜਾ ਰਹੇ ਸਨ ਕਿ ਜਦ ਉਹ ਪਿੰਡ ਬੇਰੀਆਂਵਾਲ ਦੇ ਨਜ਼ਦੀਕ ਪਹੁੰਚੇ ਤਾਂ ਇਕ ਤੇਜ਼ ਰਫਤਾਰ ਟਰੱਕ ਨੇ ਈ ਰਿਕਸ਼ੇ ਨੂੰ ਟਰੱਕ ਮਾਰ ਦਿੱਤੀ, ਜਿਸ ਕਾਰਨ ਧੰਨ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਬਲਜਿੰਦਰ ਕੌਰ, ਕੁਲਵਿੰਦਰ ਕੌਰ, ਰਾਹੁਲ ਅਤੇ ਇਕ ਰਿਕਸ਼ਾ ਚਾਲਕ ਗੰਭੀਰ ਜ਼ਖਮੀ ਹੋ ਗਏ। ਉਨ੍ਹਾਂ ਕਿਹਾ ਕਿ ਸਥਾਨਕ ਲੋਕਾਂ ਵਲੋਂ ਜ਼ਖਮੀ ਲੋਕਾਂ ਨੂੰ ਇਲਾਜ ਲਈ ਫਤਿਹਗੜ੍ਹ ਚੂੜੀਆਂ ਦੇ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਹਾਦਸੇ ਤੋਂ ਬਾਅਦ ਟਰੱਕ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਉਨ੍ਹਾਂ ਕਿਹਾ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਉਨ੍ਹਾਂ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚ ਕੇ ਟਰੱਕ ਅਤੇ ਈ-ਰਿਕਸ਼ੇ ਨੂੰ ਕਬਜ਼ੇ 'ਚ ਲੈ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਦੇ ਹਾਈਵੇਅ 'ਤੇ ਵੱਡਾ ਹਾਦਸਾ, ਅਧਿਆਪਕ ਤੇ ਵਿਦਿਆਰਥੀ ਦੀ ਮੌਤ

ਫਿਰੋਜ਼ਪੁਰ/ਜ਼ੀਰਾ 13 ਸਤੰਬਰ। ਜ਼ੀਰਾ-ਕੋਟ ਈਸੇ ਖਾਂ ਮੁੱਖ ਮਾਰਗ 'ਤੇ ਪਿੰਡ ਤਲਵੰਡੀ ਜੱਲੇ ਖਾਂ ਨੇੜੇ ਵਾਪਰੇ ਭਿਆਨਕ ਸੜਕ ਹਾਦਸੇ ਵਿਚ ਦੋ ਲੋਕਾਂ ਦੀ ਮੌਤ ਹੋ ਗਈ। ਤੇਜ਼ ਰਫ਼ਤਾਰ ਸਕਾਰਪੀਓ ਅਤੇ ਕਾਰ ਦੀ ਆਹਮੋ-ਸਾਹਮਣੀ ਟੱਕਰ ਵਿਚ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਹਰਦਾਸਾ ਵਿਖੇ ਤਾਇਨਾਤ ਡੀਪੀਈ ਅਧਿਆਪਕ ਗੁਰਵਿੰਦਰ ਸਿੰਘ ਪੁੱਤਰ ਗੁਰਸੇਵਕ ਸਿੰਘ ਵਾਸੀ ਮੋਗਾ ਅਤੇ ਵਿਦਿਆਰਥੀ ਅਭੈਪ੍ਰਤਾਪ ਸਿੰਘ ਔਲਖ ਪੁੱਤਰ ਗੁਰਸਿਮਰਨ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਗੁਰਵਿੰਦਰ ਸਿੰਘ ਆਪਣੀ ਕਾਰ ਨੰਬਰ ਪੀਬੀ 29 ਏਡੀ 2821 ਰਾਹੀਂ ਅਭੈਪ੍ਰਤਾਪ ਸਿੰਘ ਔਲਖ ਨੂੰ ਨਾਲ ਲੈ ਕੇ ਕੋਟ ਈਸੇ ਖਾਂ ਵੱਲ ਜਾ ਰਹੇ ਸਨ। ਦੋਵੇਂ ਜਿਵੇਂ ਹੀ ਤਲਵੰਡੀ ਜੱਲੇ ਖਾਂ ਨੇੜੇ ਪਹੁੰਚੇ ਤਾਂ ਸਾਹਮਣੇ ਤੋਂ ਆ ਰਹੀ ਸਕਾਰਪੀਓ ਨੰਬਰ ਪੀਬੀ 05 ਏਯੂ 2080 ਨਾਲ ਉਨ੍ਹਾਂ ਦੀ ਜ਼ਬਰਦਸਤ ਟੱਕਰ ਹੋ ਗਈ। ਟੱਕਰ ਇੰਨੀ ਭਿਆਨਕ ਸੀ ਕਿ ਕਾਰ ਸਵਾਰ ਦੋਵਾਂ ਦੀ ਜਾਨ ਨਹੀਂ ਬਚ ਸਕੀ। ਹਾਦਸੇ ਦੀ ਖ਼ਬਰ ਫੈਲਦਿਆਂ ਹੀ ਆਸ-ਪਾਸ ਦੇ ਲੋਕ ਮੌਕੇ 'ਤੇ ਇਕੱਠੇ ਹੋ ਗਏ ਅਤੇ ਦੋਵਾਂ ਨੂੰ ਸਿਵਲ ਹਸਪਤਾਲ ਜ਼ੀਰਾ ਪਹੁੰਚਾਇਆ ਗਿਆ। ਘਟਨਾ ਦੀ ਸੂਚਨਾ ਮਿਲਣ 'ਤੇ ਪਰਿਵਾਰਕ ਮੈਂਬਰ ਹਸਪਤਾਲ ਪੁੱਜੇ ਤਾਂ ਉੱਥੇ ਮਾਤਮ ਛਾ ਗਿਆ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਵਿਦਿਆਰਥੀ ਅਭੈਪ੍ਰਤਾਪ ਸਿੰਘ ਔਲਖ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਹ ਜੀਵਨ ਮੱਲ ਸਕੂਲ ਜ਼ੀਰਾ ਦਾ ਵਿਦਿਆਰਥੀ ਸੀ ਅਤੇ ਆਦਰਸ਼ ਸਕੂਲ ਹਰਦਾਸਾ ਵਿਖੇ ਅੰਡਰ-17 ਸਾਫਟਬਾਲ ਦਾ ਖਿਡਾਰੀ ਵੀ ਸੀ। ਦੱਸਿਆ ਜਾ ਰਿਹਾ ਹੈ ਕਿ ਸਕੂਲ ਵਿਚ ਖੇਡ ਅਭਿਆਸ ਕਰਨ ਉਪਰੰਤ ਉਹ ਡੀਪੀਈ ਅਧਿਆਪਕ ਗੁਰਵਿੰਦਰ ਸਿੰਘ ਨਾਲ ਕਾਰ ਵਿਚ ਕੋਟ ਈਸੇ ਖਾਂ ਆਪਣੇ ਘਰ ਵੱਲ ਜਾ ਰਿਹਾ ਸੀ। ਇਸ ਦਰਦਨਾਕ ਹਾਦਸੇ ਨੇ ਪੂਰੇ ਇਲਾਕੇ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਦੋਵੇਂ ਪਰਿਵਾਰਾਂ ਵਿਚ ਸੋਗ ਦੀ ਲਹਿਰ ਦੌੜ ਗਈ।

## ਖੁੱਲ੍ਹ ਗਏ ਸਲਾਲ ਡੈਮ ਦੇ ਗੇਟ ! ਚਿਨਾਬ 'ਚ ਛੱਡਿਆ ਗਿਆ ਪਾਣੀ, ਗੁਆਂਢੀ ਮੁਲਕ ਲਈ ਵੱਜੀ 'ਖ਼ਤਰੇ ਦੀ ਘੰਟੀ'

ਨੈਸ਼ਨਲ ਡੈਸਕ 13 ਸਤੰਬਰ। ਪਹਿਲਗਾਮ ਹਮਲੇ ਮਗਰੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਲਗਾਤਾਰ ਸਿਖ਼ਰਾਂ 'ਤੇ ਬਣਿਆ ਹੋਇਆ ਹੈ। ਦੋਵਾਂ ਦੇਸ਼ਾਂ ਨੇ ਇਕ ਦੂਜੇ ਲਈ ਆਪਣਾ ਏਅਰਸਪੇਸ ਬੰਦ ਕਰਨ ਤੋਂ ਇਲਾਵਾ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਵੀ ਰੱਦ ਕਰ ਦਿੱਤਾ ਹੈ। ਇਸੇ ਦੌਰਾਨ ਜੰਮੂ-ਕਸ਼ਮੀਰ ਦੇ ਰਿਆਸੀ ਜ਼ਿਲ੍ਹੇ 'ਚ ਸਥਿਤ 'ਸਲਾਲ ਡੈਮ' ਦੇ ਸਾਰੇ ਫਲੱਡ ਗੇਟ ਖੋਲ੍ਹ ਦਿੱਤੇ ਗਏ ਹਨ, ਜਿਸ ਮਗਰੋਂ ਪਾਕਿਸਤਾਨ ਵੱਲ ਚਿਨਾਬ



ਨਦੀ 'ਚ ਪਾਣੀ ਦਾ ਪੱਧਰ ਤੇਜ਼ੀ ਨਾਲ ਵਧ ਰਿਹਾ ਹੈ। ਡੈਮ ਦੇ ਸਾਰੇ ਗੇਟ ਖੁੱਲ੍ਹਣ ਨਾਲ ਹੇਠਲੇ ਇਲਾਕਿਆਂ 'ਚ ਚਿਨਾਬ ਨਦੀ ਦਾ ਜਲ ਪੱਧਰ ਅਤੇ ਬਹਾਅ ਕਾਫ਼ੀ ਤੇਜ਼ ਹੋ ਗਿਆ ਹੈ, ਜਿਸ ਮਗਰੋਂ ਪ੍ਰਸ਼ਾਸਨ ਅਤੇ ਡੈਮ ਅਥਾਰਟੀ ਨੇ ਸਥਾਨਕ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ। ਪ੍ਰਸ਼ਾਸਨ ਨੇ ਨਿਵਾਸੀਆਂ ਨੂੰ ਨਦੀ ਦੇ ਨੇੜ ਅਤੇ ਨੀਵੇਂ ਇਲਾਕਿਆਂ ਵੱਲ ਜਾਣ ਤੋਂ ਗੁਰੇਜ਼ ਕਰਨ ਦਾ ਆਦੇਸ਼ ਦਿੱਤਾ ਹੈ। ਪਸ਼ੂਆਂ ਨੂੰ ਚਰਾਉਣ ਲਈ ਵੀ ਨਦੀ ਦੇ ਨੇੜੇ ਨਾ ਜਾਣ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਚਿਨਾਬ ਨਦੀ ਪਾਕਿਸਤਾਨ ਵੱਲ ਨੂੰ ਜਾਂਦੀ ਹੈ ਤੇ ਸਲਾਲ ਡੈਮ 'ਚ ਸਾਰੇ ਫਲੱਡ ਗੇਟ ਖੋਲ੍ਹ ਕੇ ਛੱਡਿਆ ਗਿਆ ਪਾਣੀ ਪਾਕਿਸਤਾਨ ਲਈ ਆਫ਼ਤ ਖੜ੍ਹੀ ਕਰ ਸਕਦਾ ਹੈ, ਕਿਉਂਕਿ ਸਿੰਧੂ ਜਲ ਸੰਧੀ ਰੱਦ ਹੋਣ ਤੋਂ ਬਾਅਦ ਇਸ ਨਦੀ 'ਚ ਨਾਮਾਤਰ ਪਾਣੀ ਹੀ ਜਾ ਰਿਹਾ ਹੈ, ਪਰ ਹੁਣ ਫਲੱਡ ਗੇਟ ਖੋਲ੍ਹੇ ਜਾਣ ਮਗਰੋਂ ਅਚਾਨਕ ਇੰਨੇ ਪਾਣੀ ਨੂੰ ਕੰਟਰੋਲ ਕਰਨਾ ਪਾਕਿਸਤਾਨ ਲਈ ਵੱਡੀ ਮੁਸੀਬਤ ਬਣ ਸਕਦਾ ਹੈ।

## ਔਰਤ ਨੇ ਤਿੰਨ ਬੱਚਿਆਂ ਸਮੇਤ ਤੁੰਗਾ ਨਦੀ 'ਚ ਮਾਰੀ ਛਾਲ

ਨੈਸ਼ਨਲ ਡੈਸਕ 13 ਸਤੰਬਰ। ਪਰਿਵਾਰਕ ਝਗੜੇ ਤੋਂ ਬਾਅਦ ਕਰਨਾਟਕ ਵਿੱਚ ਇੱਕ ਔਰਤ ਨੇ ਕਥਿਤ ਤੌਰ 'ਤੇ ਆਪਣੇ ਤਿੰਨ ਬੱਚਿਆਂ ਸਮੇਤ ਰੇਲਵੇ ਪੁਲ ਤੋਂ ਤੁੰਗਾ ਨਦੀ ਵਿੱਚ ਛਾਲ ਮਾਰ ਦਿੱਤੀ। ਉਸ ਦੀਆਂ ਦੋ ਧੀਆਂ ਅਜੇ ਵੀ ਲਾਪਤਾ ਹਨ ਅਤੇ ਤਲਾਸ਼ੀ ਮੁਹਿੰਮ ਜਾਰੀ ਹੈ। ਪੁਲਸ ਨੇ ਕਿਹਾ ਕਿ ਇਹ ਘਟਨਾ ਸੋਮਵਾਰ ਸ਼ਾਮ 7:30 ਵਜੇ ਦੇ ਕਰੀਬ ਵਾਪਰੀ। ਉਨ੍ਹਾਂ ਕਿਹਾ ਕਿ ਸਥਾਨਕ ਨੌਜਵਾਨਾਂ ਨੇ ਔਰਤ ਤੇ ਉਸਦੇ 11 ਮਹੀਨੇ ਦੇ ਪੁੱਤਰ ਨੂੰ ਬਚਾਇਆ, ਜਦੋਂ ਕਿ ਉਸ ਦੀਆਂ ਦੋ ਧੀਆਂ ਅਜੇ ਵੀ ਲਾਪਤਾ ਹਨ। ਉਨ੍ਹਾਂ ਕਿਹਾ ਕਿ ਲਾਪਤਾ ਕੁੜੀਆਂ ਛੇ ਤੇ ਚਾਰ ਸਾਲ ਦੀਆਂ ਹਨ। ਪੁਲਸ ਦੇ ਅਨੁਸਾਰ ਚਿੱਤਰਦੁਰਗਾ ਜ਼ਿਲ੍ਹੇ ਦੇ ਹੋਸੂਰ ਪਿੰਡ ਦੀ ਰਹਿਣ ਵਾਲੀ ਭਵਾਨੀ ਨੇ ਕਥਿਤ ਤੌਰ 'ਤੇ ਆਪਣੀਆਂ ਦੋ ਧੀਆਂ ਨੂੰ ਨਦੀ ਵਿੱਚ ਧੱਕ ਦਿੱਤਾ ਅਤੇ ਫਿਰ ਆਪਣੇ 11 ਮਹੀਨੇ ਦੇ ਪੁੱਤਰ ਨਾਲ ਖੁਦ ਨਦੀ ਵਿੱਚ ਛਾਲ ਮਾਰ ਦਿੱਤੀ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਔਰਤ ਤੇ ਉਸਦੇ ਬੱਚੇ ਨੂੰ ਤੁਰੰਤ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਅਤੇ ਦੋਵਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

# ਕੰਨੂਰ 'ਚ ਭਾਰੀ ਮੀਂਹ ਕਾਰਨ ਖਿਸਕੀ ਜ਼ਮੀਨ, ਰਾਸ਼ਟਰੀ ਰਾਜਮਾਰਗ ਦੀ ਰਿਟੇਨਿੰਗ ਦੀਵਾਰ ਨੁਕਸਾਨੀ

**ਕੌਮੀ ਪਤ੍ਰਿਕਾ**

ਕਨੂਰ 13 ਸਤੰਬਰ। ਉੱਤਰੀ ਕੇਰਲ ਦੇ ਕੰਨੂਰ ਜ਼ਿਲ੍ਹੇ ਦੇ ਕੁਝ ਹਿੱਸਿਆਂ ਵਿੱਚ ਮੰਗਲਵਾਰ ਨੂੰ ਭਾਰੀ ਮੀਂਹ ਕਾਰਨ ਜ਼ਮੀਨ ਖਿਸਕ ਗਈ, ਜਿਸ ਨਾਲ ਇੱਕ ਰਾਸ਼ਟਰੀ ਰਾਜਮਾਰਗ ਦੀ ਰਿਟੇਨਿੰਗ ਦੀਵਾਰ ਨੂੰ ਨੁਕਸਾਨ ਪਹੁੰਚਿਆ ਅਤੇ ਕੁਝ ਖੇਤਰਾਂ ਵਿੱਚ ਆਵਾਜਾਈ ਵਿੱਚ ਵਿਘਨ ਪਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਘਟਨਾ ਦੀ ਜਾਣਕਾਰੀ ਦਿੱਤੀ। ਜ਼ਿਲ੍ਹਾ ਪ੍ਰਸ਼ਾਸਨ ਦੇ ਅਨੁਸਾਰ, ਅੱਜ ਸਵੇਰੇ ਇਲਾਇਆਵੂਰ ਵਿੱਚ ਇੱਕ ਰਾਸ਼ਟਰੀ ਰਾਜਮਾਰਗ ਨਿਰਮਾਣ ਸਥਾਨ 'ਤੇ ਇੱਕ ਸੁਰੱਖਿਆ ਕੰਧ ਡਿੱਗਣ ਤੋਂ ਬਾਅਦ ਜ਼ਮੀਨ ਖਿਸਕ ਗਈ। ਸਥਾਨਕ ਲੋਕਾਂ ਨੇ ਦੱਸਿਆ ਕਿ ਇਸ ਸਥਾਨ 'ਤੇ ਤਿੰਨ ਸਾਲ ਪਹਿਲਾਂ ਇੱਕ ਵੱਡੀ ਜ਼ਮੀਨ ਖਿਸਕਣ ਦੀ ਘਟਨਾ ਵਾਪਰੀ ਸੀ। ਰਾਜ ਦੇ ਬਿਜਲੀ ਮੰਤਰੀ ਸੰਨੀ ਜੋਸਫ਼, ਵਿਧਾਇਕ ਟੀ. ਓ. ਮੋਹਨਨ ਅਤੇ ਜ਼ਿਲ੍ਹਾ ਕੁਲੈਕਟਰ ਪੀ. ਵਿਸ਼ਨੂੰਰਾਜ ਨੇ ਸਵੇਰੇ ਘਟਨਾ ਸਥਾਨ ਦਾ ਦੌਰਾ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਨੇ ਦੱਸਿਆ ਕਿ ਜ਼ਿਲ੍ਹਾ ਕੁਲੈਕਟਰ ਨੇ ਇਸ ਘਟਨਾ ਸਬੰਧੀ ਰਾਸ਼ਟਰੀ ਰਾਜਮਾਰਗ ਅਥਾਰਟੀ ਦੇ ਅਧਿਕਾਰੀਆਂ ਤੋਂ ਤੁਰੰਤ ਰਿਪੋਰਟ ਮੰਗੀ ਹੈ।



ਇੱਥੇ ਪਲਾਚੁਰਮ ਦੇ ਚੇਕੁਥਨ ਥੋਡੂ ਨੇੜੇ ਸਵੇਰੇ 9 ਵਜੇ ਦੇ ਕਰੀਬ ਇੱਕ ਵੱਡਾ ਜ਼ਮੀਨ ਖਿਸਕਣ ਕਾਰਨ ਆਵਾਜਾਈ ਵਿੱਚ ਵਿਘਨ ਪਿਆ। ਜ਼ਿਲ੍ਹਾ ਕੁਲੈਕਟਰ ਨੇ ਅਧਿਕਾਰੀਆਂ ਨੂੰ ਪ੍ਰਭਾਵਿਤ ਰਸਤੇ ਤੋਂ ਚਿੱਕੜ ਅਤੇ ਚੱਟਾਨਾਂ ਨੂੰ ਹਟਾਉਣ ਲਈ ਜ਼ਰੂਰੀ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ। ਪੁਲਸ, ਅੱਗ ਬੁਝਾਊ ਅਤੇ ਬਚਾਅ ਕਰਮਚਾਰੀ ਅਤੇ ਮਾਲੀਆ ਅਧਿਕਾਰੀ ਮੌਕੇ 'ਤੇ ਪਹੁੰਚੇ। ਭਾਰੀ ਬਾਰਿਸ਼ ਦੇ ਕਾਰਨ ਪ੍ਰਸ਼ਾਸਨ ਨੇ ਲੋਕਾਂ ਨੂੰ ਚੌਕਸ ਰਹਿਣ ਦੀ ਚੇਤਾਵਨੀ ਦਿੱਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹਾ ਮੈਜਿਸਟ?ਰੇਟ ਨੇ ਸੈਲਾਨੀਆਂ ਅਤੇ ਗੈਰ-ਜ਼ਰੂਰੀ ਵਾਹਨਾਂ ਨੂੰ ਪ੍ਰਭਾਵਿਤ ਖੇਤਰ ਵੱਲ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ ਹੈ। ਇਸ ਦੌਰਾਨ ਭਾਰਤੀ ਮੌਸਮ ਵਿਭਾਗ (9$4) ਨੇ ਮੰਗਲਵਾਰ ਨੂੰ ਭਾਰੀ ਬਾਰਿਸ਼ ਦੀ ਭਵਿੱਖਬਾਣੀ ਦੇ ਮੱਦੇਨਜ਼ਰ ਕੇਰਲ ਦੇ 11 ਜ਼ਿਲ੍ਹਿਆਂ ਵਿੱਚ 'ਯੈਲੋ ਅਲਰਟ' ਜਾਰੀ ਕੀਤਾ ਹੈ। ਆਈਐਮਡੀ ਦੇ ਅਨੁਸਾਰ, 24 ਘੰਟਿਆਂ ਵਿੱਚ 64.5 ਮਿਲੀਮੀਟਰ ਅਤੇ 115.5 ਮਿਲੀਮੀਟਰ ਦੇ ਵਿਚਕਾਰ ਬਾਰਿਸ਼ ਨੂੰ ਭਾਰੀ ਬਾਰਿਸ਼ ਮੰਨਿਆ ਜਾਂਦਾ ਹੈ।

## ਚੋਰਾਂ ਨੇ ਦੁਕਾਨ ਦੀ ਛੱਤ ਪਾੜ ਕੇ ਨਕਦੀ ਸਣੇ ਚਾਂਦੀ ਦੀ ਮੂਰਤੀ ਤੇ ਹੋਰ ਕੀਮਤੀ ਸਮਾਨ ਕੀਤਾ ਚੋਰੀ

ਗੁਰੂਹਰਸਹਾਏ 13 ਸਤੰਬਰ। ਸ਼ਹਿਰ ਅੰਦਰ ਚੋਰੀਆਂ ਰੁਕਣ ਦਾ ਨਾ ਨਹੀਂ ਲੈ ਰਹੀਆਂ ਹਨ ਤੇ ਚੋਰ ਰੋਜ਼ਾਨਾ ਚੋਰੀ ਕਰਨ ਦੀਆਂ ਵਾਰਦਾਤਾਂ ਨੂੰ ਲਗਾਤਾਰ ਅੰਜਾਮ ਦੇ ਰਹੇ ਹਨ। ਉਨ੍ਹਾਂ ਨੂੰ ਪੁਲਸ ਪ੍ਰਸ਼ਾਸਨ ਦਾ ਕੋਈ ਵੀ ਡਰ ਨਹੀਂ ਹੈ ਅਤੇ ਪੁਲਸ ਵੀ ਇਨ੍ਹਾਂ ਚੋਰਾਂ ਨੂੰ ਫੜ੍ਹਨ ਵਿੱਚ ਨਾਕਾਮਯਾਬ ਸਾਬਿਤ ਹੋ ਰਹੀ ਹੈ। ਬੀਤੀ ਰਾਤ ਚੋਰ ਦੁਕਾਨ ਦੀ ਛੱਤ ਪਾੜ ਕੇ ਸਮਾਨ ਚੋਰੀ ਕਰਕੇ ਲੈ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੁਕਾਨ ਮਾਲਕ ਚੰਦਨ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਦੁਕਾਨ ਸ਼ਰਮਾ ਟ?ਰੇਡਿੰਗ ਕੰਪਨੀ ਰੇਲਵੇ ਪੁਲ ਦੇ ਸਾਈਡ 'ਤੇ ਬਣੀ ਮਾਰਕੀਟ ਵਿੱਚ ਸਥਿਤ ਹੈ ਅਤੇ ਇਸ ਦੁਕਾਨ ਅੰਦਰ ਉਹ ਤਰ੍ਹਾਂ-ਤਰ੍ਹਾਂ ਦੀ ਪਸ਼ੂਆਂ ਨੂੰ ਪਾਉਣ ਵਾਲੀ ਫੀਡ ਅਤੇ ਹੋਰ ਕਈ ਤਰ੍ਹਾਂ ਦਾ ਸਮਾਨ ਤਿਆਰ ਕਰਦੇ ਹਨ। ਉਨ੍ਹਾਂ ਨੇ ਦੱਸਿਆ ਕਿ ਉਹ ਰਾਤ ਨੂੰ ਦੁਕਾਨ ਬੰਦ ਕਰ ਗਏ ਤਾਂ ਜਦੋਂ ਸਵੇਰੇ ਆ ਕੇ ਦੁਕਾਨ ਖੋਲ੍ਹੀ ਤਾਂ ਦੇਖਿਆ ਕਿ ਦੁਕਾਨ ਅੰਦਰ ਬਣੇ ਦਫ਼ਤਰ ਦੇ ਟੇਬਲ ਦੇ ਦਰਾਜ ਖੁੱਲ੍ਹੇ ਹੋਏ ਸਨ ਤੇ ਉਸ 'ਚ ਪਿਆ ਕੈਸ਼, ਭਗਵਾਨ ਜੀ ਦੀ ਚਾਂਦੀ ਦੀ ਮੂਰਤੀ, ਸਿੱਕੇ ਤੇ ਹੋਰ ਕੀਮਤੀ ਸਮਾਨ ਗਾਇਬ ਸੀ। ਇਸ ਦੌਰਾਨ ਉਨ੍ਹਾਂ ਨੇ ਆਪਣੀ ਦੁਕਾਨ ਅੰਦਰ ਵੜ ਕੇ ਪਿਛੇ ਦੇਖਿਆ ਤਾਂ ਦੁਕਾਨ ਦੀ ਛੱਤ 'ਤੇ ਦੋ ਥਾਵਾ 'ਤੇ ਪਾੜ ਪਿਆ ਹੋਇਆ ਸੀ। ਚੋਰ ਛੱਤ ਪਾੜ ਕੇ ਦੁਕਾਨ ਅੰਦਰ ਦਾਖ਼ਲ ਹੋਏ ਅਤੇ ਦੁਕਾਨ ਅੰਦਰ ਪਿਆ ਕੈਸ਼ ਤੇ ਹੋਰ ਕੀਮਤੀ ਸਮਾਨ ਚੋਰੀ ਕਰਕੇ ਲੈ ਗਏ। ਚੰਦਨ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦਾ ਇੱਕ ਤੋਂ ਡੇਢ ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ ਤੇ ਇਸ ਸਬੰਧੀ ਪੁਲਸ ਨੂੰ ਸੂਚਿਤ ਦਿੱਤਾ ਗਿਆ ਹੈ। ਪੁਲਸ ਨੇ ਮੌਕੇ 'ਤੇ ਆ ਕੇ ਘਟਨਾ ਦਾ ਜਾਇਜ਼ਾ ਲਿਆ ਹੈ।

# ਗੋਰਖਪੁਰ ਦੇ ਕਾਲਜ ਦੇ ਬਾਹਰ ਹਿੰਸਕ ਝੜਪ, ਚਾਕੂ ਮਾਰ ਕੀਤਾ ਹਮਲਾ, 4 ਵਿਦਿਆਰਥੀ ਜ਼ਖਮੀ

**ਕੌਮੀ ਪਤ੍ਰਿਕਾ**

ਗੋਰਖਪੁਰ 13 ਸਤੰਬਰ। ਗੋਰਖਪੁਰ ਜ਼ਿਲ੍ਹਾ ਹੈੱਡਕੁਆਰਟਰ ਦੇ ਵੱਕਾਰੀ ਸਰਕਾਰੀ ਜੁਬਲੀ ਇੰਟਰ ਕਾਲਜ ਦੇ ਗੇਟ ਦੇ ਬਾਹਰ ਦੋ ਸਮੂਹਾਂ ਵਿਚਕਾਰ ਹੋਈ ਹਿੰਸਕ ਝੜਪ ਵਿੱਚ ਚਾਰ ਵਿਦਿਆਰਥੀ ਜ਼ਖਮੀ ਹੋ ਗਏ। ਪੁਲਸ ਨੇ ਮੰਗਲਵਾਰ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ। ਪੁਲਸ ਦੇ ਅਨੁਸਾਰ, ਸੋਮਵਾਰ ਨੂੰ ਸਕੂਲ ਦੀ ਛੁੱਟੀ ਹੋਣ ਤੋਂ ਬਾਅਦ ਦੁਪਹਿਰ 1:30 ਵਜੇ ਦੇ ਕਰੀਬ ਵਾਪਰੀ ਇਸ ਘਟਨਾ ਵਿਚ ਵਿਦਿਆਰਥੀਆਂ ਅਤੇ ਸਟਾਫ਼ ਵਿੱਚ ਦਹਿਸ਼ਤ ਫੈਲ ਗਈ। ਪੁਲਸ ਦੇ ਅਨੁਸਾਰ, ਸੱਤਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਿਹਾ ਝਗੜਾ ਉਸ ਸਮੇਂ ਹਿੰਸਕ ਹੋ ਗਿਆ, ਜਦੋਂ ਸੱਤਵੀਂ ਜਮਾਤ ਦਾ ਵਿਦਿਆਰਥੀ ਕਥਿਤ ਤੌਰ 'ਤੇ ਆਪਣੇ ਦੋਸਤਾਂ ਨਾਲ ਸਕੂਲ ਦੇ ਗੇਟ 'ਤੇ ਪਹੁੰਚਿਆ ਅਤੇ ਕੈਂਪਸ ਤੋਂ ਬਾਹਰ ਜਾ ਰਹੇ ਦਸਵੀਂ ਜਮਾਤ ਦੇ ਵਿਦਿਆਰਥੀ 'ਤੇ ਹਮਲਾ ਕਰ ਦਿੱਤਾ। ਪੁਲਸ ਮੁਤਾਬਕ ਵਿਦਿਆਰਥੀਆਂ ਨੇ ਲੜਾਈ ਦੌਰਾਨ ਚਾਕੂ ਦੀ ਵਰਤੋਂ ਕੀਤੀ, ਜਿਸ ਨਾਲ ਸੱਤਵੀਂ, ਅੱਠਵੀਂ, ਨੌਵੀਂ ਅਤੇ ਦਸਵੀਂ ਜਮਾਤ ਦੇ ਚਾਰ ਵਿਦਿਆਰਥੀ ਜ਼ਖਮੀ ਹੋ ਗਏ। ਅਧਿਆਪਕ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਜ਼ਖਮੀ ਵਿਦਿਆਰਥੀਆਂ ਨੂੰ ਜ਼ਿਲ੍ਹਾ ਹਸਪਤਾਲ ਇਲਾਜ ਲਈ ਪਹੁੰਚਾਇਆ। ਤਿੰਨ ਵਿਦਿਆਰਥੀਆਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ, ਜਦੋਂ ਕਿ ਇੱਕ ਨੂੰ ਇਲਾਜ ਲਈ ਬੀਆਰਡੀ ਪੁਲਸ ਹਸਪਤਾਲ ਪਹੁੰਚ ਗਈ,




ਮੈਡੀਕਲ ਕਾਲਜ ਦੇ ਨਹਿਰੂ ਹਸਪਤਾਲ ਰੈਫਰ ਕਰ ਦਿੱਤਾ। ਅਧਿਕਾਰੀਆਂ ਨੇ ਦੱਸਿਆ ਕਿ ਸਾਰਿਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਘਟਨਾ ਤੋਂ ਬਾਅਦ ਜਿਸ ਨੇ ਪੁੱਛਗਿੱਛ ਲਈ ਦੋ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸੱਤਵੀਂ ਜਮਾਤ ਦਾ ਵਿਦਿਆਰਥੀ ਹੀ ਘਟਨਾ ਸਥਾਨ 'ਤੇ ਚਾਕੂ ਲੈ ਕੇ ਆਇਆ ਸੀ। ਕਾਲਜ ਦੇ ਪ੍ਰਿੰਸੀਪਲ ਵਿਸ਼ਵ ਪ੍ਰਕਾਸ਼ ਸਿੰਘ ਨੇ ਦੱਸਿਆ ਕਿ ਘਟਨਾ ਬਾਰੇ ਪਤਾ ਲੱਗਣ 'ਤੇ ਸਕੂਲ ਨੇ ਤੁਰੰਤ ਪੁਲਸ ਅਤੇ ਮਾਪਿਆਂ ਨੂੰ ਸੂਚਿਤ ਕੀਤਾ ਅਤੇ ਜ਼ਖਮੀ ਵਿਦਿਆਰਥੀਆਂ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ। ਪੁਲਸ ਸਰਕਲ ਅਫ਼ਸਰ (ਕੋਤਵਾਲੀ) ਓਮਕਾਰ ਦੱਤ ਤਿਵਾੜੀ ਨੇ ਕਿਹਾ ਕਿ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਘਟਨਾ ਵਿੱਚ ਸ਼ਾਮਲ ਵਿਦਿਆਰਥੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ੀਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਭੋਰਮਦੇਵ ਸਹਿਕਾਰੀ ਖੰਡ ਫੈਕਟਰੀ ਨੇ ਰਾਸ਼ਟਰੀ ਰਿਕਾਰਡ ਕਾਇਮ ਕੀਤਾ

## ਲਗਾਤਾਰ ਦੋ ਪਿੜਾਈ ਸੀਜ਼ਨਾਂ ਲਈ ਰਾਸ਼ਟਰੀ ਸਹਿਕਾਰੀ ਖੰਡ ਫੈਡਰੇਸ਼ਨ ਦਾ ਸਭ ਤੋਂ ਉੱਚਾ ਖੰਡ ਰਿਕਵਰੀ ਕੁਸ਼ਲਤਾ ਪੁਰਸਕਾਰ ਪ੍ਰਾਪਤ ਕੀਤਾ।

ਕੌਮੀ ਪੱਤ੍ਰਿਕਾ

ਕਵਾਰਧਾ। ਭੋਰਮਦੇਵ ਸਹਿਕਾਰੀ ਖੰਡ ਫੈਕਟਰੀ, ਕਵਾਰਧਾ ਨੇ ਰਾਸ਼ਟਰੀ ਪੱਧਰ 'ਤੇ ਇੱਕ ਸ਼ਾਨਦਾਰ ਪ੍ਰਾਪਤੀ ਪ੍ਰਾਪਤ ਕਰਕੇ ਛੱਤੀਸਗੜ੍ਹ ਦਾ ਮਾਣ ਵਧਾਇਆ ਹੈ। ਫੈਕਟਰੀ ਨੂੰ 2024-25 ਅਤੇ 2025-26 ਦੋਵਾਂ ਪਿੜਾਈ ਸੀਜ਼ਨਾਂ ਲਈ ਸਭ ਤੋਂ ਵੱਧ ਖੰਡ ਰਿਕਵਰੀ ਦੇ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ÷ਸਭ ਤੋਂ ਵੱਧ ਖੰਡ ਰਿਕਵਰੀ ਕੁਸ਼ਲਤਾ ਪੁਰਸਕਾਰ÷ ਲਈ ਚੁਣਿਆ ਗਿਆ ਹੈ। ਇਹ ਵੱਕਾਰੀ ਪੁਰਸਕਾਰ ਰਾਸ਼ਟਰੀ ਸਹਿਕਾਰੀ ਖੰਡ ਫੈਡਰੇਸ਼ਨ, ਨਵੀਂ ਦਿੱਲੀ ਦੁਆਰਾ ਦਿੱਤਾ ਜਾਵੇਗਾ। ਲਗਾਤਾਰ ਦੋ ਪਿੜਾਈ ਸੀਜ਼ਨਾਂ ਲਈ ਇਹ ਸਨਮਾਨ ਪ੍ਰਾਪਤ ਕਰਨਾ ਫੈਕਟਰੀ ਦੀ ਤਕਨੀਕੀ ਮੁਹਾਰਤ, ਉੱਤਮ ਸੰਚਾਲਨ ਪ੍ਰਣਾਲੀਆਂ ਅਤੇ ਸ਼ਾਨਦਾਰ ਖੰਡ ਰਿਕਵਰੀ ਦਾ ਪ੍ਰਮਾਣ ਹੈ। ਇਸ ਪ੍ਰਾਪਤੀ ਨੇ ਫੈਕਟਰੀ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਦਿੱਤੀ ਹੈ, ਨਾਲ ਹੀ ਜ਼ਿਲ੍ਹੇ ਅਤੇ ਰਾਜ ਨੂੰ ਵੀ। ਦੋਵੇਂ ਪਿੜਾਈ ਸੀਜ਼ਨਾਂ ਲਈ ਪੁਰਸਕਾਰ 22 ਸਤੰਬਰ ਨੂੰ ਨਵੀਂ ਦਿੱਲੀ ਵਿੱਚ ਇੱਕ ਸਮਾਰੋਹ ਵਿੱਚ ਪ੍ਰਦਾਨ ਕੀਤੇ ਜਾਣਗੇ। ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ




ਮੰਤਰੀ ਨਿਤਿਨ ਗਡਕਰੀ ਅਤੇ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਹਾਜ਼ਰ ਹੋਣਗੇ। ਕੇਂਦਰੀ ਸਹਿਕਾਰਤਾ ਰਾਜ ਮੰਤਰੀ ਮੁਰਲੀਧਰ ਮੋਹੋਲ, ਵੱਖ-ਵੱਖ ਰਾਜਾਂ ਦੇ ਮੰਤਰੀਆਂ, ਡਾਇਰੈਕਟਰਾਂ, ਸੀਨੀਅਰ ਅਧਿਕਾਰੀਆਂ ਅਤੇ ਦੇਸ਼ ਭਰ ਦੀਆਂ ਸਹਿਕਾਰੀ ਖੰਡ ਮਿੱਲਾਂ ਦੇ ਪ੍ਰਤੀਨਿਧੀਆਂ ਦੇ ਵੀ ਸ਼ਾਮਲ ਹੋਣ ਦੀ ਉਮੀਦ ਹੈ। ਰਾਸ਼ਟਰੀ ਸਹਿਕਾਰੀ ਖੰਡ ਸੰਘ ਦੇਸ਼ ਵਿੱਚ ਲਗਭਗ 260 ਸਹਿਕਾਰੀ ਖੰਡ ਮਿੱਲਾਂ ਅਤੇ ਨੌਂ ਰਾਜ-ਪੱਧਰੀ ਖੰਡ ਸੰਘਾਂ ਦੀ ਨੁਮਾਇੰਦਗੀ ਕਰਦਾ ਹੈ। ਸੰਘ ਹਰ ਸਾਲ ਸਹਿਕਾਰੀ ਖੰਡ ਮਿੱਲਾਂ ਨੂੰ ਗੰਨੇ ਦੇ ਵਿਕਾਸ, ਤਕਨੀਕੀ ਕੁਸ਼ਲਤਾ, ਵਿੱਤੀ ਪ੍ਰਬੰਧਨ, ਖੰਡ ਰਿਕਵਰੀ, ਡਿਸਟਿਲਰੀ ਸੰਚਾਲਨ, ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਅਤੇ ਸਮੁੱਚੀ ਮਿੱਲ ਪ੍ਰਦਰਸ਼ਨ ਵਰਗੇ ਵੱਖ-ਵੱਖ ਖੇਤਰਾਂ ਵਿੱਚ ਉੱਤਮਤਾ ਲਈ ਸਨਮਾਨਿਤ ਕਰਦਾ ਹੈ। ਭੋਰਮਦੇਵ ਸਹਿਕਾਰੀ ਖੰਡ ਫੈਕਟਰੀ ਨੂੰ ਲਗਾਤਾਰ ਦੋ ਸਾਲਾਂ ਲਈ ਸਭ ਤੋਂ ਵੱਧ ਖੰਡ ਰਿਕਵਰੀ ਲਈ ਪੁਰਸਕਾਰ ਮਿਲਿਆ ਹੈ, ਜੋ ਕਿ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਇਹ ਸਫਲਤਾ ਖੇਤਰ ਦੇ ਸ਼ੇਅਰਧਾਰਕ ਕਿਸਾਨਾਂ ਦੁਆਰਾ ਸਪਲਾਈ ਕੀਤੇ ਗਏ ਗੁਣਵੱਤਾ ਵਾਲੇ ਗੰਨੇ, ਅਤੇ ਫੈਕਟਰੀ ਕਰਮਚਾਰੀਆਂ ਦੀ ਸਖ਼ਤ ਮਿਹਨਤ, ਤਕਨੀਕੀ ਮੁਹਾਰਤ ਅਤੇ ਸਮਰਪਿਤ ਕੰਮ ਦੇ ਕਾਰਨ ਸੀ। ਫੈਕਟਰੀ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਇਲਾਕੇ ਦੇ ਲੋਕਾਂ, ਸਾਰੇ ਹਿੱਸੇਦਾਰਾਂ ਕਿਸਾਨਾਂ ਅਤੇ ਕਰਮਚਾਰੀਆਂ ਵਿੱਚ ਖੁਸ਼ੀ ਦਾ ਮਾਹੌਲ ਹੈ।

# ਪਾਕਿਸਤਾਨ ਵੱਲੋਂ ਸਰਹੱਦ ਪਾਰੋਂ ਤਸਕਰੀ ਰਾਹੀਂ ਆਉਣ ਵਾਲੇ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ

Contd......Front page

ਇਹਨਾਂ ਕਾਰਵਾਈਆਂ ਵਿੱਚ ਸਹਾਇਤਾ ਲਈ 585 ਥਾਵਾਂ 'ਤੇ 2367 ਸੀਸੀਟੀਵੀ ਕੈਮਰੇ ਲਗਾਏ ਗਏ ਹਨ ਅਤੇ 600 ਪੁਲਿਸ ਕਰਮਚਾਰੀਆਂ ਵਾਲੇ 64 ਸੈਕਿੰਡ ਲਾਈਨ ਆਫ਼ ਡਿਫੈਂਸ ਨਾਕਿਆਂ ਦੀ ਵਿਵਸਥਾ ਕੀਤੀ ਗਈ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸਰਹੱਦੀ ਖੇਤਰਾਂ ਵਿੱਚ 'ਵਿਲੇਜ ਡਿਫੈਂਸ ਕਮੇਟੀਆਂ' (ਵੀਡੀਸੀਜ਼) ਨੂੰ 'ਡਰੋਨ ਰਿਸਪਾਂਸ ਟੀਮਾਂ' ਨਾਲ ਜੋੜਿਆ ਗਿਆ ਹੈ। ਸਰਹੱਦੀ ਖੇਤਰਾਂ ਵਿੱਚ ਵੀਡੀਸੀਜ਼ ਪੁਲਿਸ ਲਈ ਅੱਖਾਂ ਅਤੇ ਕੰਨਾਂ ਵਜੋਂ ਕੰਮ ਕਰਦੀਆਂ ਹਨ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 01-03-2025 ਤੋਂ ਲੈ ਕੇ ਹੁਣ ਤੱਕ ਲਗਭਗ 80,000 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ 486 ਡਰੋਨ ਬਰਾਮਦ ਕੀਤੇ ਗਏ ਹਨ। ਨਸ਼ਾ ਤਸਕਰੀ ਨੈੱਟਵਰਕ ਦੇ ਆਰਥਿਕ ਆਧਾਰ ਨੂੰ ਤੋੜਨ ਲਈ ਵਿੱਤੀ ਜਾਂਚ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਤਹਿਤ 336 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਨੂੰ ਫ੍ਰੀਜ਼ ਕੀਤਾ ਗਿਆ ਹੈ। ਨਸ਼ਿਆਂ ਨਾਲ ਸਬੰਧਤ ਜਾਣਕਾਰੀ ਦੇਣ ਲਈ ਬਣਾਈ ਗਈ ਇਨਾਮੀ ਨੀਤੀ ਤਹਿਤ ਹਰੇਕ ਡਰੋਨ ਦੀ ਬਰਾਮਦਗੀ 'ਤੇ 25,000 ਰੁਪਏ ਦਾ ਨਕਦ ਇਨਾਮ ਦਿੱਤਾ ਜਾਂਦਾ ਹੈ ਅਤੇ ਮੌਜੂਦਾ ਸਾਲ ਦੌਰਾਨ ਇਸ ਨੀਤੀ ਤਹਿਤ ਲਗਭਗ 2 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ। ਪੰਜਾਬ ਪੁਲਿਸ ਦੇ ਬੁਲਾਰੇ ਨੇ ਕਿਹਾ ਕਿ ਐਂਟੀ ਡਰੋਨ ਤਕਨਾਲੋਜੀ, ਰੈਪਿਡ ਰਿਸਪਾਂਸ ਟੀਮਾਂ, ਬੀਐਸਐਫ ਨਾਲ ਤਾਲਮੇਲ, ਕਮਿਊਨਿਟੀ ਵਿਜੀਲੈਂਸ, ਸੀਸੀਟੀਵੀ ਨਿਗਰਾਨੀ, ਨਾਕੇ, ਖੁਫੀਆ ਜਾਣਕਾਰੀ ਦੇ ਅਧਾਰ 'ਤੇ ਗ੍ਰਿਫ਼ਤਾਰੀਆਂ, ਵਿੱਤੀ ਤੌਰ 'ਤੇ ਕਮਜ਼ੋਰ ਕਰਨ, ਮੁੜਵਸੇਬਾ ਅਤੇ ਰੋਕਥਾਮ 'ਤੇ ਅਧਾਰਤ ਪੰਜਾਬ ਪੁਲਿਸ ਦੀ ਬਹੁ-ਪੱਧਰੀ ਰਿਸਪਾਂਸ ਪ੍ਰਣਾਲੀ ਸਦਕਾ ਅੰਤਰਰਾਸ਼ਟਰੀ ਸਰਹੱਦ ਪਾਰੋਂ ਤਸਕਰੀ ਕੀਤੇ ਜਾਣ ਵਾਲੇ ਨਸ਼ਿਆਂ ਦੀ ਪੰਜਾਬ ਵਿੱਚ ਜ਼ਮੀਨੀ ਪੱਧਰ 'ਤੇ ਉਪਲਬਧਤਾ 'ਚ ਤੇਜ਼ੀ ਨਾਲ ਗਿਰਾਵਟ ਆਈ ਹੈ। ਇਸ ਦੇ ਨਾਲ ਹੀ, ਨਵੇਂ ਰੁਝਾਨ ਦਰਸਾਉਂਦੇ ਹਨ ਕਿ ਦੂਜੇ ਸੂਬਿਆਂ ਤੋਂ ਤਸਕਰੀ ਕੀਤੇ ਜਾਣ ਵਾਲੇ ਫਾਰਮਾਸਿਊਟੀਕਲ ਡਰੱਗਜ਼ ਪੰਜਾਬ ਵਿੱਚ ਨਸ਼ਿਆਂ ਸਬੰਧੀ ਕਾਨੂੰਨ ਲਾਗੂ ਕਰਨ ਵਿੱਚ ਸਭ ਤੋਂ ਮਹੱਤਵਪੂਰਨ ਚੁਣੌਤੀ ਵਜੋਂ ਉਭਰ ਰਹੇ ਹਨ। ਪੰਜਾਬ ਵਿੱਚ ਫਾਰਮਾਸਿਊਟੀਕਲ ਡਰੱਗਜ਼ ਦੀ ਜ਼ਬਤੀ ਨਾਲ ਸਬੰਧਤ ਅੰਕੜਿਆਂ ਦੇ ਅਨੁਸਾਰ, ਜ਼ਿਆਦਾਤਰ ਫਾਰਮਾਸਿਊਟੀਕਲ ਡਰੱਗਜ਼ ਪੰਜਾਬ ਵਿੱਚ ਨਹੀਂ ਬਣਾਏ ਜਾਂਦੇ ਅਤੇ ਹਿਮਾਚਲ ਪ੍ਰਦੇਸ਼, ਗੁਜਰਾਤ, ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ, ਦਿੱਲੀ ਆਦਿ ਸੂਬਿਆਂ ਵਿੱਚ ਬਣਾਏ ਜਾਂਦੇ ਹਨ। ਬੁਲਾਰੇ ਨੇ ਦੱਸਿਆ ਕਿ ਹੋਰਨਾਂ ਸੂਬਿਆਂ ਤੋਂ ਪੰਜਾਬ ਵਿੱਚ ਵੱਡੀ ਮਾਤਰਾ ਵਿੱਚ ਫਾਰਮਾਸਿਊਟੀਕਲ ਡਰੱਗਜ਼ ਆ ਰਹੇ ਹਨ। ਸਾਲ 2025 ਤੋਂ ਹੁਣ ਤੱਕ, ਉੱਤਰ ਪ੍ਰਦੇਸ਼, ਰਾਜਸਥਾਨ, ਗੁਜਰਾਤ, ਹਰਿਆਣਾ, ਦਿੱਲੀ ਅਤੇ ਹਿਮਾਚਲ ਸਮੇਤ ਹੋਰ ਰਾਜਾਂ ਨਾਲ ਜੁੜੀਆਂ ਖੇਪਾਂ ਵਿੱਚੋਂ 11.54 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਬਰਾਮਦ ਕੀਤੇ ਗਏ ਹਨ। ਇੱਕ ਅੰਦਾਜ਼ੇ ਮੁਤਾਬਕ, ਪੰਜਾਬ ਵਿੱਚ ਮਿਲਣ ਵਾਲੇ ਫਾਰਮਾਸਿਊਟੀਕਲ ਡਰੱਗਜ਼ ਵਿੱਚੋਂ 80 ਫ਼ੀਸਦ ਗੁਜਰਾਤ, ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ ਅਤੇ ਦਿੱਲੀ ਆਦਿ ਰਾਜਾਂ ਤੋਂ ਆ ਰਹੇ ਹਨ; ਇਹ ਉਸ ਪੁਰਾਣੇ ਰੁਝਾਨ ਦੇ ਉਲਟ ਹੈ ਜਦੋਂ 80 ਫ਼ੀਸਦ ਨਸ਼ੀਲੇ ਪਦਾਰਥ ਪਾਕਿਸਤਾਨ ਨਾਲ ਲੱਗਦੀ ਅੰਤਰਰਾਸ਼ਟਰੀ ਸਰਹੱਦ ਰਾਹੀਂ ਪੰਜਾਬ ਵਿੱਚ ਤਸਕਰੀ ਕਰਕੇ ਲਿਆਂਦੇ ਜਾਂਦੇ ਸਨ। ਪੰਜਾਬ ਪੁਲਿਸ ਦੇ ਬੁਲਾਰੇ ਨੇ ਅੱਗੇ ਕਿਹਾ ਕਿ ਫਾਰਮਾਸਿਊਟੀਕਲ ਡਰੱਗਜ਼ ਦੀ ਵਰਤੋਂ ਦੇ ਉੱਭਰ ਰਹੇ ਰੁਝਾਨ ਨਾਲ ਨਜਿੱਠਣ ਲਈ ਅੰਤਰ-ਰਾਜੀ ਤਾਲਮੇਲ ਬੇਹੱਦ ਜ਼ਰੂਰੀ ਹੈ। ਨਿਰਮਾਤਾਵਾਂ, ਵਿਤਰਕਾਂ ਅਤੇ ਸੰਗਠਿਤ ਫਾਰਮਾਸਿਊਟੀਕਲ ਡਰੱਗ ਨੈੱਟਵਰਕਾਂ ਵਿਰੁੱਧ ਕਾਰਵਾਈ ਲਈ, ਉਨ੍ਹਾਂ ਸੂਬਿਆਂ ਨਾਲ ਲਗਾਤਾਰ ਤਾਲਮੇਲ ਬਣਾ ਕੇ ਕੰਮ ਕਰਨ ਦੀ ਲੋੜ ਹੈ ਜਿੱਥੋਂ ਇਹ ਨਸ਼ੇ ਪੈਦਾ ਹੁੰਦੇ ਹਨ ਜਾਂ ਜਿਨ੍ਹਾਂ ਰਾਹੀਂ ਇਨ੍ਹਾਂ ਦੀ ਤਸਕਰੀ ਹੁੰਦੀ ਹੈ। ਪੰਜਾਬ ਪੁਲਿਸ ਵੱਲੋਂ ਸੰਬੰਧਤ ਸੂਬਿਆਂ ਕੋਲ ਇਹ ਮਾਮਲਾ ਉਠਾਇਆ ਜਾਵੇਗਾ ਤਾਂ ਜੋ ਨਿਰਮਾਣ ਇਕਾਈਆਂ ਸਬੰਧੀ ਬਿਹਤਰ ਨਿਯਮਾਂ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਸਾਰੇ ਫਾਰਮਾਸਿਊਟੀਕਲ ਡਰੱਗਜ਼ ਦੀ ਵਿਕਰੀ, ਖਰੀਦ ਅਤੇ ਤਸਕਰੀ 'ਤੇ ਲਗਾਤਾਰ ਪੈਨੀ ਅੱਖ ਰੱਖੀ ਜਾ ਸਕੇ ਅਤੇ ਇਨ੍ਹਾਂ ਨਸ਼ਿਆਂ ਨੂੰ ਪੰਜਾਬ ਵੱਲ ਆਉਣ ਤੋਂ ਰੋਕਿਆ ਜਾ ਸਕੇ।

# ਅਮਰੀਕਾ 'ਚ ਮੁੜ ਚਾਕੂਬਾਜ਼ੀ ਦੀ ਘਟਨਾ, ਮਾਨਸਿਕ ਪਰੇਸ਼ਾਨੀ ਨਾਲ ਜੂਝ ਔਰਤ ਨੂੰ ਪੁਲਿਸ ਨੇ ਮਾਰੀ ਗੋਲੀ

ਨਵੀਂ ਦਿੱਲੀ 13 ਸਤੰਬਰ। ਸੋਮਵਾਰ ਦੁਪਹਿਰ ਨੂੰ ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿੱਚ ਇੱਕ ਭਿਆਨਕ ਘਟਨਾ ਵਾਪਰੀ। ਕਵੀਨਜ਼ ਦੀ ਇੱਕ 49 ਸਾਲਾ ਔਰਤ ਨੇ ਦੋ ਲੋਕਾਂ ਨੂੰ ਚਾਕੂ ਮਾਰ ਦਿੱਤਾ, ਜਿਸ ਨਾਲ ਇੱਕ ਦੀ ਮੌਤ ਹੋ ਗਈ। ਇਸ ਤੋਂ ਥੋੜ੍ਹੀ ਦੇਰ ਬਾਅਦ ਪੁਲਿਸ ਨਾਲ ਟਕਰਾਅ ਦੌਰਾਨ ਉਸਨੂੰ ਗੋਲੀ ਮਾਰ ਦਿੱਤੀ ਗਈ। ਔਰਤ ਨੇ ਸ਼ਾਪਿੰਗ ਬੈਗ ਵਿੱਚੋਂ ਦੋ ਰਸੋਈ ਦੇ ਚਾਕੂ ਕੱਢੇ ਅਤੇ ਇੱਕ 68 ਸਾਲਾ ਵਿਅਕਤੀ ਦੇ ਪੇਟ ਵਿੱਚ ਚਾਕੂ ਮਾਰ ਦਿੱਤਾ ਜਦੋਂ ਉਹ ਇੱਕ ਸਬਵੇ ਸਟੇਸ਼ਨ ਦੇ ਬਾਹਰ ਉਡੀਕ ਕਰ ਰਿਹਾ ਸੀ। ਕੁਝ ਸਕਿੰਟਾਂ ਬਾਅਦ, ਉਸਨੇ ਇੱਕ ਹੋਰ 32 ਸਾਲਾ ਔਰਤ 'ਤੇ ਹਮਲਾ ਕਰ ਦਿੱਤਾ। ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ। ਹਮਲੇ ਵਿੱਚ ਔਰਤ ਦੀ ਮੌਤ ਹੋ ਗਈ, ਜਦੋਂ ਕਿ ਆਦਮੀ ਦੀ ਹਾਲਤ ਸਥਿਰ ਹੈ। ਪੁਲਿਸ ਨੇ ਪੀੜਤਾਂ ਦੀ ਪਛਾਣ ਜਾਰੀ ਨਹੀਂ ਕੀਤੀ ਹੈ। ਇਹ ਘਟਨਾ ਵਨ ਟਾਈਮਜ਼ ਸਕੁਏਅਰ ਦੇ ਬਾਹਰ ਇੱਕ ਸਬਸਟੇਸ਼ਨ ਦੇ ਨੇੜੇ ਵਾਪਰੀ। ਅਧਿਕਾਰੀਆਂ ਨੇ ਔਰਤ ਨੂੰ ਆਪਣਾ ਹਥਿਆਰ ਸੁੱਟਣ ਲਈ ਕਹਿਣ ਵਿੱਚ ਕਈ ਮਿੰਟ ਬਿਤਾਏ, ਪਰ ਉਸਨੇ ਇਨਕਾਰ ਕਰ ਦਿੱਤਾ ਅਤੇ ਧਮਕੀ ਦਿੱਤੀ, ਮੈਂ ਕੁਝ ਵੀ ਹੇਠਾਂ ਨਹੀਂ ਰੱਖਣ ਜਾ ਰਹੀ, ਪਰ ਮੈਂ ਤੁਹਾਨੂੰ ਦੋਵਾਂ ਨੂੰ ਮਾਰ ਦਿਆਂਗੀ। ਵੀਡੀਓ ਵਿੱਚ ਉਸਨੂੰ ਚਾਕੂ ਲਹਿਰਾਉਂਦੇ ਹੋਏ ਅਧਿਕਾਰੀਆਂ ਵੱਲ ਹਮਲਾ ਕਰਦੇ ਹੋਏ ਦਿਖਾਇਆ ਗਿਆ ਹੈ। ਥੋੜ੍ਹੀ ਜਿਹੀ ਜੱਦੋ-ਜਹਿਦ ਤੋਂ ਬਾਅਦ, ਅਧਿਕਾਰੀਆਂ ਨੇ ਗੋਲੀਬਾਰੀ ਕੀਤੀ, ਜਿਸ ਕਾਰਨ ਔਰਤ ਡਿੱਗ ਪਈ, ਜਿੱਥੇ ਉਸਨੂੰ ਹੱਥਕੜੀ ਲਗਾਈ ਗਈ ਅਤੇ ਡਾਕਟਰੀ ਇਲਾਜ ਦਿੱਤਾ ਗਿਆ। ਕਮਿਸ਼ਨਰ ਜੈਸਿਕਾ ਟਿਸ਼ ਨੇ ਕਿਹਾ ਕਿ ਜਾਂਚ ਵਿੱਚ ਅੱਤਵਾਦ ਦਾ ਕੋਈ ਸਬੂਤ ਨਹੀਂ ਮਿਲਿਆ। ਔਰਤ ਦਾ 2018 ਅਤੇ 2019 ਵਿੱਚ ਕੋਲ ਮਾਨਸਿਕ ਸਿਹਤ ਰਿਕਾਰਡ ਸੀ, ਪਰ ਕੋਈ ਗ੍ਰਿਫਤਾਰੀ ਰਿਕਾਰਡ ਨਹੀਂ ਸੀ। ਟਾਈਮਜ਼ ਸਕੁਏਅਰ ਵਰਗੇ ਵਿਅਸਤ ਖੇਤਰ ਵਿੱਚ ਇਹ ਇੱਕ ਬਹੁਤ ਹੀ ਖ਼ਤਰਨਾਕ ਸਥਿਤੀ ਸੀ, ਟਿਸ਼ ਨੇ ਕਿਹਾ। ਮੇਅਰ ਮਮਦਾਨੀ ਅਤੇ ਟਿਸ਼ ਨੇ ਪੁਲਿਸ ਅਧਿਕਾਰੀਆਂ ਦੀ ਪ੍ਰਸ਼ੰਸਾ ਕੀਤੀ।


**NAME CHANGE**

I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**

I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**

I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

**PUBLIC NOTICE**

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**

I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**

I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



**NAME CHANGE**

I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**

I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**

I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



**NAME CHANGE**

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



**NAME CHANGE**

I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



**NAME CHANGE**

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



**PUBLIC NOTICE**

I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**

I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**

I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**

I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**

I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**

I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**

I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**

I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**

I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**

I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**

I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**

I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



**PUBLIC NOTICE**

My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.



**NAME CHANGE**

I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



**NAME CHANGE**

I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**

I hitherto known as RAGHAVENDRA SINGH S/O MAN SINGH R/O HOUSE NUMBER-350, STREET NUMBER-02, BEDI NAGAR, BEDI NAGAR, Moga, PO-Moga, DIST-Moga, Punjab- 142001 have changed my name and shall hereafter be known as RAJWINDER SINGH.



**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**

I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**

I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**

I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**

I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**

MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

PINKI LAMBA MANN
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਜਿੱਥੇ ਹੋਵੇ ਪਿਆਰ ਨਾ ਕਰੀਏ ਵਪਾਰ



## ਸੇਵਿੰਗ ਅਕਾਊਂਟ ਨੂੰ ਬੰਦ ਕਰਾਉਣ ਬਾਰੇ ਜ਼ਰੂਰੀ ਗੱਲਾਂ

ਬੈਂਕ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਨਿਰਧਾਰਿਤ ਨਿਯਮਾਂ ਅਨੁਸਾਰ ਕੰਮ ਕਰਦੇ ਹਨ ਤਾਂ ਕਿ ਆਮ ਲੋਕਾਂ ਨੂੰ ਆਸਾਨੀ ਨਾਲ ਸਾਰੀਆਂ ਬੈਂਕਿੰਗ ਸੁਵਿਧਾਵਾਂ ਮਿਲ ਜਾਣ। ਇਸ ਤੋਂ ਇਲਾਵਾ ਸਵਤੰਤਰ ਵਿੱਤੀ ਸੰਸਥਾਨ ਹੋਣ ਦੇ ਨਾਤੇ ਬੈਂਕਾਂ ਨੂੰ ਆਪਣੇ ਬਹੀ ਖ਼ਾਤੇ ’ਚ ਇਕ ਪਾਜ਼ੀਟਿਵ ਲਾਭ ਮਾਰਜ਼ਨ ਵੀ ਰੱਖਣਾ ਪੈਂਦਾ ਹੈ। ਇਸ ਲਈ ਬੈਂਕ ਆਪਣੇ ਰੈਗੂਲਰ ਅਤੇ ਕਾਰਪੋਰੇਟ ਯੂਜ਼ਰਜ਼ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ’ਤੇ ਉਪਭੋਗਤਾ ਤੋਂ ਤਰ੍ਹਾਂ-ਤਰ੍ਹਾਂ ਦੀ ਫ਼ੀਸ ਜਾਂ ਚਾਰਜ ਲੈਂਦੇ ਹਨ। ਬੈਂਕਾਂ ਨੇ ਆਪਣੇ ਨੁਕਸਾਨ ਘੱਟ ਕਰਨ ਲਈ ਐਵਰੇਜ ਬੈਲੇਂਸ ਸੀਮਾ ਨੂੰ ਵਧਾ ਦਿੱਤਾ ਹੈ। ਸਰਕਾਰੀ ਬੈਂਕਾਂ ਦੇ ਨਾਲ ਨਾਲ ਪ੍ਰਾਈਵੇਟ ਬੈਂਕ ਵੀ ਘੱਟ ਤੋਂ ਘੱਟ ਮਹੀਨਾਵਾਰ ਬੈਲੇਂਸ ਜਾਂ ਐਵਰੇਜ ਕਵਾਲਿਟੀ ਬੈਲੇਂਸ ਦਾ ਪਾਲਣ ਕਰਨ ਲਈ ਕਹਿੰਦੇ ਹਨ। ਐਮਏਬੀ ਦੀ ਸ਼ਰਤ ਪੂਰੀ ਨਾ ਕਰਨ ’ਤੇ ਜੁਰਮਾਨਾ ਅਤੇ ਜ਼ਿਆਦਾ ਚਾਰਜ ਲਗ ਸਕਦੇ ਹਨ। ਕੀ ਲੋਕਾਂ ਨੂੰ ਪਤਾ ਨਹੀਂ ਲਗਦਾ ਕਿ ਸੇਵਿੰਗ ਬੈਂਕ ਅਕਾਊਂਟ ਨੂੰ ਬੰਦ ਕਰਾਉਣ ’ਤੇ ਵੀ ਚਾਰਜ ਲਗ ਸਕਦੇ ਹਨ।

ਆਰਬੀਆਈ ਦਾ ਨਿਯਮ ਅਤੇ ਸੇਵਿੰਗ ਬੈਂਕ ਅਕਾਊਂਟ ਨੂੰ ਬੰਦ ਕਰਾਉਣ ਦੀ ਪ੍ਰਕਿਰਿਆ ਆਰਬੀਆਈ ਨੇ ਅਕਾਊਂਟ ਬੰਦ ਕਰਾਉਣ ’ਤੇ ਲੱਗਣ ਵਾਲੇ ਚਾਰਜ ਬਾਰੇ ਕੋਈ ਨਿਸ਼ਚਿਤ ਦਿਸ਼ਾ ਨਿਰਦੇਸ਼ ਨਹੀਂ ਦਿੱਤੇ ਹਨ। ਬੈਂਕ ਆਪਣੇ ਫਾਈਨੈਂਸ਼ੀਅਲ ਪਜ਼ੀਸ਼ਨ ਦੇ ਆਧਾਰ ’ਤੇ ਅਕਾਊਂਟ ਬੰਦ ਕਰਨ ’ਤੇ ਚਾਰਜ ਲੈਣ ਲਈ ਆਜ਼ਾਦ ਹੈ। ਇਸ ਲਈ ਕੁਝ ਬੈਂਕ ਹੋਰ ਬੈਂਕਾਂ ਦੀ ਤੁਲਨਾ ’ਚ ਅਕਾਊਂਟ ਬੰਦ ਕਰਨ ’ਤੇ ਥੋੜ੍ਹਾ ਜ਼ਿਆਦਾ ਚਾਰਜ ਲੈ ਸਕਦੇ ਹਨ ਜਦਕਿ ਕੁਝ ਬੈਂਕ ਅਜਿਹੇ ਕਿਸੇ ਸੇਵਿੰਗ ਬੈਂਕ ਅਕਾਊਂਟ ਨੂੰ ਬੰਦ ਕਰਨ ’ਤੇ ਕੋਈ ਚਾਰਜ ਨਾ ਲੈਣ ਦਾ ਸਾਧਨ ਵੀ ਚੁਣ ਸਕਦੇ ਹਨ।




### ਖ਼ਾਤਾ ਬੰਦ ਕਰਨ ’ਤੇ ਚਾਰਜ ਕਿਉਂ?

*ਕੁਝ ਬੈਂਕ ਅਕਾਊਂਟ ਖੋਲ੍ਹਣ ਦੌਰਾਨ ਦਿੱਤੀ ਜਾਣ ਵਾਲੀ ਤਰ੍ਹਾਂ ਤਰ੍ਹਾਂ ਦੀਆਂ ਸੇਵਾਵਾਂ ’ਤੇ ਹੋਣ ਵਾਲੇ ਖ਼ਰਚ ਨੂੰ ਵਸੂਲ ਕਰਨ ਲਈ ਉਸ ਅਕਾਊਂਟ ਨੂੰ ਬੰਦ ਕਰਾਉਂਦੇ ਸਮੇਂ ਚਾਰਜ ਲੈਂਦੇ ਹਨ। ਇਸ ’ਚ ਚੈੱਕਬੁੱਕ, ਡੈਬਿਟ ਕਾਰਡ ਆਦਿ ਜਾਰੀ ਕਰਨ ਦਾ ਖ਼ਰਚ ਸ਼ਾਮਲ ਹੋ ਸਕਦਾ ਹੈ। ਸੇਵਿੰਗ ਬੈਂਕ ਅਕਾਊਂਟ ਖੋਲਦੇ ਸਮੇਂ ਉਸ ਅਕਾਊਂਟ ਨਾਲ ਜੁੜੀਆਂ ਸਾਰੀਆਂ ਪ੍ਰਕਿਰਿਆਵਾਂ ਅਤੇ ਚਾਰਜਾਂ ਬਾਰੇ ਜਾਨਣਾ ਜ਼ਰੂਰੀ ਹੈ। ਵੱਖ-ਵੱਖ ਬੈਂਕ ਅਕਾਊਂਟ ਬੰਦ ਕਰਾਉਣ ’ਤੇ ਵੱਖ ਵੱਖ ਚਾਰਜ ਲੈਂਦੇ ਹਨ। ਉਦਾਹਰਨ ਦੇ ਤੌਰ ’ਤੇ ਭਾਰਤੀ ਸਟੇਟ ਬੈਂਕ ਨੇ ਹੁਣੇ ਹੀ ਇਕ ਸਾਲ ਤੋਂ ਜ਼ਿਆਦਾ ਪੁਰਾਣੇ ਅਕਾਊਂਟ ਬੰਦ ਕਰਾਉਣ ’ਤੇ ਲੱਗਣ ਵਾਲੇ ਚਾਰਜ ਨੂੰ ਹਟਾ ਲਿਆ ਹੈ। ਇਸ ਤੋਂ ਇਲਾਵਾ ਐੱਸਬੀਆਈ ਅਕਾਊਂਟ ਖੋਲ੍ਹਣ ਦੇ 14 ਦਿਨ ਅੰਦਰ ਕਿਸੇ ਕਾਰਨ ਨਾਲ ਅਕਾਊਂਟ ਬੰਦ ਕਰਾਉਣ ’ਤੇ ਕੋਈ ਚਾਰਜ ਨਹੀਂ ਲੈਂਦਾ ਹੈ ਪਰ ਜੇ ਅਕਾਊਂਟ 15 ਦਿਨਾਂ ਤੋਂ ਲੈ ਕੇ ਇਕ ਸਾਲ ਤਕ ਪੁਰਾਣਾ ਹੈ ਤਾਂ ਉਸ ਨੂੰ ਬੰਦ ਕਰਾਉਣ ’ਤੇ 500 ਰੁਪਏ ਚਾਰਜ ਅਤੇ ਜੀਐੱਸਟੀ ਟੈਕਸ ਦੇਣਾ ਪੈ ਸਕਦਾ ਹੈ। ਇਨ੍ਹਾਂ ਸਾਰੇ ਚਾਰਜਾਂ ਬਾਰੇ ਅਕਾਊਂਟ ਖੁਲਵਾ ਕੇ ਇਸ ਤਰ੍ਹਾਂ ਦੇ ਚਾਰਜ ਤੋਂ ਬਚਿਆ ਜਾ ਸਕਦਾ ਹੈ।*

### ਇਕ ਤੋਂ ਜ਼ਿਆਦਾ ਬੈਂਕ ਖ਼ਾਤੇ ਬੰਦ ਕਰਾਓ-

ਕਈ ਲੋਕਾਂ ਕੋਲ ਇਕ ਤੋਂ ਜ਼ਿਆਦਾ ਬੈਂਕ ਅਕਾਊਂਟ ਹੁੰਦੇ ਹਨ। ਅਕਾਊਂਟ ਨਾ ਚਲਾਉਣ ’ਤੇ ਜਾਂ ਪ੍ਰਾਪਤ ਫੰਡ ਨਾ ਰੱਖਣ ’ਤੇ ਐਮਏਬੀ ਚਾਰਜ ’ਚ ਵਾਧਾ ਹੋ ਸਕਦਾ ਹੈ ਜਿਸ ਨਾਲ ਅੱਗੇ ਚੱਲ ਕੇ ਵਿਅਕਤੀ ਦੇ ਕ੍ਰੈਡਿਟ ਸਕੋਰ ’ਤੇ ਅਸਰ ਪੈ ਸਕਦਾ ਹੈ।

ਇਕ ਤੋਂ ਜ਼ਿਆਦਾ ਬੈਂਕ ਅਕਾਊਂਟ ’ਚ ਰੱਖੇ ਜਾਣ ਵਾਲੇ ਪਾਰਕਿੰਗ ਫੰਡ ’ਤੇ ਸਿਰਫ਼ 4 ਫ਼ੀਸਦੀ ਵਿਆਜ ਮਿਲਦਾ ਹੈ ਜੋ ਮਹਿੰਗਾਈ ਦਰ ਨੂੰ ਹਮੇਸ਼ਾ ਮਾਤ ਦੇਣ ’ਚ ਕਾਮਯਾਬ ਨਹੀਂ ਵੀ ਹੋ ਸਕਦਾ। ਇਸ ਲਈ ਜ਼ਿਆਦਾਤਰ ਜ਼ਰੂਰੀ ਸੇਵਿੰਗ ਬੈਂਕ ਅਕਾਊਂਟ ਨੂੰ ਬੰਦ ਕਰਵਾ ਕੇ ਉਸ ਪੈਸੇ ਨੂੰ ਵੱਖ ਵੱਖ ਨਿਵੇਸ਼ ਸਾਧਨਾਂ ’ਚ ਨਿਵੇਸ਼ ਕੀਤਾ ਜਾ ਸਕਦਾ ਹੈ ਤਾਂ ਕਿ ਸੇਵਿੰਗ ਬੈਂਕ ਖਾਤੇ ਦੀ ਤੁਲਨਾ ’ਚ ਜ਼ਿਆਦਾ ਰਿਟਰਨ ਮਿਲ ਸਕੇ।

### ਖ਼ਾਤਾ ਬੰਦ ਕਰਨ ਦੀ ਪ੍ਰਕਿਰਿਆ

- ਜ਼ਰੂਰੀ ਬੈਂਕ ਖ਼ਾਤੇ ’ਚ ਰੱਖੇ ਪੈਸੇ ਨੂੰ ਕਿਸੇ ਹੋਰ ਅਕਾਊਂਟ ’ਚ ਟ੍ਰਾਂਸਫਰ ਕਰ ਲਓ ਜਾਂ ਪੈਸੇ ਕਢਵਾ ਲਓ।
- ਬੈਂਕ ਬ੍ਰਾਂਚ ’ਚ ਜਾਓ ਅਤੇ ਅਕਾਊਂਟ ਕਲੋਜ਼ਰ ਫਾਰਮ ਭਰ ਕੇ ਅਕਾਊਂਟ ਬੰਦ ਕਰਨ ਦੀ ਅਰਜ਼ੀ ਦਿਓ। ਇਸ ਫਾਰਮ ਨੂੰ ਆਨਲਾਈਨ ਵੀ ਭਰਿਆ ਜਾ ਸਕਦਾ ਹੈ।
- ਬੈਂਕ ਉਸ ਖ਼ਾਤੇ ਨਾਲ ਜੁੜੇ ਬਕਾਇਆ ਚਾਰਜ ਦੀ ਜਾਂਚ ਕਰੇਗਾ। ਜੇ ਕੋਈ ਚਾਰਜ ਬਕਾਇਆ ਨਹੀਂ ਹੈ ਤਾਂ ਬੈਂਕ, ਸੇਵਿੰਗ ਬੈਂਕ ਅਕਾਊਂਟ ਨੂੰ ਬੰਦ ਕਰਨ ਦੀ ਮਨਜ਼ੂਰੀ ਦੇਣ ਤੋਂ ਪਹਿਲਾਂ ਅਕਾਊਂਟ ਹੋਲਡਰ ਨੂੰ ਜਾਂ ਤਾਂ ਉਸ ਖ਼ਾਤੇ ਨਾਲ ਜੁੜੇ ਡੈਬਿਟ ਕਾਰਡ ਅਤੇ ਚੈੱਕਬੁੱਕ ਨੂੰ ਜਮ੍ਹਾਂ ਕਰਨ ਲਈ ਕਹੇਗਾ ਜਾਂ ਉਸ ਨੂੰ ਖ਼ਤਮ ਕਰਨ ਲਈ ਕਹੇਗਾ। •

# ਕੀ ਹਨ ਬੱਚਤ ਸਕੀਮਾਂ?


ਲੋਕਾਂ ਤੋਂ ਜਦੋਂ ਪਬਲਿਕ ਪ੍ਰਾਵੀਡੈਂਟ ਫੰਡ (ਪੀਪੀਐੱਫ) ਬਾਰੇ ’ਚ ਪੁਛਿਆ ਜਾਵੇ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਦਾ ਧਿਆਨ ਆਪਣੇ ਆਫ਼ਿਸ ਵਾਲੇ ਪੀਐੱਫ ਖ਼ਾਤੇ ’ਤੇ ਜਾਵੇਗਾ ਜਿਸ ’ਚ ਤੁਹਾਡੀ ਤਨਖ਼ਾਹ ’ਚੋਂ ਕੁਝ ਪੈਸੇ ਕੱਟ ਕੇ ਇਕ ਹੀ ਖ਼ਾਤੇ ’ਚ ਜਮ੍ਹਾਂ ਕਰ ਦਿੱਤੇ ਜਾਂਦੇ ਹਨ। ਪਰ ਪੀਪੀਐੱਫ ਇਸ ਤੋਂ ਵੱਖਰਾ ਖ਼ਾਤਾ ਹੈ, ਜਿਸ ’ਚ ਖ਼ਾਤਾ ਖੋਲ੍ਹ ਕੇ ਤੁਸੀਂ ਸੇਵਿੰਗ ਦੇ ਨਾਲ-ਨਾਲ ਇਨਕਮ ਟੈਕਸ ’ਚ ਛੋਟ ਵੀ ਲੈ ਸਕਦੇ ਹੋ ਪਰ ਪੀਐੱਫ ਅਤੇ ਪੀਪੀਐੱਫ ਦੋਵਾਂ ਦੇ ਆਪਣੇ ਆਪਣੇ ਨਿਯਮ ਹਨ। ਅਜਿਹੇ ’ਚ ਨਿਯਮਾਂ ਅਤੇ ਅੰਤਰ ਨੂੰ ਸਮਝ ਕੇ ਹੀ ਪੀਪੀਐੱਫ ’ਚ ਨਿਵੇਸ਼ ਕਰੋ।

### ਈਪੀਐੱਫ ਜਾਂ ਪੀਪੀਐੱਫ

ਖ਼ਾਤਾ ਉਹ ਹੁੰਦਾ ਹੈ ਜੋ ਨੌਕਰੀ ਪੇਸ਼ਾ ਲੋਕਾਂ ਲਈ ਹੁੰਦਾ ਹੈ। ਇਸ ’ਚ ਤੁਹਾਡਾ ਕਰਮਚਾਰੀ ਤੁਹਾਡੀ ਬੇਸਿਕ ਸੈਲਰੀ ’ਚੋਂ ਨਿਸ਼ਚਿਤ ਆਮਦਨ ਕੱਟ ਕੇ ਪੀਐੱਫ ਖ਼ਾਤੇ ’ਚ ਜਮ੍ਹਾਂ ਕਰਾ ਦਿੰਦਾ ਹੈ। ਇਹ ਰਕਮ ਸਰਕਾਰ ਦੁਆਰਾ ਨਿਰਧਾਰਿਤ ਹੁੰਦੀ ਹੈ ਅਤੇ ਇਸ ਤੈਅ ਰਕਮ ’ਚ ਕਰਮਚਾਰੀ ਆਪਣੇ ਵੱਲੋਂ 12 ਫ਼ੀਸਦੀ ਹਿੱਸਾ ਜਮ੍ਹਾਂ ਕਰਾਉਂਦਾ ਹੈ। ਵਿਅਕਤੀ ਦੀ ਫ਼ੀਸਦੀ ਹਿੱਸੇ ਜਮ੍ਹਾਂ ਰਕਮ ’ਚੋਂ 8.33 ਫ਼ੀਸਦੀ ਕਰਮਚਾਰੀ ਪੈਨਸ਼ਨ ਯੋਜਨਾ ’ਚ ਜਾਂਦਾ ਹੈ। ਇਸ ’ਚ ਤੁਹਾਡੇ ਨਿਵੇਸ਼ ’ਚ 8.65 ਫ਼ੀਸਦੀ ਵਿਆਜ ਮਿਲਦਾ ਹੈ। ਈਪੀਐੱਫ ਦਾ ਪੈਸਾ ਤੁਸੀਂ ਆਪਣੀ ਮੌਜੂਦਾ ਨੌਕਰੀ ਛੱਡਣ ਤੋਂ ਬਾਅਦ ਕਦੇ ਵੀ ਕਢਵਾ ਸਕਦੇ ਹੋ ਜਾਂ ਫਿਰ ਉਸ ਨੂੰ ਆਪਣੀ ਨਵੀਂ ਨੌਕਰੀ ’ਚ ਜੋੜ ਸਕਦੇ ਹੋ। ਇਸ ਲਈ ਹੁਣ ਹਰ ਖ਼ਾਤਾ ਧਾਰਕ ਨੂੰ ਯੂਏਐੱਨ ਨੰਬਰ ਮਿਲਦਾ ਹੈ।

### ਪੀਪੀਐੱਫ

ਪਬਲਿਕ ਪ੍ਰਾਵੀਡੈਂਟ ਫੰਡ ਕੇਂਦਰ ਸਰਕਾਰ ਦੁਆਰਾ ਚਲਾਈ ਇਕ ਸਕੀਮ ਹੈ। ਇਹ ਸਕੀਮ ਬੈਂਕ ਅਤੇ ਪੋਸਟ ਆਫਿਸ ਦੁਆਰਾ ਚਲਾਈ ਜਾਂਦੀ ਹੈ। ਜੇ ਤੁਸੀਂ ਫ੍ਰੀਲਾਂਸਰ ਜਾਂ ਕਾਂਟਰੈਕਟ ’ਤੇ ਕੰਮ ਕਰਦੇ ਹੋ ਜਾਂ ਆਪਣਾ ਕੰਮ ਆਪ ਕਰਦੇ ਹੋ ਤਾਂ ਵੀ ਪੀਪੀਐੱਫ ਖ਼ਾਤਾ ਖੁਲ੍ਹਵਾ ਸਕਦੇ ਹੋ। ਇਸ ’ਚ ਤੁਹਾਡੇ ਨਿਵੇਸ਼ ’ਤੇ 7.8 ਫ਼ੀਸਦੀ ਵਿਆਜ ਮਿਲਦਾ ਹੈ। ਪੀਪੀਐੱਫ ਦਾ ਪੈਸਾ ਆਮਤੌਰ ’ਚ 15 ਸਾਲ ਦੀ ਮਚਿਓਰਿਟੀ ਤੋਂ ਬਾਅਦ ਹੀ ਕਢਵਾਇਆ ਜਾ ਸਕਦਾ ਹੈ। ਹਾਲਾਂਕਿ ਖ਼ਾਤਾ ਖੋਲਣ ਦੇ ਪੰਜ ਸਾਲ ਬਾਅਦ ਤੁਸੀਂ ਕੁਲ ਜਮ੍ਹਾਂ ਰਕਮ ’ਚੋਂ ਕੁਝ ਹਿੱਸਾ ਕਢਵਾ ਸਕਦੇ ਹੋ। ਪੀਪੀਐੱਫ ਖ਼ਾਤਾ ਖੁਲਵਾਉਣ ਲਈ ਇਹ ਜ਼ਰੂਰੀ ਨਹੀਂ ਹੈ ਕਿ ਤੁਹਾਡਾ ਬੈਂਕ ’ਚ ਪਹਿਲਾਂ ਤੋਂ ਖ਼ਾਤਾ ਹੋਵੇ। ਤੁਸੀਂ ਕਿਸੇ ਵੀ ਰਾਸ਼ਟਰੀ ਬੈਂਕ ਦੀ ਸ਼ਾਖ਼ਾ ’ਚ ਜਾ ਕੇ ਜਾਂ ਪੋਸਟ ਆਫਿਸ ’ਚ ਆਪਣਾ ਪੀਪੀਐੱਫ ਖ਼ਾਤਾ ਖੁਲਵਾ ਸਕਦੇ ਹੋ। ਇਸ ’ਚ ਤੁਸੀਂ ਹਰ ਸਾਲ ਘੱਟ ਤੋਂ ਘੱਟ 500 ਰੁਪਏ ਅਤੇ ਜ਼ਿਆਦਾਤਰ 1,50,000 ਰੁਪਏ ਜਮ੍ਹਾਂ ਕਰ ਸਕਦੇ ਹੋ।




### ਟੈਕਸ ਤੋਂ ਵੀ ਬਚਾਉਂਦਾ ਹੈ

ਈਪੀਐੱਫ ਦੀ ਤਰ੍ਹਾਂ ਪੀਪੀਐੱਫ ਦਾ ਸਭ ਤੋਂ ਵੱਡਾ ਫ਼ਾਇਦਾ ਉਸਦਾ ਈਈਈ ਭਾਵ exampt exampt exampt ਸਕੀਮ ’ਤੇ ਚੱਲਣਾ ਹੈ। ਇਸ ਤੋਂ ਭਾਵ ਕਿ ਇਸ ’ਚ ਜਮ੍ਹਾਂ ਹੋਣ ਵਾਲੀ ਰਕਮ, ਇਸ ’ਤੇ ਮਿਲਣ ਵਾਲੇ ਵਿਆਜ ਅਤੇ ਮਚਿਓਰਿਟੀ ’ਤੇ ਮਿਲਣ ਵਾਲੀ ਰਕਮ ਤਿੰਨਾਂ ’ਤੇ ਪੂਰੀ ਤਰ੍ਹਾਂ ਟੈਕਸ ’ਤੇ ਛੋਟ ਮਿਲਦੀ ਹੈ।

### ਜ਼ਬਤ ਨਹੀਂ ਹੋ ਸਕਦਾ ਪੀਪੀਐੱਫ

ਪੀਪੀਐੱਫ ’ਚ ਜਮ੍ਹਾਂ ਰਾਸ਼ੀ ਨੂੰ ਕਿਸੇ ਵੀ ਸਥਿਤੀ ’ਚ ਕੋਰਟ ਜਾਂ ਸਰਕਾਰ ਵੱਲੋਂ ਜ਼ਬਤ ਨਹੀਂ ਕੀਤਾ ਜਾ ਸਕਦਾ ਹੈ। ਉਦਾਹਰਨ ਲਈ ਮੰਨ ਲਓ ਜੇ ਕਿਸੇ ਅਪਰਾਧੀ ਮਾਮਲੇ ’ਚ ਕੋਰਟ ਤੋਂ ਤੁਹਾਡੇ ਖ਼ਿਲਾਫ਼ ਕੁਕਰੀ ਦਾ ਆਦੇਸ਼ ਜਾਰੀ ਹੋ ਜਾਵੇ ਤਾਂ ਤੁਹਾਡੇ ਨਾਂ ’ਤੇ ਜੋ ਜਾਇਦਾਦ ਹੈ ਉਹ ਜ਼ਬਤ ਕਰ ਲਈ ਜਾਵੇਗੀ।

ਪੀਪੀਐੱਫ ’ਚ ਜਮ੍ਹਾਂ ਰਾਸ਼ੀ ਨੂੰ ਜ਼ਬਤ ਨਹੀਂ ਕੀਤਾ ਜਾਵੇਗਾ। ਇਸ ਤਰ੍ਹਾਂ ਦੀਆਂ ਬਚਤ ਸਕੀਮਾਂ ਸਾਡੀਆਂ ਵਿੱਤੀ ਜ਼ਰੂਰਤਾਂ ਪੂਰੀਆਂ ਕਰਨ ’ਚ ਕਾਰਗਰ ਸਾਬਿਤ ਹੁੰਦੀਆਂ ਹਨ। •

# ਪਹਿਲਾ ਇਕਰਾਰਨਾਮਾ ਤੇ ਆਖ਼ਰੀ ਵਸੀਅਤਨਾਮਾ



ਰਾਜਵੰਤ ਸਿੰਘ ਮੋਹਾਲੀ
ਮੋਬਾਈਲ 98142 64545

### ਇਕਰਾਰਨਾਮਾ ਕੀ ਹੈ?

ਇਕਰਾਰਨਾਮਾ ਦੋਵਾਂ ਧਿਰਾਂ ਵਿਚ ਹੋਏ ਸੌਦੇ ਦੀਆਂ ਸ਼ਰਤਾਂ ਦੀ ਸਹਿਮਤੀ ਦਾ ਕਾਨੂੰਨੀ ਦਸਤਾਵੇਜ਼ ਹੈ। ਇਸ ਦਸਤਾਵੇਜ਼ ਵਿਚ ਸੌਦੇ ਸਬੰਧਤ ਪੂਰੀਆਂ ਸ਼ਰਤਾਂ ਲਿਖੀਆਂ ਜਾਂਦੀਆਂ ਹਨ ਅਤੇ ਦੋਵੇਂ ਧਿਰਾਂ ਇਸ ਨੂੰ ਮੰਨਣ ਲਈ ਕਾਨੂੰਨੀ ਤੌਰ ’ਤੇ ਪਾਬੰਦ ਹੁੰਦੀਆਂ ਹਨ। ਜ਼ਮੀਨ ਕਿਸੇ ਵੀ ਭਾਅ ਵਿਕੀ ਹੈ, ਬਤੌਰ ਸਾਈ ਜਾਂ ਬਿਆਨੇ ਦੇ ਕਿੰਨੀ ਰਕਮ ਵਿਕਰੇਤਾ ਵੱਲੋਂ ਵਸੂਲ ਪਾਈ ਗਈ ਹੈ, ਕਬਜ਼ਾ ਜ਼ਮੀਨ ਕਦੋਂ ਦਿੱਤੀ ਜਾਣੀ ਚਾਹੀਦੀ ਹੈ ਅਤੇ ਮਿਆਦ ਰਜਿਸਟਰੀ ਕਦੋਂ ਤਕ ਦੀ ਹੈ ਆਦਿ ਜ਼ਰੂਰੀ ਸ਼ਰਤਾਂ ਲਿਖ ਕੇ ਇਕਰਾਰਨਾਮਾ ਤਸਦੀਕ ਕੀਤਾ ਜਾਂਦਾ ਹੈ ਤੇ ਬਤੌਰ ਗਵਾਹੀ ਦੋ ਗਵਾਹਾਂ ਦੇ ਦਸਤਖ਼ਤ ਕਰਵਾ ਲਏ ਜਾਂਦੇ ਹਨ। ਸਾਧਾਰਨ ਤੌਰ ’ਤੇ ਕਹੀਏ ਇਸ ਦਸਤਾਵੇਜ਼ ਵਿਚ ਸੌਦੇ ਸਬੰਧੀ ਕੀਤੇ ਇਕਰਾਰਾਂ ਦਾ ਖੁਲਾਸਾ ਹੁੰਦਾ ਹੈ।

ਇਕਰਾਰਨਾਮਾ ਇਕ ਦਸਤਾਵੇਜ਼ ਹੈ ਜਿਸ ’ਚ ਦੋਵਾਂ ਧਿਰਾਂ ਖ਼ਰੀਦਦਾਰ ਅਤੇ ਵਿਕਰੇਤਾ ਵੱਲੋਂ ਸਹਿਮਤ ਹੋਈਆਂ ਸ਼ਰਤਾਂ ਉੱਤੇ ਕਾਇਮ ਰਹਿਣ ਲਈ ਅਸ਼ਟਾਮ ’ਤੇ ਇਕ ਯਾਦਦਾਸ਼ਤ ਪੱਤਰ ਲਿਖਿਆ ਜਾਂਦਾ ਹੈ। ਇਸ ਦਸਤਾਵੇਜ਼ ਵਿਚ ਵਿਕਰੇਤਾ ਅਤੇ ਖ਼ਰੀਦਦਾਰ ਦੋਵਾਂ ਦੀਆਂ ਜ਼ਿੰਮੇਵਾਰੀਆਂ ਨੂੰ ਲਿਖਿਆ ਜਾਂਦਾ ਹੈ ਅਤੇ ਕਿਸੇ ਧਿਰ ਵੱਲੋਂ ਇਸ ਨੂੰ ਨਾ ਮੰਨਣ ਦੀ ਸੂਰਤ ’ਚ ਕਾਨੂੰਨ ਦਾ ਸਹਾਰਾ ਵੀ ਲਿਆ ਜਾ ਸਕਦਾ ਹੈ। ਇਹ ਦਸਤਾਵੇਜ਼ ਦੋਵਾਂ ਧਿਰਾਂ ਨੂੰ ਤਹਿ ਹੋਈਆਂ ਸਾਰੀਆਂ ਸ਼ਰਤਾਂ ਮੰਨਣ ਲਈ ਪਾਬੰਦ ਕਰਦਾ ਹੈ।

### ਇਕਰਾਰਨਾਮੇ ’ਚ ਆਮ ਤੌਰ ’ਤੇ ਲਿਖੀਆਂ ਜਾਣ ਵਾਲੀਆਂ ਸ਼ਰਤਾਂ

- ਦੋਵਾਂ ਧਿਰਾਂ ਵੱਲੋਂ ਖ਼ਰੀਦਣ ਲਈ ਅਤੇ ਵੇਚਣ ਲਈ ਸਹਿਮਤੀ।
- ਪ੍ਰਾਪਰਟੀ ਬਾਰੇ ਵਿਸਥਾਰ ਸਹਿਤ ਜਾਣਕਾਰੀ।
- ਸਹੀ ਅਤੇ ਝਗੜਾ ਰਹਿਤ ਟਾਈਟਲ।
- ਰਕਮ ਪੇਸ਼ਗੀ ਦੀ ਵਿਸਥਾਰ ਸਹਿਤ ਜਾਣਕਾਰੀ।
- ਅਸਲ ਕਾਗ਼ਜ਼ਾਂ ਦਾ ਪੂਰੀ ਰਕਮ ਦੀ ਵਸੂਲੀ ਤੋਂ ਬਾਅਦ ਖ਼ਰੀਦਦਾਰ ਨੂੰ ਦੇਣਾ।
- ਜੇ ਪ੍ਰਾਪਰਟੀ ਦਾ ਟਾਈਟਲ ਸਹੀ ਹੋਵੇ ਤਾਂ ਸੇਲ ਡੀਡ ਨੂੰ ਲਿਖਾਉਣਾ ਅਤੇ ਤਸਦੀਕ ਕਰਾਉਣਾ।
- ਪ੍ਰਾਪਰਟੀ ਦਾ ਕਬਜ਼ਾ ਦੇਣ ਦਾ ਸਮਾਂ।
- ਬਿਆਨੇ ਦੇ ਤੌਰ ’ਤੇ ਲਈ ਰਕਮ ਪੇਸ਼ਗੀ ਵਾਪਸ ਕਰਨ ਦੀ ਸੂਰਤ ਜੇ ਟਾਈਟਲ ’ਚ ਕੋਈ ਨੁਕਸ ਹੋਵੇ।
- ਕਿਸੇ ਧਿਰ ਵੱਲੋਂ ਆਪਣਾ ਰੋਲ ਪੂਰਾ ਨਾ ਕਰਨ ਤੇ ਅਦਾਲਤੀ ਕਾਰਵਾਈ।
- ਰਕਮ ਬਿਆਨਾ ਡੁੱਬਣ ਦੀ ਸ਼ਰਤ ਜੇ ਖ਼ਰੀਦਦਾਰ ਪੈਸੇ ਨਾ ਦੇ ਸਕੇ।
- ਕੋਈ ਹੋਰ ਕਾਰਵਾਈ ਜੇ ਸਰਕਾਰ ਵੱਲੋਂ ਕੋਈ ਨੋਟਿਸ ਆਇਆ ਹੋਵੇ।
- ਟੈਕਸ ਸਬੰਧਤ ਕੋਈ ਸ਼ਰਤ ਜੇ ਲਾਗੂ ਹੁੰਦੀ ਹੋਵੇ।
- ਪ੍ਰਾਪਰਟੀ ਦੀ ਲੋਕੇਸ਼ਨ ਬਾਰੇ ਲਿਖਿਆ ਜਾਣਾ।
- ਰਕਮ ਬਿਆਨਾ ਲੈਣ ਲਈ ਸਹਿਮਤੀ।



- ਇਸ ਤੋਂ ਬਿਨਾਂ ਕੋਈ ਹੋਰ ਵੀ ਸ਼ਰਤ ਜੇ ਲਾਗੂ ਹੁੰਦੀ ਹੋਵੇ।

ਇਕਰਾਰਨਾਮਾ ਦੋਵਾਂ ਧਿਰਾਂ ਅਤੇ ਜਤਾਈ ਹੋਈ ਇੱਛਾ ਨੂੰ ਦਿਖਾਉਂਦਾ ਹੈ ਕਿ ਇਸ ਪ੍ਰਾਪਰਟੀ ਨੂੰ ਖ਼ਰੀਦਣ ਅਤੇ ਵੇਚਣ ਲਈ ਦੋਵੇਂ ਧਿਰਾਂ ਤਿਆਰ ਹਨ। ਇਕਰਾਰਨਾਮੇ ਨੂੰ ਬੈਅਨਾਮਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਇਹ ਦਸਤਾਵੇਜ਼ ਕਿਸੇ ਤਰ੍ਹਾਂ ਦੇ ਵੀ ਹੱਕ ਤਬਦੀਲ ਕਰਨ ਦੀ ਸਮਰੱਥਾ ਨਹੀਂ ਰੱਖਦਾ।

### ਬੈਅਨਾਮਾ ਕੀ ਹੈ?

ਇਕ ਬੈਅਨਾਮਾ ਅਸਲ ’ਚ ਉਹ ਦਸਤਾਵੇਜ਼ ਹੈ ਜੋ ਇਕ ਧਿਰ ਤੋਂ ਦੂਜੀ ਧਿਰ ਵੱਲ ਪ੍ਰਾਪਰਟੀ ਦੇ ਹੱਕਾਂ ਨੂੰ ਤਬਦੀਲ ਕਰ ਸਕਦਾ ਹੈ। ਇਹ ਇਕ ਉਹ ਦਸਤਾਵੇਜ਼ ਹੈ ਜੋ ਇਕਰਾਰਨਾਮੇ ਦੀਆਂ ਸ਼ਰਤਾਂ ਨੂੰ ਜਾਰੀ ਰੱਖਦੇ ਹੋਏ ਲਿਖਿਆ ਅਤੇ ਤਸਦੀਕ ਕਰਵਾਇਆ ਜਾਂਦਾ ਹੈ।

**ਬੈਅਨਾਮੇ ਵਿਚ ਲਿਖੇ ਜਾਣ ਵਾਲੇ ਜ਼ਰੂਰੀ ਨੁਕਤੇ -**

- ਪ੍ਰਾਪਰਟੀ ਦੀ ਤਫ਼ਸੀਲ ਅਤੇ ਮਾਲਕੀਅਤ ਬਾਰੇ ਜਾਣਕਾਰੀ।
- ਖ਼ਰੀਦਦਾਰ ਵੱਲੋਂ ਪ੍ਰਾਪਰਟੀ ਦੇ ਟਾਈਟਲ ਅਤੇ ਮਾਲਕ ਸਹੀ ਹੋਣ ਦਾ ਪ੍ਰਮਾਣ।
- ਇਕਰਾਰਨਾਮੇ ਦਾ ਵੇਰਵਾ ਕੀਮਤ ਸਮੇਤ ਲਿਖਿਆ ਜਾਵੇ।
- ਹਰ ਤਰ੍ਹਾਂ ਦੇ ਹੱਕ ਕਲੇਮ ਦਾਅਵੇ ਜੋ ਵੀ ਹੋਣ ਵਿਕਰੇਤਾ ਵੱਲੋਂ ਖ਼ਰੀਦਦਾਰ ਦੇ ਹੱਕ ਵਿਚ ਛੱਡਣੇ।
- ਖ਼ਰੀਦਦਾਰ ਨੂੰ ਪ੍ਰਾਪਰਟੀ ਦੇ ਹੱਕਾਂ ਨੂੰ ਮਾਨਣ ਬਾਰੇ ਲਿਖਤ।
- ਵਿਕਰੇਤਾ ਵੱਲੋਂ ਬੈਅਨਾਮੇ ਵਿਚ ਪਾਈ ਗੜਬੜੀ ਦੇ ਹਰਜਾਨੇ ਵਜੋਂ ਲਿਖਤੀ ਸਬੂਤ ਕਿ ਖ਼ਰੀਦਦਾਰ ਨੁਕਸਾਨ ਦੀ ਸੂਰਤ ’ਚ ਉਸ ਦੀ ਹੋਰ ਜਾਇਦਾਦ ਤੋਂ ਆਪਣੇ ਨੁਕਸਾਨ ਦੀ ਭਰਪਾਈ ਕਰ ਸਕਦਾ ਹੈ।
- ਆਪਣੇ ਵਾਂਗੂ ਖ਼ਰੀਦਦਾਰ ਨੂੰ ਮਾਲਕ ਬਣਾਉਣਾ ਤਾਂ ਕਿ ਉਹ ਅੱਗੇ ਵੀ ਕਿਸੇ ਹੋਰ ਨੂੰ ਪ੍ਰਾਪਰਟੀ ਵੇਚ ਜਾਂ ਵਰਤ ਸਕੇ।
- ਇਸ ਦਾ ਮੁੱਖ ਨਿਚੋੜ ਹੈ ਕਿ ਇਕਰਾਰਨਾਮੇ ਵਿਚ ਲਿਖੀਆਂ ਸ਼ਰਤਾਂ ਮੁਤਾਬਿਕ ਖ਼ਰੀਦਦਾਰ ਨੂੰ ਪੂਰਨ ਤੌਰ ’ਤੇ ਪ੍ਰਾਪਰਟੀ ਦਾ ਮਾਲਕ ਬਣਾਉਣਾ ਹੁੰਦਾ ਹੈ।
- ਪ੍ਰਾਪਰਟੀ ਬੈਅਨਾਮਾ ਵਿਚ ਕੀਮਤ ਤੋਂ ਬਿਨਾਂ ਵੀ ਹੋਣ ਵਾਲੇ ਖ਼ਰਚੇ ਖ਼ਰੀਦਦਾਰ ਝੱਲਦਾ ਹੈ।

### ਇਕਰਾਰਨਾਮੇ ਅਤੇ ਬੈਅਨਾਮੇ ’ਚ ਫਰਕ

- ਬੈਅਨਾਮੇ ਮੁਤਾਬਿਕ ਪ੍ਰਾਪਰਟੀ ਦੀ ਮਾਲਕੀਅਤ ਤੁਰੰਤ ਤਬਦੀਲ ਹੋ ਜਾਂਦੀ ਹੈ ਜਦੋਂ ਕਿ ਇਕਰਾਰਨਾਮੇ ਮੁਤਾਬਿਕ ਇਹ ਬੈਅਨਾਮਾ ਤਸਦੀਕ ਕਰਾਉਣ ਤੋਂ ਬਾਅਦ ਤਬਦੀਲ ਹੁੰਦਾ ਹੈ।
- ਇਹ ਜ਼ਰੂਰੀ ਨਹੀਂ ਹੈ ਕਿ ਇਕਰਾਰਨਾਮਾ ਲਿਖਿਆ ਜਾਵੇ। ਕਈ ਵਾਰ ਖ਼ਰੀਦਦਾਰ ਮਾਲਕ ਜ਼ਮੀਨ ਤੋਂ ਸਿੱਧਾ ਬੈਅਨਾਮਾ ਵੀ ਕਰਵਾ ਲੈਂਦਾ ਹੈ। ਕਿਸੇ ਵੀ ਜ਼ਮੀਨ ਦੀ ਵਿਕਰੀ ਸਬੰਧ ਬੈਅਨਾਮਾ ਲਿਖਿਆ ਜਾਣਾ ਜ਼ਰੂਰੀ ਹੈ। ਇਕਰਾਰਨਾਮੇ ਤੋਂ ਬਾਅਦ ਬੈਅਨਾਮਾ ਨਹੀਂ ਸਗੋਂ ਇੰਤਕਾਲ ਮਨਜ਼ੂਰ ਕਰਵਾਉਣਾ ਜ਼ਰੂਰੀ ਹੁੰਦਾ ਹੈ।
- ਬੈਅਨਾਮੇ ਵਿਚ ਨੁਕਸਾਨ ਹੋਣ ਦੀ ਸੂਰਤ ’ਚ ਕੁਲ ਕੀਮਤ ਅਤੇ ਨੁਕਸਾਨ ਦੋਵੇਂ ਲਏ ਜਾਂਦੇ ਹਨ ਜਦੋਂ ਕਿ ਇਕਰਾਰਨਾਮੇ ਦੀ ਸੂਰਤ ’ਚ ਸਿਰਫ਼ ਲਿਆ ਪੈਸਾ ਅਤੇ ਹੋਇਆ ਨੁਕਸਾਨ ਦਿੱਤਾ ਜਾਂਦਾ ਹੈ।
- ਬੈਅਨਾਮਾ ਜ਼ਰੂਰੀ ਤੌਰ ’ਤੇ ਰਜਿਸਟਰ ਹੋਣ ਵਾਲਾ ਦਸਤਾਵੇਜ਼ ਹੈ ਜਦੋਂ ਕਿ ਇਕਰਾਰਨਾਮੇ ਵਿਚ ਅਜਿਹੀ ਕੋਈ ਸ਼ਰਤ ਨਹੀਂ ਹੁੰਦੀ। ਤੁਸੀ ਇਕਰਾਰਨਾਮਾ ਚਾਹੋ ਤਾਂ ਰਜਿਸਟਰ ਕਰਵਾ ਸਕਦੇ ਹੋ ਅਤੇ ਚਾਹੇ ਨਾ ਕਰਵਾਓ। •



# ਜਦੋਂ ਮਨਜ਼ੂਰ ਨਾ ਹੋਵੇ ਤੁਹਾਡਾ ਕ੍ਰੈਡਿਟ ਕਾਰਡ



*ਇਕ ਕ੍ਰੈਡਿਟ ਕਾਰਡ ’ਤੇ ਲੈਣ-ਦੇਣ ਨੂੰ ਕਈ ਕਾਰਨਾਂ ਕਾਰਨ ਬਲੌਕ ਕੀਤਾ ਜਾ ਸਕਦਾ ਹੈ। ਇਕ ਐਕਟਿਵ ਕਾਰਡ ਯੂਜ਼ਰ ਬਣੋ ਅਤੇ ਇਸ ਤਰ੍ਹਾਂ ਦੀਆਂ ਮੁਸ਼ਕਲਾਂ ਤੋਂ ਬਚਣ ਲਈ ਕਾਰਡ ਦੀ ਸਹੀ ਵਰਤੋਂ ਅਤੇ ਮੁਰੰਮਤ ਵੱਲ ਜ਼ਰੂਰ ਧਿਆਨ ਦਿਓ...*

ਕ੍ਰੈਡਿਟ ਕਾਰਡ ਹੁਣ ਸਾਡੀ ਸਾਰਿਆਂ ਦੀ ਜ਼ਰੂਰਤ ਬਣ ਗਿਆ ਹੈ ਕਿਉਂਕਿ ਇਹ ਸਾਨੂੰ ਆਰਥਿਕ ਆਜ਼ਾਦੀ ਦਿੰਦਾ ਹੈ। ਸਾਡੀ ਖ਼ਰਚ ਕਰਨ ਦੀ ਸਮਰੱਥਾ, ਸਾਡੀ ਮਹੀਨਾਵਰ ਆਮਦਨੀ ’ਤੇ ਆਧਾਰਤ ਹੁੰਦਾ ਹੈ ਅਤੇ ਕ੍ਰੈਡਿਟ ਕਾਰਡ ਤੋਂ ਸਾਨੂੰ ਕੁਝ ਸਮੇਂ ਲਈ ਆਪਣੀ ਸਮਰੱਥਾ ਤੋਂ ਜਿਆਦਾ ਖ਼ਰਚ ਕਰਨ ਦਾ ਮੌਕਾ ਮਿਲਦਾ ਹੈ। ਜਦੋਂ ਅਸੀਂ ਅਚਾਨਕ ਸ਼ਾਪਿੰਗ, ਟਿਕਟ ਬੁਕਿੰਗ, ਖਾਣ-ਪਾਣੀ ਆਦਿ ਲਈ ਤੁਰੰਤ ਪੈਸਿਆਂ ਦੀ ਜ਼ਰੂਰਤ ਪੈਂਦੀ ਹੈ ਤਾਂ ਉਸ ਸਮੇਂ ਕ੍ਰੈਡਿਟ ਕਾਰਡ ਕਾਫ਼ੀ ਮਦਦਗਾਰ ਸਾਬਿਤ ਹੁੰਦਾ ਹੈ ਪਰ ਇਸ ਮਹੱਤਵਪੂਰਨ ਯੰਤਰ ਕਾਰਨ ਸਾਨੂੰ ਕੁਝ ਪਰੇਸ਼ਾਨੀਆਂ ਅਤੇ ਸ਼ਰਮਨਾਕ ਪਲਾਂ ਦੀ ਸਾਹਮਣਾ ਕਰਨਾ ਪੈ ਸਕਦਾ ਹੈ। ਜਦੋਂ ਕਿਸੇ ਲੈਣ-ਦੇਣ ਦੌਰਾਨ ਕਾਰਡ ਨੂੰ ਨਾ-ਮਨਜ਼ੂਰ ਕੀਤਾ ਜਾਂਦਾ ਹੈ। ਉਦਾਹਰਨ- ਤੁਸੀਂ ਆਪਣੇ ਪਰਿਵਾਰ ਨਾਲ ਰਾਤ ਦਾ ਖਾਣਾ ਖਾ ਰਹੇ ਹੋ ਅਤੇ ਉੱਥੇ ਕ੍ਰੈਡਿਟ ਕਾਰਡ ਨਾਲ ਪੇਮੈਂਟ ਕਰਨ ’ਤੇ ਉਸ ਨੂੰ ਨਾ-ਮਨਜ਼ੂਰ ਕਰ ਦੇਣ ’ਤੇ ਉਨ੍ਹਾਂ ਪਲਾਂ ਦੀ ਮਜ਼ਾ ਕਿਰਕਿਰਾ ਹੋ ਜਾਂਦਾ ਹੈ।

ਤੁਸੀਂ ਆਪਣੇ ਕਿਸੇ ਦੋਸਤ ਦੇ ਜਨਮਦਿਨ ’ਤੇ ਸਰਪਰਾਈਜ਼ ਤੋਹਫ਼ਾ ਦੇਣ ਲਈ ਆਨਲਾਈਨ ਫੁੱਲਾਂ ਦੀ ਬੁਕਿੰਗ ਕਰ ਰਹੇ ਹੋ ਅਤੇ ਉਸ ਸਮੇਂ ਤੁਹਾਡਾ ਕ੍ਰੈਡਿਟ ਕਾਰਡ ਬਲੌਕ ਹੋ ਜਾਂਦਾ ਹੈ। ਇਸ ਸਮਾਰਟ ਕ੍ਰੈਡਿਟ ਕਾਰਡ ਉਪਯੋਗਕਰਤਾ ਬਣਨ ਲਈ ਤੁਹਾਨੂੰ ਇਕ ਕ੍ਰੈਡਿਟ ਕਾਰਡ ਤੋਂ ਹੋਣ ਵਾਲੇ ਭੁਗਤਾਨ ਨੂੰ ਨਾ-ਮਨਜ਼ੂਰ ਕੀਤੇ ਜਾਣ ਦੇ ਕਾਰਨਾਂ ਬਾਰੇ ਪਤਾ ਹੋਣਾ ਚਾਹੀਦਾ ਹੈ।

### ਤਕਨੀਕੀ ਖ਼ਰਾਬੀ

ਕਦੇ ਕਦੇ ਕ੍ਰੈਡਿਟ ਕਾਰਡ ਨੂੰ ਅਸਥਾਈ ਤੌਰ ’ਤੇ ਕੁਝ ਸਮੇਂ ਲਈ ਬਲੌਕ ਕੀਤਾ ਜਾਂਦਾ ਹੈ ਕਿਉਂਕਿ ਹੋ ਸਕਦਾ ਹੈ ਕਿ ਬੈਂਕ ਦੀ ਸਾਈਟ ’ਚ ਤਕਨੀਕੀ ਅਪਗ੍ਰੇਡੇਸ਼ਨ ਦਾ ਕੰਮ ਚਲ ਰਿਹਾ ਹੋਵੇ ਜਾਂ ਤੁਹਾਡੇ ਪੀਓਐੱਸ ਮਸ਼ੀਨ ’ਚ ਕੋਈ ਤਕਨੀਕੀ ਖ਼ਰਾਬੀ ਆ ਗਈ ਹੋਵੇ। ਇਸ ਤਰ੍ਹਾਂ ਦੇ ਮਾਮਲੇ ’ਚ ਕਈ ਆਨਲਾਈਨ ਪੋਰਟਲਾਂ ’ਚ ਵੀ ਕ੍ਰੈਡਿਟ ਕਾਰਡ ਭੁਗਤਾਨ ਨੂੰ ਅਸਵੀਕਾਰ ਕੀਤਾ ਜਾਣਾ ਇਕ ਆਮ ਗੱਲ ਹੈ। ਕਿਸੇ ਤਕਨੀਕੀ ਗੜਬੜੀ ਦੌਰਾਨ ਕ੍ਰੈਡਿਟ ਕਾਰਡ ਦੀ ਨਾ-ਮਨਜ਼ੂਰੀ ਦਾ ਪਤਾ ਲਗਾਉਣਾ ਮੁਸ਼ਕਲ ਹੋਵੇਗਾ। ਜੇ ਖ਼ਰਾਬੀ ਕਾਰਡ ਜਾਰੀ ਕਰਨ ਵਾਲੇ ਬੈਂਕ ਦੇ ਸਰਵਰ ’ਚ ਹੋਈ ਜਾਂ ਮਰਚੈਂਟ ਦੇ ਬਾਰੇ ’ਚ। ਆਮਤੌਰ ’ਤੇ ਇਸ ਤਰ੍ਹਾਂ ਦੀ ਕਿਸੇ ਤਕਨੀਕੀ ਖ਼ਰਾਬੀ ਨੂੰ ਬਹੁਤ ਘੱਟ ਸਮੇਂ ’ਚ ਆਪਣੇ ਆਪ ਠੀਕ ਕਰ ਦਿੱਤਾ ਜਾਂਦਾ ਹੈ। ਕਾਰਡ ਨੂੰ ਕਿਸੇ ਤਕਨੀਕੀ ਖ਼ਰਾਬੀ ਕਾਰਨ ਬਲੌਕ ਕੀਤਾ ਗਿਆ ਹੈ ਜਾਂ ਕਿਸੇ ਹੋਰ ਕਾਰਨ ਨਾਲ, ਇਸ ਦਾ ਪਤਾ ਲਗਾਉਣ ਦਾ ਇਕ ਚੰਗਾ ਤਰੀਕਾ ਹੈ ਇਸ ਗੱਲ ਦੀ ਜਾਂਚ ਕਰ ਕੇ ਦੇਖੋ ਕਿ ਕੀ ਹੋਰ ਕਾਰਡ ਲੈਣ ਦੇਣ ਤੋਂ ਨਾ-ਮਨਜ਼ੂਰ ਕੀਤਾ ਜਾ ਰਿਹਾ ਹੈ।

### ਅਚਾਨਕ ਵਿਦੇਸ਼ੀ ਉਪਯੋਗ

*ਦੁਨੀਆ ’ਚ ਕ੍ਰੈਡਿਟ ਕਾਰਡ ਸਬੰਧੀ ਧੋਖਾਧੜੀ ਦੀ ਸੰਖਿਆ ’ਚ ਵਾਧਾ ਹੋਣ ਕਾਰਨ ਹੁਣ ਬੈਂਕ ਤੁਹਾਡੇ ਸਾਰੇ ਕ੍ਰੈਡਿਟ ਕਾਰਡ ਲੈਣ ਦੇਣ ’ਤੇ ਨਜ਼ਰ ਰੱਖਦੇ ਹਨ ਅਤੇ ਜ਼ਿਆਦਾ ਸੁਰੱਖਿਆ ਦੇ ਰਹੇ ਹਨ। ਫੜਨ ਤੋਂ ਬਚਣ ਲਈ ਕੁਝ ਵਿਅਕਤੀ ਪਹਿਲਾਂ ਤੋਂ ਕ੍ਰੈਡਿਟ ਕਾਰਡ ਸਬੰਧੀ ਜਾਣਕਾਰੀ ਇਕੱਠੀ ਕਰ ਉਸ ਦਾ ਇਸਤੇਮਾਲ ਇਕ ਵੱਖ ਦੇਸ਼ ਤੋਂ ਆਨਲਾਈਨ ’ਤੇ ਤਰ੍ਹਾਂ-ਤਰ੍ਹਾਂ ਦੀ ਖ਼ਰੀਦਦਾਰੀ ਕਰਨ ਲਈ ਕਰਦੇ ਸੀ। ਇਸ ਤੋਂ ਬਚਣ ਲਈ ਬੈਂਕ ਅੱਜਕੱਲ੍ਹ ਕਾਰਡ ਦੇ ਵਿਦੇਸ਼ੀ ਵਰਤੋਂ ਨੂੰ ਬਲੌਕ ਕਰ ਦਿੰਦੇ ਹਨ। ਅਜਿਹੀ ਸਥਿਤੀ ’ਚ ਕ੍ਰੈਡਿਟ ਕਾਰਡ ਕੰਪਨੀ ਨੂੰ ਆਪਣੀ ਵਿਦੇਸ਼ੀ ਯਾਤਰਾ ਬਾਰੇ ਪਹਿਲਾਂ ਹੀ ਸੂਚਿਤ ਕਰਨਾ ਚੰਗਾ ਹੁੰਦਾ ਹੈ।*

### ਖ਼ਰੀਦਦਾਰੀ

ਜੇ ਤੁਹਾਡੇ ਕ੍ਰੈਡਿਟ ਕਾਰਡ ਤੋਂ ਅਚਾਨਕ ਕੋਈ ਖ਼ਰੀਦਦਾਰੀ ਹੁੰਦੀ ਹੈ ਜੋ ਸ਼ਾਇਦ ਤੁਹਾਡੇ ਪਿਛਲੇ ਬਾਇੰਗ ਹਿਸਟਰੀ ਨਾਲ ਨਹੀਂ ਮਿਲਦੀ ਤਾਂ ਇਸ ਕਾਰਨ ਨਾਲ ਵੀ ਬੈਂਕ ਅਹਿਤੀਆਤ ਦੇ ਤੌਰ ’ਤੇ ਤੁਹਾਡੇ ਕਾਰਡ ਨੂੰ ਬਲੌਕ ਕਰ ਸਕਦਾ ਹੈ। ਖ਼ਰੀਦਦਾਰੀ ਦਾ ਮਤਲਬ ਆਮਤੌਰ ’ਤੇ ਕੋਈ ਬਹੁਤ ਵੱਡਾ ਕ੍ਰੈਡਿਟ ਕਾਰਡ ਲੈਣਦੇਣ ਜਾਂ ਖ਼ਰੀਦਦਾਰੀ ਹੈ ਜੋ ਐਵਰੇਜ ਬਾਇੰਗ ਹਿਸਟਰੀ ਤੋਂ ਕਾਫ਼ੀ ਜ਼ਿਆਦਾ ਹੋਵੇ। ਇਸ ਤਰ੍ਹਾਂ ਦਾ ਕਾਰਡ ਬਲੌਕ ਇਕ ਜ਼ਿੰਮੇਵਾਰੀ ਦੇ ਤੌਰ ਅਤੇ ਕਾਰਡ ਸਬੰਧੀ ਧੋਖਾਧੜੀ ਤੋਂ ਬਚਣ ਲਈ ਕੀਤਾ ਜਾਂਦਾ ਹੈ।

### ਗ਼ਲਤ ਜਾਣਕਾਰੀ

ਵਾਰ-ਵਾਰ ਗ਼ਲਤ ਜਾਣਕਾਰੀ ਦੇਣ ’ਤੇ ਜਿਵੇਂ ਗ਼ਲਤ ਪਿਨ ਜਾਂ ਸੀਵੀਵੀ ਨੰਬਰ ਪਾਉਣ ਨਾਲ ਵੀ ਤੁਹਾਡਾ ਕਾਰਡ ਬਲੌਕ ਹੋ ਸਕਦਾ ਹੈ। ਕਾਰਡ ਨੂੰ ਅਨਚਾਹੇ ਬਲੌਕ ਤੋਂ ਬਚਣ ਲਈ ਆਪਣੇ ਕਾਰਡ ਦੇ ਪਿਨ ਅਤੇ ਸੀਵੀਵੀ ਨੰਬਰ ਨੂੰ ਯਾਦ ਰੱਖਣ ਦੀ ਕੋਸ਼ਿਸ਼ ਕਰੋ। ਕੁਝ ਕ੍ਰੈਡਿਟ ਕਾਰਡ ਖ਼ਰਾਬ ਹੋ ਜਾਣ ਕਾਰਨ ਉਨ੍ਹਾਂ ਦਾ ਨੰਬਰ ਮਿਟ ਸਕਦਾ ਹੈ। ਇਸ ਲਈ ਪੁਰਾਣੇ ਹੋ ਜਾਣੇ ਅਤੇ ਖ਼ਰਾਬ ਹੋ ਜਾਣ ’ਤੇ ਆਪਣੇ ਕ੍ਰੈਡਿਟ ਨੂੰ ਜ਼ਰੂਰ ਤਬਦੀਲ ਕਰੋ। •

### ਅਪਡੇਟ ਨਿਯਮਾਂ ਤੇ ਸ਼ਰਤਾਂ ਦੀ ਗ਼ੈਰ-ਮਨਜ਼ੂਰੀ

*ਬੈਂਕ ਕਿਸੇ ਵੀ ਸਮੇਂ ਇਕ ਕ੍ਰੈਡਿਟ ਕਾਰਡ ਦੀ ਵਰਤੋਂ ਦੇ ਨਿਯਮਾਂ ਤੇ ਸ਼ਰਤਾਂ ’ਚ ਤਬਦੀਲੀ ਕਰ ਸਕਦਾ ਹੈ। ਆਮਤੌਰ ’ਤੇ ਬੈਂਕ ਸਾਰੇ ਕਾਰਡ ਧਾਰਕਾਂ ਨੂੰ ਨਿਯਮਾਂ ਤੇ ਸ਼ਰਤਾਂ ’ਚ ਹੋਣ ਵਾਲੇ ਕਿਸੇ ਨਵੀਂ ਤਬਦੀਲੀ ਬਾਰੇ ਈਮੇਲ ਅਤੇ ਮੈਸੇਜ਼ ਦੇ ਮਾਧਿਅਮ ਨਾਲ ਸੂਚਿਤ ਕਰਦੇ ਹਨ। ਜੇ ਤੁਸੀਂ ਆਪਣੇ ਬੈਂਕ ਤੋਂ ਮਿਲਣ ਵਾਲੇ ਸਾਰੇ ਈਮੇਲ ਅਤੇ ਮੈਸੇਜ ਨੂੰ ਲਗਾਤਾਰ ਨਜ਼ਰ-ਅੰਦਾਜ਼ ਕਰ ਰਹੇ ਹਨ ਅਤੇ ਅਪਡੇਟੇਡ ਨਿਯਮਾਂ ਤੇ ਸ਼ਰਤਾਂ ਦੇ ਸਬੰਧ ’ਚ ਆਪਣੀ ਸਹਿਮਤੀ ਨਹੀਂ ਦਿੰਦੇ ਤਾਂ ਤੁਹਾਡਾ ਕਾਰਡ ਬਲੌਕ ਕੀਤਾ ਜਾ ਸਕਦਾ ਹੈ। ਇਸ ਤੋਂ ਬਚਣ ਲਈ ਸਭ ਤੋਂ ਚੰਗਾ ਇਹ ਹੋਵੇਗਾ ਕਿ ਤੁਸੀਂ ਆਪਣੇ ਬੈਂਕ ਦੁਆਰਾ ਭੇਜੇ ਜਾਣ ਵਾਲੇ ਈਮੇਲ ਅਤੇ ਸੰਦੇਸ਼ ਨੂੰ ਪੜ੍ਹ ਕੇ ਆਪਣੇ ਆਪ ਨੂੰ ਹਮੇਸ਼ਾ ਅਪਡੇਟ ਰੱਖੋ।*



# ਮਿਊਚਲ ਫੰਡ ਦਾ ਨਵਾਂ ਵਰਗੀਕਰਨ

*ਮੋਟੇ ਤੌਰ ’ਤੇ ਮਿਊਚਲ ਫੰਡ ਨੂੰ ਹੁਣ ਇਕੁਇਟੀ, ਡੇਟ, ਹਾਈਬ੍ਰਿਡ, ਸਲਿਊਸ਼ਨ ਓਰੀਐਂਟਿਡ ਅਤੇ ਹੋਰ ਸ਼੍ਰੇਣੀਆਂ ’ਚ ਵੰਡਿਆ ਜਾਵੇਗਾ। ਇਨ੍ਹਾਂ ’ਚ ਉੱਪ ਸ਼੍ਰੇਣੀਆਂ ਮਲਟੀ ਕੈਪ, ਲਾਰਜ ਐਂਡ ਮਿਡ ਕੈਪ ਤੇ ਸਮਾਲ ਕੈਪ ਵਰਗੀਆਂ ਉਪ ਸ਼੍ਰੇਣੀਆਂ ਹੋਣਗੀਆਂ...*




### ਦੁਵਿਧਾ ਘਟਾਵੇਗਾ

ਫੰਡ ਹਾਊਸ ਇਕ ਹੀ ਕੈਟੇਗਰੀ ’ਚ ਕਈ ਸਕੀਮਾਂ ਲਾਂਚ ਕਰ ਰਹੇ ਹਨ। ਇਸ ਨਾਲ ਨਿਵੇਸ਼ਕਾਂ ਲਈ ਸਕੀਮ ਚੁਣਨ ’ਚ ਵਹਿਮ ਦੀ ਸਥਿਤੀ ਬਣ ਜਾਂਦੀ ਹੈ। ਹਾਲਾਂਕਿ ਇੰਡੈਕਸ ਫੰਡ, ਫੰਡ ਆਫ਼ ਫੰਡਜ਼ ਅਤੇ ਸੈਕਟਰ ਜਾਂ ਥੀਮੈਟਿਕ ਫੰਡ ਦੇ ਮਾਮਲੇ ’ਚ ਛੋਟ ਦਿੱਤੀ ਗਈ ਹੈ। ਇਕ ਕੈਟੇਗਰੀ ’ਚ ਕਈ ਪ੍ਰਾਡਕਟ ਰੱਖਣ ਵਾਲੇ ਮਿਊਚਲ ਫੰਡ ਨੂੰ ਅਜਿਹੇ ਪ੍ਰਾਡਕਟ ਨੂੰ ਜਾਂ ਤਾਂ ਇਕੱਠਾ ਕਰਨਾ ਹੋਵੇਗਾ ਜਾਂ ਹਟਾਉਣਾ ਹੋਵੇਗਾ।

### ਨਿਵੇਸ਼ਕਾਂ ਨੂੰ ਹੋਵੇਗੀ ਆਸਾਨੀ

ਮੋਟੇ ਤੌਰ ’ਤੇ ਮਿਊਚਲ ਫੰਡ ਨੂੰ ਹੁਣ ਇਕੁਇਟੀ, ਡੇਟ, ਹਾਈਬ੍ਰਿਡ, ਸਲਿਊਸ਼ਨ ਓਰੀਏਂਟੇਡ ਅਤੇ ਹੋਰ ਸ੍ਰੇਣੀਆਂ ’ਚ ਵੰਡਿਆ ਜਾਵੇਗਾ। ਇਕੁਇਟੀ ਸਕੀਮਾਂ ’ਚ ਦਸ ਉੱਪ ਸ੍ਰੇਣੀਆਂ ਹੋਣਗੀਆਂ। ਇਸ ’ਚ ਮਲਟੀ ਕੈਪ, ਲਾਰਜ ਕੈਪ, ਮਿਡ ਕੈਪ, ਲਾਰਜ ਐਂਡ ਮਿਡ ਕੈਪ ਅਤੇ ਸਮਾਲ ਕੈਪ ਵਰਗੀਆਂ ਉਪ ਸ੍ਰੇਣੀਆਂ ਹੋਣਗੀਆਂ। ਬਾਜ਼ਾਰੀ ਕੀਮਤ ਦੇ ਲਿਹਾਜ ਨਾਲ ਟਾਪ 100 ਕੰਪਨੀਆਂ ਦੇ ਸ਼ੇਅਰਾਂ ਨੂੰ ਲਾਰਜ ਕੈਪ ਮੰਨਿਆ ਜਾਵੇਗਾ। 101 ਤੋਂ 250 ਤਕ ਦੀ ਸਥਿਤੀ ਵਾਲੀ ਕੰਪਨੀਆਂ ਨੂੰ ਮਿਡ ਕੈਪ ਅਤੇ ਮਾਰਾਕਿਟ ਕੈਪ ਦੇ ਲਿਹਾਜ ਨਾਲ 250 ਵੀਂ ਸਥਿਤੀ ਤੋਂ ਹੇਠਾਂ ਦੀਆਂ ਕੰਪਨੀਆਂ ਨੂੰ ਸਮਾਲ ਕੈਪ ਮੰਨਿਆ ਜਾਵੇਗਾ। ਡੇਟ ਅਤੇ ਹਾਈਬ੍ਰਿਡ ਸਕੀਮਾਂ ਨੂੰ ਵੀ ਇਸ ਸ੍ਰੇਣੀਆਂ ’ਚ ਵੰਡਿਆ ਜਾਵੇਗਾ। ਹੁਣ ਖ਼ਾਸ ਤੌਰ ’ਤੇ ਡੇਟ ਅਤੇ ਹਾਈਬ੍ਰਿਡ ਸਕੀਮਾਂ ’ਚ ਦਿਲਚਸਪੀ ਰੱਖਣ ਵਾਲੇ ਹੁਣ ਉੱਚਿਤ ਸਕੀਮਾਂ ਚੁਣਨ ’ਚ ਆਸਾਨੀ ਹੋਵੇਗੀ। ਉਦਾਹਰਨ ਲਈ ਡਿਊਰੇਸ਼ਨ ਫੰਡ ਜਿਨ੍ਹਾਂ ਤਰੀਕਿਆਂ ’ਚ ਨਿਵੇਸ਼ ਕਰਦੇ ਹਨ, ਉਨ੍ਹਾਂ ਦੀ ਮਚਿਉਰਿਟੀ ਪ੍ਰੋਫਾਇਲ ਦੇ ਆਧਾਰ ’ਤੇ ਉਨ੍ਹਾਂ ਨੂੰ ਚਾਰ ਉਪ ਸ੍ਰੇਣੀਆਂ ’ਚ ਵੰਡਿਆ ਜਾਂਦਾ ਹੈ। ‘ਇਨਕਮ ਫੰਡਜ਼’ ਕੈਟੇਗਰੀ ’ਚ ਆਉਣ ਵਾਲੇ ਡੇਟ ਫੰਡ ਨੂੰ ਹੁਣ ਉਨ੍ਹਾਂ ਦੀਆਂ ਖ਼ੂਬੀਆਂ ਮੁਤਾਬਕ ਡਾਇਨੇਮਿਕ ਬਾਂਡ ਫੰਡ, ਕ੍ਰੈਡਿਟ ਰਿਸਕ ਫੰਡ, ਕਾਰਪੋਰੇਟ ਬਾਂਡ ਫੰਡ ਅਤੇ ਬੈਂਕਿੰਗ ਐਂਡ ਪੀਐੱਸਯੂ ਫੰਡ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਇਕੁਇਟੀ ’ਚ ਨਿਵੇਸ਼ ਦੀ ਮਾਤਰਾ ਦੇ ਆਧਾਰ ’ਤੇ ਹਾਈਬ੍ਰਿਡ ਫੰਡ ਨੂੰ ਅਗ੍ਰੈਸਿਵ ਹਾਈਬ੍ਰਿਡ, ਕੰਜ਼ਰਵੇਟਿਵ ਹਾਈਬ੍ਰਿਡ ਅਤੇ ਬੈਲੇਂਸਡ ਹਾਈਬ੍ਰਿਡ ਦੇ ਰੂਪ ’ਚ ਵੰਡਣ ਵਾਲੇ ਨਿਵੇਸ਼ਕਾਂ ਨੂੰ ਆਪਣੀ ਪਸੰਦ ਦੇ ਹਾਈਬ੍ਰਿਡ ਫੰਡ ਨੂੰ ਚੁਣਨ ’ਚ ਆਸਾਨੀ ਹੋਵੇਗੀ।

ਮਾਹਰਾਂ ਅਨੁਸਾਰ ਹੁਣ ਸਕੀਮ ਦਾ ਵਰਗੀਕਰਨ ਸਾਫ਼ ਤੌਰ ’ਤੇ ਫੰਡ ਦੀ ਸਟ੍ਰੈਜੇਜੀ ਨਾਲ ਜੁੜ ਗਿਆ ਹੈ। ਇਸ ਨਾਲ ਨਿਵੇਸ਼ਕਾਂ ਨੂੰ ਸਪੱਸ਼ਟ ਪਤਾ ਹੋਵੇਗਾ ਕਿ ਉਹ ਆਪਣਾ ਪੈਸਾ ਕਿੱਥੇ ਲਗਾ ਰਿਹਾ ਹੈ। ਨਾਂ ਦੇ ਬਜਾਇ ਫੰਡ ਕੈਟੇਗਰੀ ਨਾਲ ਸਕੀਮ ਦਾ ਪਤਾ ਚੱਲੇਗਾ। ਫੰਡ ਹਾਊਸੇਜ਼ ਨੂੰ ਇਕ ਗੱਲ ਦੀ ਇਜਾਜ਼ਤ ਨਹੀਂ ਹੋਵੇਗੀ ਕਿ ਉਹ ਆਪਣੀਆਂ ਸਕੀਮਾਂ ਦਾ ਨਾਂ ਇਸ ਤਰ੍ਹਾਂ ਨਾਲ ਕਰੋ, ਜਿਸ ਨਾਲ ਸਿਰਫ਼ ਉਨ੍ਹਾਂ ਦੇ ਰਿਟਰਨ ਵਾਲੇ ਪਹਿਲੂ ਹੀ ਹਾਈਲਾਈਟ ਹੋਣ।

### ਫੰਡ ਮੈਂਡੇਟ ਦਾ ਪਾਲਣ

ਸਕੀਮਾਂ ਦਾ ਇਸ ਤਰ੍ਹਾਂ ਵਰਗੀਕਰਣ ਹੋਣ ਨਾਲ ਫੰਡ ਹਾਊਸੇਜ਼ ਨਿਵੇਸ਼ ਦੀ ਸਟਾਈਲ ਜਾਂ ਫੋਕਸ ’ਚ ਤਬਦੀਲੀ ਨਹੀਂ ਕਰ ਸਕਣਗੇ, ਜਿਵੇਂ ਪਹਿਲਾਂ ਕਰਦੇ ਸੀ। ਉਦਾਹਰਨ ਲਈ ਮਿਡ ਕੈਪ ਫੰਡ ਬਾਜ਼ਾਰ ਦੀਆਂ ਸਥਿਤੀਆਂ ਨੂੰ ਦੇਖਦੇ ਹੋਏ ਲਾਰਜ ਕੈਪ ਸੈਗਮੈਂਟ ’ਚ ਚਲੇ ਜਾਂਦੇ ਸੀ, ਜਿਸ ਨਾਲ ਰਿਸਕ ਪ੍ਰੋਫਾਈਲ ਬਹੁਤ ਬਦਲਿਆ ਜਾਂਦਾ ਸੀ। ਹੁਣ ਫੰਡ ਨੂੰ ਨਿਵੇਸ਼ ਦੇ ਮਾਮਲੇ ’ਚ ਫੋਕਸ ਬਣਾ ਕੇ ਰੱਖਣਾ ਹੋਵੇਗਾ। ਇਸ ਲਈ ਤੁਹਾਨੂੰ ਪਹਿਲਾਂ ਤੋਂ ਹੀ ਸਮਝਦਾਰੀ ਨਾਲ ਨਿਵੇਸ਼ ਕਰਨ ਦੀ ਸੁਵਿਧਾ ਨੂੰ ਅਪਨਾਉਣਾ ਚਾਹੀਦਾ ਹੈ।

### ਤੁਲਨਾ ’ਚ ਸਹੂਲੀਅਤ

ਸਪੱਸ਼ਟ ਵਰਗੀਕਰਨ ਹੋਣ ਨਾਲ ਇਕ ਕੈਟੇਗਰੀ ਦੇ ਫੰਡ ਦੀ ਬਿਹਤਰ ਢੰਗ ਨਾਲ ਤੁਲਨਾ ਕੀਤੀ ਜਾ ਸਕੇਗੀ। ਜਿੱਥੇ ਪਹਿਲਾਂ ਦੀ ਲਾਰਜ ਕੈਪ ਫੰਡ ਕੈਟੇਗਰੀ ’ਚ ਲਾਰਜ ਕੈਪ ਫੋਕਸ ਵਾਲੀਆਂ ਸਕੀਮਾਂ ਤੋਂ ਇਲਾਵਾ ਮਿਡ ਕੈਪ ਐਕਸਪੋਜ਼ਰ ਵਾਲੀਆਂ ਸਕੀਮਾਂ ਵੀ ਹੁੰਦੀਆਂ ਸੀ, ਉੱਥੇ ਹੁਣ ਇੰਨੇ ਵਰਕ ਵਾਲੀਆਂ ਸਕੀਮਾਂ ਨੂੰ ਇਕੱਠਾ ਨਹੀਂ ਰੱਖਿਆ ਜਾ ਸਕਦਾ।

### ਵੱਧ ਸਕਦਾ ਹੈ ਫੰਡ ਕਾਰਪਸ

ਫੰਡ ਹਾਊਸੇਜ਼ ਨੂੰ ਇਕ ਕੈਟੇਗਰੀ ਦੀ ਇਕ ਵਰਗੀਆਂ ਸਕੀਮਾਂ ਨੂੰ ਇਕੱਠਾ ਕਰਨਾ ਹੋਵੇਗਾ, ਇਸ ਦੇ ਨਾਲ ਹੀ ਫੰਡ ਦੇ ਆਕਾਰ ’ਚ ਵੱਡਾ ਵਾਧਾ ਹੋ ਸਕੇਗਾ। ਇਸ ਨਾਲ ਸਕੀਮ ਦੇ ਪ੍ਰਦਰਸ਼ਨ ’ਤੇ ਮੁਸ਼ਕਲਾਂ ਆ ਸਕਦੀਆਂ ਹਨ। ਕਈ ਸਕੀਮਾਂ ਵਾਲੇ ਕੁਝ ਵੱਡੀਆਂ ਤਬਦੀਲੀਆਂ ਨੂੰ ਮਰਜ਼ਰ ਦਾ ਰਸਤਾ ਚੁਣਨਾ ਪਵੇਗਾ। ਇਸ ਨਾਲ ਸਕੀਮਾਂ ਦੇ ਕਾਰਪਸ ’ਚ ਅਚਾਨਕ ਵਾਧਾ ਹੋ ਸਕਦਾ ਹੈ। •

# ਨਿੱਕੀ ਦੁਨੀਆ

## ਉੱਠ ਪੁੱਤਰਾ ਨਾ ਲੈ ਅੰਗੜਾਈਆਂ



## ਸ਼ਹਿਦ ਦੀਆਂ ਮੱਖੀਆਂ

ਸੰਸਾਰ 'ਚ ਤਕਰੀਬਨ 20,000 ਪ੍ਰਕਾਰ ਦੀਆਂ ਮੱਖੀਆਂ ਮਿਲਦੀਆਂ ਹਨ ਜਿਨ੍ਹਾਂ 'ਚੋਂ ਸਿਰਫ਼ ਚਾਰ ਪ੍ਰਜਾਤੀਆਂ ਸ਼ਹਿਦ ਪੈਦਾ ਕਰਦੀਆਂ ਹਨ।

- ਮਧੂਮੱਖੀਆਂ ਦੇ ਛੱਤੇ 'ਚ ਤਿੰਨ ਤਰ੍ਹਾਂ ਦੀਆਂ ਮੱਖੀਆਂ ਹੁੰਦੀਆਂ ਹਨ ਇਸ 'ਚ ਸਭ ਤੋਂ ਜਾਣੀ ਪਛਾਣੀ ਰਾਣੀ ਮੱਖੀ ਹੈ। ਇਹ ਮੱਖੀ ਸਿਰਫ਼ ਚਾਰ ਤੋਂ ਪੰਜ ਸਾਲ ਤਕ ਜਿਊਂਦੀ ਰਹਿੰਦੀ ਹੈ।
- ਡ੍ਰੋਨ ਮੱਖੀ ਡੰਗ ਨਹੀਂ ਮਾਰਦੀ।
- ਤੀਜੇ ਤਰ੍ਹਾਂ 'ਤੇ ਸਭ ਤੋਂ ਛੋਟੀਆਂ ਮੱਖੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਉਮਰ 40 ਤੋਂ 45 ਦਿਨਾਂ ਤਕ ਹੁੰਦੀ ਹੈ, ਇਹ ਕਿਸੇ ਨੂੰ ਡੰਗ ਮਾਰਨ ਤੋਂ ਬਾਅਦ ਮਰ ਜਾਂਦੀਆਂ ਹਨ।
- ਮਧੂਮੱਖੀਆਂ ਦੇ ਜੀਵਨ 'ਚ ਚਾਰ ਤਰ੍ਹਾਂ ਦੇ ਪਰਿਵਰਤਨ ਹੁੰਦੇ ਹਨ ਜਿਵੇਂ ਆਂਡਾ, ਲਾਰਵਾ, ਪਿਊਪਾ ਅਤੇ ਮੱਖੀ।
- ਰਾਣੀ ਮੱਖੀ ਨੂੰ ਇਕ ਖ਼ਾਸ ਤਰ੍ਹਾਂ ਦਾ ਪਦਾਰਥ ਖਾਣ ਨੂੰ ਦਿੱਤਾ ਜਾਂਦਾ ਹੈ ਜਿਸ ਨੂੰ ਰਾਇਲ ਕਿਹਾ ਜਾਂਦਾ ਹੈ।
- ਇਕ ਮਧੂਮੱਖੀ ਦੀਆਂ ਛੇ ਲੱਤਾਂ ਤੇ ਦੋ ਖੰਭ ਹੁੰਦੇ ਹਨ।
- ਮਧੂਮੱਖੀ ਦੇ ਦੋ ਢਿੱਡ ਹੁੰਦੇ ਹਨ ਇਕ ਖਾਣਾ ਖਾਣ ਲਈ ਅਤੇ ਦੂਜਾ ਫਲਾਂ ਦਾ ਰਸ ਇਕੱਠਾ ਕਰਨ ਲਈ।
- ਇਹ ਇਕ ਅਜਿਹੀ ਕੀਟ ਹੈ ਜਿਸ ਦੁਆਰਾ ਬਣਾਏ ਸ਼ਹਿਦ ਨੂੰ ਮਨੁੱਖ ਖਾਂਦਾ ਹੈ।
- ਇਸ ਦੀਆਂ ਪੰਜ ਅੱਖਾਂ ਹੁੰਦੀਆਂ ਹਨ ਦੋ ਵੱਡੀਆਂ ਅੱਖਾਂ ਅਤੇ ਇਨ੍ਹਾਂ ਵਿਚਕਾਰ ਮੱਥੇ ਉਪਰ ਤਿੰਨ ਅੱਖਾਂ ਹੁੰਦੀਆਂ ਹਨ।
- 5 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਉੱਡ ਸਕਦੀਆਂ ਹਨ।
- ਮਧੂਮੱਖੀ ਦੇ ਸੁੰਘਣ ਦੀ ਸ਼ਕਤੀ ਇਨਸਾਨ ਤੋਂ ਕਿਤੇ ਜ਼ਿਆਦਾ ਹੁੰਦੀ ਹੈ।
- ਸ਼ਹਿਦ ਕਈ ਤਰ੍ਹਾਂ ਦੇ ਰੰਗਾਂ ਤੋਂ ਮਿਲਦਾ ਹੈ ਇਹ ਫੁੱਲ 'ਤੇ ਨਿਰਭਰ ਕਰਦਾ ਹੈ। ਜਿਸ 'ਚੋਂ ਮੱਖੀ ਰਸ ਚੂਸਦੀ ਹੈ।
- ਸ਼ਹਿਦ ਦੀਆਂ ਮੱਖੀਆਂ ਆਪਣੀ ਜ਼ਰੂਰਤ ਨਾਲ ਲਗਪਗ 40-45 ਕਿੱਲੋ ਜ਼ਿਆਦਾ ਸ਼ਹਿਦ ਪੈਦਾ ਕਰਦੀਆਂ ਹਨ।
- ਮਧੂਮੱਖੀਆਂ ਇਕ ਸੈਕਿੰਡ 'ਚ 200 ਵਾਰ ਆਪਣੇ ਖੰਭ ਫੜਫੜਾਉਂਦੀਆਂ ਹਨ।
- ਇਸ ਦੀਆਂ ਅੱਖਾਂ 'ਚ ਹਜ਼ਾਰਾਂ ਲੈਨਜ਼ ਲੱਗੇ ਹੁੰਦੇ ਹਨ।
- ਇਕ ਚਮਚ ਸ਼ਹਿਦ ਲਈ ਮਧੂਮੱਖੀ ਨੂੰ ਹਜ਼ਾਰਾਂ ਫੁੱਲਾਂ ਦਾ ਰਸ ਇਕੱਠਾ ਕਰਨਾ ਪੈਂਦਾ ਹੈ।
- ਇਕ ਛੱਤੇ 'ਤੇ 30 ਤੋਂ 60 ਹਜ਼ਾਰ ਮਧੂਮੱਖੀਆਂ ਰਹਿੰਦੀਆਂ ਹਨ।




# ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ

ਇਕਬਾਲ ਸੰਧੂ ਉੱਭਾ

ਪਿਆਰੇ ਵਿਦਿਆਰਥੀਓ- ਜਿਸ ਪ੍ਰਕਾਰ ਤੁਸੀਂ ਆਪਣਾ ਜਨਮ ਦਿਨ ਮਨਾਉਂਦੇ ਹੋ ਤੇ ਤੁਹਾਨੂੰ ਆਪਣੇ ਜਨਮ ਦਿਨ ਦੀ ਬਹੁਤ ਖ਼ੁਸ਼ੀ ਹੁੰਦੀ ਹੈ। ਇਸ ਤਰ੍ਹਾਂ ਸਾਡੇ ਮਹਾਂਪੁਰਸ਼ਾਂ ਦੇ ਜਨਮ ਦਿਨ ਆਉਂਦੇ ਹਨ। ਉਨ੍ਹਾਂ ਦੇ ਜਨਮ ਦੀ ਵੀ ਸਾਨੂੰ ਬਹੁਤ ਖ਼ੁਸ਼ੀ ਹੁੰਦੀ ਹੈ। ਉਨ੍ਹਾਂ ਮਹਾਨ ਵਿਅਕਤੀਆਂ ਦੇ ਜਨਮ ਦਿਨ ਵੀ ਅਸੀਂ ਖ਼ੁਸ਼ੀ-ਖ਼ੁਸ਼ੀ ਮਨਾਉਂਦੇ ਹਾਂ। ਆਓ ਅੱਜ ਅਸੀਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਜੀ ਦੇ ਜਨਮ ਬਾਰੇ ਤੁਹਾਨੂੰ ਜਾਣਕਾਰੀ ਦੇਈਏ....

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਸ਼ਹੀਦਾਂ, ਮਹਾਂਪੁਰਸ਼ਾਂ ਆਦਿ ਦੀ ਧਰਤੀ ਹੈ। ਇੱਥੇ ਸਮੇਂ-ਸਮੇਂ ਮਹਾਨ ਲੋਕ ਪੈਦਾ ਹੋਏ ਜੋ ਸਮਾਜ ਲਈ ਆਦਰਸ਼ ਬਣੇ। ਉਨ੍ਹਾਂ ਵਿੱਚੋਂ ਹੀ ਇਕ ਮਹਾਨ ਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ। ਉਹ ਸਾਡੇ ਪਹਿਲੇ ਗੁਰੂ ਹਨ। ਗੁਰੂ ਜੀ ਬਚਪਨ ਤੋਂ ਹੀ ਉੱਚੀ ਸ਼ਖ਼ਸੀਅਤ ਦੇ ਮਾਲਕ ਸਨ। ਜਿਸ ਦਾ ਪਤਾ ਸਿੱਖਿਆ ਪ੍ਰਾਪਤੀ ਦੇ ਪਹਿਲੇ ਦਿਨ ਹੀ ਆਪਣੇ ਗੁਰੂ ਪਾਂਧੇ ਨੂੰ ਪ੍ਰਭਾਵਿਤ ਕਰਨ ਤੋਂ ਲੱਗਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ, ਨਨਕਾਣਾ ਸਾਹਿਬ ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਮਹਿਤਾ ਕਾਲੂ ਅਤੇ ਮਾਤਾ ਦਾ ਨਾਂ ਤ੍ਰਿਪਤਾ ਦੇਵੀ ਸੀ। ਉਨ੍ਹਾਂ ਦੀ ਭੈਣ ਬੇਬੇ ਨਾਨਕੀ ਜੀ ਸਨ। ਗੁਰੂ ਜੀ ਨੇ ਸੈਂਕੜੇ ਮੀਲ ਪੈਦਲ ਤੁਰ ਕੇ ਲੋਕਾਂ ਨੂੰ ਗਿਆਨ ਦੀਆਂ ਗੱਲਾਂ ਦੱਸੀਆਂ। ਉਨ੍ਹਾਂ ਨੇ ਵਹਿਮਾਂ-ਭਰਮਾਂ, ਪਖੰਡਾਂ, ਝੂਠ, ਤਾਗੇ-ਤਵੀਤਾਂ ਤੋਂ ਦੂਰ ਰਹਿਣ ਅਤੇ ਚੰਗੇ ਕਰਮ ਕਰਨਾ, ਭਲਾਈ ਕਰਨ, ਲੋੜਵੰਦ ਦੀ ਮਦਦ ਕਰਨ, ਗਰੀਬ ਦੀ ਸਹਾਇਤਾ ਕਰਨ ਆਦਿ ਦੀ ਸਿੱਖਿਆ ਦਿੱਤੀ।



ਉਨ੍ਹਾਂ ਨੇ ਕੁਦਰਤੀ ਚੀਜ਼ਾਂ ਦੀ ਸੰਭਾਲ ਕਰਨ ਬਾਰੇ ਵੀ ਮਨੁੱਖ ਨੂੰ ਪ੍ਰੇਰਿਆ, ਕਿਉਂਕਿ ਕੁਦਰਤੀ ਚੀਜ਼ਾਂ ਜਿੱਥੇ ਸਾਨੂੰ ਮੁਫ਼ਤ ਮਿਲਦੀਆਂ ਹਨ ਉੱਥੇ ਸਾਡੇ ਲਈ ਬਹੁਤ ਹੀ ਜ਼ਰੂਰੀ ਅਤੇ ਲਾਹੇਵੰਦ ਹਨ। ਸਾਡਾ ਜੀਵਨ ਕੁਦਰਤੀ ਚੀਜ਼ਾਂ 'ਤੇ ਹੀ ਨਿਰਭਰ ਹੈ। ਕੁਦਰਤੀ ਚੀਜ਼ਾਂ ਦੀ ਮਹੱਤਤਾ ਨੂੰ ਦੱਸਦੇ ਹੋਏ ਗੁਰੂ ਜੀ ਨੇ ਜਪੁਜੀ ਸਾਹਿਬ ਸਲੋਕ ਵਿਚ ਪਵਨ ਗੁਰੂ ਪਾਣੀ ਪਿਤਾ, ਮਾਤਾ ਧਰਤ ਮਹਤੁ ਦੀ ਰਚਨਾ ਕੀਤੀ। ਉਨ੍ਹਾਂ ਨੇ ਹਵਾ ਨੂੰ ਗੁਰੂ ਜਿੰਨਾ ਸਤਿਕਾਰ ਦੇਣ ਲਈ ਕਿਹਾ ਕਿਉਂਕਿ ਹਵਾ ਸਾਡੀ ਜੀਵਨਦਾਨੀ ਹੈ। ਹਵਾ ਵਿਚਲੀ ਆਕਸੀਜਨ ਕਾਰਨ ਹੀ ਸਾਡੀ ਸਾਹ ਕਿਰਿਆ ਚੱਲਦੀ ਹੈ ਭੋਜਨ, ਪਾਣੀ ਬਿਨਾਂ ਕਈ

**ਸਾਡੀ ਧਰਤੀ ਗੁਰੂਆਂ, ਪੀਰਾਂ, ਸ਼ਹੀਦਾਂ, ਮਹਾਂਪੁਰਸ਼ਾਂ ਦੀ ਧਰਤੀ ਹੈ। ਇੱਥੇ ਸਮੇਂ-ਸਮੇਂ ਮਹਾਨ ਲੋਕ ਪੈਦਾ ਹੋਏ ਜੋ ਸਮਾਜ ਲਈ ਆਦਰਸ਼ ਬਣੇ...**

ਘੰਟੇ ਅਸੀਂ ਸੈਰ ਸਕਦੇ ਹਾਂ ਪਰ ਸਾਹ ਲੈਣਾ ਅਸੀਂ ਨਹੀਂ ਰੋਕ ਸਕਦੇ, ਜਿਸ ਵਿਚ ਹਵਾ ਦਾ ਅਹਿਮ ਰੋਲ ਹੈ। ਪਾਣੀ ਨੂੰ ਗੁਰੂ ਜੀ ਨੇ ਪਿਤਾ ਦੇ ਸਮਾਨ ਮੰਨਿਆ ਹੈ। ਗੁਰੂ ਜੀ ਨੇ ਧਰਤੀ ਨੂੰ ਮਾਤਾ ਕਹਿ ਕੇ ਪੁਕਾਰਿਆ ਹੈ। ਜਿਸ ਤਰ੍ਹਾਂ ਛੋਟੇ ਬੱਚਿਆਂ ਦੀ ਜ਼ਰੂਰਤ ਉਨ੍ਹਾਂ ਦੀ ਮਾਤਾ ਪੂਰੀ ਕਰਦੀ ਹੈ। ਇਸ ਤਰ੍ਹਾਂ ਮਨੁੱਖ ਅਨਾਜ, ਫ਼ਲ, ਸਬਜ਼ੀਆਂ, ਕੱਪੜੇ ਲਈ ਕਪਾਹ ਆਦਿ ਧਰਤੀ ਤੋਂ ਪੈਦਾ ਕਰਦਾ ਹੈ। ਗੁਰੂ ਜੀ ਨੇ ਹਵਾ, ਪਾਣੀ, ਧਰਤੀ ਬਾਰੇ ਹੀ ਨਹੀਂ ਸੂਰਜ, ਚੰਦ, ਤਾਰੇ, ਆਕਾਸ਼, ਬੱਦਲ, ਮੀਂਹ, ਹਨੇਰੀਆਂ, ਰੁੱਤਾਂ, ਦਿਨ-ਰਾਤ ਆਦਿ ਕੁਦਰਤੀ ਚੀਜ਼ਾਂ ਬਾਰੇ ਗੁਰਬਾਣੀ ਵਿਚ ਬਹੁਤ ਕੁੱਝ ਲਿਖਿਆ ਹੈ। ਲੋੜ ਇਸ ਗੱਲ ਦੀ ਹੈ ਕਿ ਸਾਨੂੰ ਇਨ੍ਹਾਂ ਕੁਦਰਤੀ ਚੀਜ਼ਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਸਾਡਾ ਜੀਵਨ ਇਨ੍ਹਾਂ 'ਤੇ ਨਿਰਭਰ ਕਰਦਾ ਹੈ। ਸੋ ਸਾਨੂੰ ਗੁਰੂਆਂ ਦੀਆਂ ਦੱਸੀਆਂ ਗੱਲਾਂ 'ਤੇ ਜ਼ਰੂਰ ਅਮਲ ਕਰਨਾ ਚਾਹੀਦਾ ਹੈ।

• 98723-45277

ਬੱਚਿਓ!
ਵੱਡਿਆਂ ਦੀਆਂ ਸਿਖਾਈਆਂ ਛੋਟੀਆਂ-ਛੋਟੀਆਂ ਗੱਲਾਂ 'ਤੇ ਸਾਨੂੰ ਜ਼ਰੂਰ ਅਮਲ ਕਰਨਾ ਚਾਹੀਦਾ ਹੈ। ਇਹੀ ਗੱਲਾਂ ਸਾਨੂੰ ਜੀਵਨ 'ਚ ਅੱਗੇ ਵਧਣ ਲਈ ਪ੍ਰੇਰਦੀਆਂ ਹਨ...

# ਗੱਲ ਦਾ ਅਸਰ

ਹਰਜਿੰਦਰ ਸਿੰਘ ਅਸ਼ੀ

ਜਸਪ੍ਰੀਤ ਆਪਣੇ ਮਾਤਾ-ਪਿਤਾ ਦਾ ਇਕਲੌਤਾ ਤੇ ਲਾਡਲਾ ਮੁੰਡਾ ਹੋਣ ਕਾਰਨ ਆਪਣੀ ਮਨ ਮਰਜ਼ੀ ਕਰਦਾ ਅਤੇ ਉਸ ਦੀਆਂ ਇਹ ਬੁਰੀਆਂ ਆਦਤਾਂ ਦਿਨੋ-ਦਿਨ ਵੱਧ ਰਹੀਆਂ ਸਨ। ਉਹ ਹਰ ਗੱਲ 'ਤੇ ਟਾਲਾ ਵੱਟਦਾ, ਪੜ੍ਹਾਈ ਵਿਚ ਰੁਚੀ ਨਾ ਲੈਂਦਾ, ਸਵੇਰੇ ਲੇਟ ਉੱਠਦਾ ਤੇ ਹਰ ਸਮੇਂ ਮੋਬਾਇਲ 'ਤੇ ਗੇਮਾਂ ਖੇਡਦਾ ਰਹਿੰਦਾ। ਸਮਾਂ ਬੀਤਦਾ ਗਿਆ ਅਤੇ ਮਾਂ-ਬਾਪ ਨੂੰ ਉਸਦੇ ਭਵਿੱਖ ਬਾਰੇ ਚਿੰਤਾ ਹੋਣ ਲੱਗੀ ਕਿਉਂਕਿ ਜਸਪ੍ਰੀਤ ਦੀਆਂ ਇਹ ਆਦਤਾਂ ਪੱਕ ਚੁੱਕੀਆ ਸਨ। ਮਾਂ-ਬਾਪ ਨੇ ਸਾਰੇ ਉਪਰਾਲੇ ਕਰ ਕੇ ਵੇਖ ਲਏ ਪਰ ਇਨ੍ਹਾਂ ਦਾ ਜਸਪ੍ਰੀਤ ਉਪਰ ਕੋਈ ਅਸਰ ਨਹੀ ਸੀ।

ਇਕ ਰਾਤ ਜਸਪ੍ਰੀਤ ਅਤੇ ਉਸਦਾ ਪਿਤਾ ਇਕੱਠੇ ਖਾਣਾ ਖਾ ਰਹੇ ਸਨ ਤਾਂ ਪਿਤਾ ਨੇ ਆਪਣੇ ਬੇਟੇ ਨੂੰ ਸਮਝਾਉਣਾ ਚਾਹਿਆ ਤੇ ਗੱਲ ਸ਼ੁਰੂ ਕੀਤੀ ਕਿ ਜੇ ਇਨਸਾਨ ਆਪਣੇ ਮਨੀਰਾਮ ਨੂੰ ਕਾਬੂ ਕਰ ਲਵੇ ਤਾਂ ਉਹ ਆਪਣੀ ਜ਼ਿੰਦਗੀ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਜਸਪ੍ਰੀਤ ਨੇ ਹੈਰਾਨਗੀ ਭਰੇ ਲਹਿਜੇ ਵਿਚ ਪਿਤਾ ਵੱਲ ਤੱਕਿਆ ਤੇ ਸਵਾਲ ਕੀਤਾ ਕਿ ਪਿਤਾ ਜੀ 'ਮਨੀਰਾਮ' ਕੀ ਹੁੰਦਾ ਹੈ? ਪਿਤਾ ਨੇ ਸੋਚਿਆ ਕਿ ਤੀਰ ਨਿਸ਼ਾਨੇ 'ਤੇ ਲੱਗਿਆ ਹੈ, ਉਸੇ ਵਕਤ ਗੰਭੀਰ ਹੁੰਦਿਆਂ ਪੁੱਤ ਨੂੰ ਸਮਝਾਉਣਾ ਸ਼ੁਰੂ ਕੀਤਾ ਕਿ ਬੇਟਾ, ਮਨੀਰਾਮ ਇਨਸਾਨ ਦੇ ਅੰਦਰਲਾ ਮਨ ਹੈ ਜੋ ਹਮੇਸ਼ਾ ਇਨਸਾਨ ਨੂੰ ਗ਼ਲਤ ਕੰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਜੇ ਇਨਸਾਨ ਮਨ ਮਗਰ ਲੱਗ ਜਾਵੇ ਤਾਂ ਉਹ ਫੇਲ੍ਹ ਹੋ ਜਾਂਦਾ ਹੈ, ਮਨ ਨੂੰ ਆਪਣੇ ਮਗਰ ਲਾ ਲਵੇ ਤਾਂ ਕਾਮਯਾਬ ਹੋ ਜਾਂਦਾ ਹੈ। ਜਿਵੇਂ ਪੁੱਤਰ ਤੂੰ ਸਵੇਰੇ ਉੱਠਦਾ ਹੈ ਤਾਂ ਮਨ ਤੈਨੂੰ ਹੋਰ ਸੌਣ ਲਈ ਕਹਿੰਦਾ ਹੈ ਜੇ ਤੂੰ ਉਸਦੀ ਗੱਲ ਮੰਨ ਲਈ ਤਾ ਤੂੰ ਫਿਰ ਸੌਂ ਜਾਵੇਗਾ ਅਤੇ ਸਕੂਲ ਤੋ ਲੇਟ ਹੋ ਜਾਵੇਗਾ ਅਤੇ ਤੇਰੇ ਸਾਰੇ ਦਿਨ ਦੇ ਕੰਮ ਵੀ ਅਧੂਰੇ ਰਹਿ ਜਾਣਗੇ। ਜੇ ਤੂੰ ਇਸਦੇ ਉਲਟ ਉਸਦੀ ਗੱਲ ਨਾ ਮੰਨਦਾ ਹੋਇਆ ਸਵੇਰੇ ਉਠੇਗਾ ਤਾਂ ਤੂੰ ਸਕੂਲ ਵੀ ਸਮੇਂ ਸਿਰ ਜਾਵੇਗਾ ਤੇ ਤੇਰੇ ਕੰਮ ਵੀ ਸਾਰੇ ਪੂਰੇ ਹੋ ਜਾਣਗੇ ਤੇ ਤੂੰ ਜ਼ਿੰਦਗੀ ਵਿਚ ਸਫ਼ਲ ਇਨਸਾਨ ਬਣ ਜਾਵੇਗਾ।



ਜਸਪ੍ਰੀਤ ਨੇ ਪਿਤਾ ਦੀ ਗੱਲ ਨੂੰ ਬਹੁਤ ਡੂੰਘਾਈ ਨਾਲ ਸੋਚਿਆ ਅਤੇ ਆਪਣੀ ਜ਼ਿੰਦਗੀ ਵਿਚ ਇਸ ਗੱਲ ਨੂੰ ਲਾਗੂ ਕਰਨ ਦਾ ਦ੍ਰਿੜ ਵਚਨ ਲੈ ਲਿਆ। ਇਸ ਅਸਰ ਸਦਕਾ ਹੁਣ ਉਸਦੀ ਜ਼ਿੰਦਗੀ ਦੀਆਂ ਨਾਕਾਮਯਾਬੀਆਂ ਉਸਦੀ ਸਫ਼ਲਤਾ ਵਿਚ ਬਦਲ ਗਈਆਂ ਅਤੇ ਉਹ ਇਕ ਮਹਾਨ ਇਨਸਾਨ ਬਣ ਗਿਆ ।

• 97797-01434



# ਕਿਵੇਂ ਪੈਂਦੀ ਹੈ ਬਰਫ਼ ?



ਦੋਸਤੋ- ਤੁਸੀਂ ਜਾਣਦੇ ਹੀ ਹੋਵੋਗੇ ਕਿ ਸਾਡੀ ਧਰਤੀ 'ਤੇ ਪਾਣੀ ਇਕ ਲਗਾਤਾਰ ਚੱਕਰ 'ਚ ਚਲਦਾ ਰਹਿੰਦਾ ਹੈ। ਸੂਰਜ ਦੀ ਗਰਮੀ ਨਾਲ ਨਦੀਆਂ, ਤਾਲਾਬਾਂ, ਝੀਲਾਂ 'ਚੋਂ ਪਾਣੀ ਭਾਫ਼ ਬਣ ਕੇ ਉੱਡ ਜਾਂਦਾ ਹੈ ਅਤੇ ਵਾਤਾਵਾਰਨ 'ਚ ਪਹੁੰਚ ਜਾਂਦਾ ਹੈ। ਜਦੋਂ ਇਸ ਤਰ੍ਹਾਂ ਦੇ ਬਹੁਤ ਸਾਰੇ ਵਾਸ਼ਪੀਕਰਣ ਇਕੱਠੇ ਹੋ ਜਾਂਦੇ ਹਨ ਤਾਂ ਉਹ ਬੱਦਲ ਦਾ ਰੂਪ ਲੈ ਲੈਂਦੇ ਹਨ। ਜਦੋਂ ਇਹ ਬੱਦਲ ਆਪਸ 'ਚ ਟਕਰਾਉਂਦੇ ਹਨ ਤਾਂ ਬਾਰਿਸ਼ ਹੁੰਦੀ ਹੈ ਪਰ ਜਦੋਂ ਇਹ ਬੱਦਲ ਵਾਤਾਵਰਨ 'ਚ ਜ਼ਿਆਦਾ ਮਾਤਰਾ 'ਚ ਉੱਪਰ ਚੱਲੇ ਜਾਂਦੇ ਹਨ ਤਾਂ ਉੱਥੋਂ ਦਾ ਤਾਪਮਾਨ ਬਹੁਤ ਘੱਟ ਹੋ ਜਾਂਦਾ ਹੈ ਅਤੇ ਵਾਤਾਵਰਨ ਬਹੁਤ ਠੰਢਾ ਹੋ ਜਾਂਦਾ ਹੈ। ਬੱਦਲ ਦਾ ਤਾਪਮਾਨ ਬਹੁਤ ਹੇਠਾਂ ਪਹੁੰਚਣ 'ਤੇ, ਬੱਦਲਾਂ 'ਚ ਮੌਜੂਦ ਵਾਸ਼ਪੀ ਕਣ ਛੋਟੇ-ਛੋਟੇ ਕਣਾਂ 'ਚ ਬਦਲ ਜਾਂਦੇ ਹਨ। ਹਵਾ ਇਨ੍ਹਾਂ ਬਰਫ਼ ਦੇ ਕਣਾਂ ਦਾ ਭਾਰ ਨਹੀਂ ਉੱਠਾ ਪਾਉਂਦੀ ਤੇ ਕਣ ਬੱਦਲ ਨਾਲ ਹੇਠਾਂ ਡਿੱਗਣ ਲੱਗਦੇ ਹਨ। ਜਦੋਂ ਉਹ ਡਿੱਗਦੇ ਹਨ ਤਾਂ ਇਕ ਦੂਜੇ ਨਾਲ ਟੱਕਰਾ ਕੇ ਜੁੜਨ ਲੱਗਦੇ ਹਨ। ਇਸ ਤਰ੍ਹਾਂ ਇਨ੍ਹਾਂ ਦਾ ਆਕਾਰ ਵੱਡਾ ਹੋਣ ਲੱਗਦਾ ਹੈ। ਜਦੋਂ ਇਹ ਕਣ ਸਾਡੀ ਧਰਤੀ 'ਤੇ ਡਿੱਗਦੇ ਹਨ ਤਾਂ ਅਸੀਂ ਉਸ ਨੂੰ ਬਰਫ਼ਬਾਰੀ ਕਹਿੰਦੇ ਹਾਂ।

ਹੁਣ ਤੁਸੀਂ ਇਹ ਕਹਿ ਸਕਦੇ ਹੋ ਕਿ ਬਰਫ਼ ਦਰਅਸਲ



ਜਮ੍ਹਾਂ ਹੋਇਆ ਪਾਣੀ ਹੈ। ਬਰਫ਼ਬਾਰੀ 'ਚ ਧਰਤੀ 'ਤੇ ਅਕਸਰ ਬਰਫ਼ ਦੀ ਸਫ਼ੈਦ ਚਾਦਰ ਵਿਛ ਜਾਂਦੀ ਹੈ। ਡਿੱਗਦੀ ਹੋਈ ਇਹ ਬਰਫ਼ ਹਮੇਸ਼ਾਂ ਨਰਮ ਨਹੀਂ ਹੁੰਦੀ। ਇਹ ਬਰਫ਼ ਡਿੱਗਦੇ ਹੋਏ ਇਕ ਜਗ੍ਹਾ ਇਕੱਠੀ ਨਾ ਡਿੱਗ ਕੇ ਹਵਾ ਨਾਲ ਇੱਧਰ-ਉਧਰ ਫੈਲ ਜਾਂਦੀਆਂ ਹਨ, ਇਸ ਲਈ ਇਹ ਕਿਤੇ ਬਹੁਤ ਜ਼ਿਆਦਾ ਤੇ ਕਿਤੇ ਬਹੁਤ ਘੱਟ ਡਿਗਦੀਆਂ ਹਨ। ਕਦੇ ਇਹ ਛੋਟੇ-ਛੋਟੇ ਪੱਥਰਾਂ ਦੇ ਰੂਪ 'ਚ ਤਾਂ ਕਦੇ ਬਾਰਿਸ਼ ਦੇ ਨਾਲ ਡਿੱਗਣ ਵਾਲੇ ਸਖ਼ਤ ਬਰਫ਼ ਭਾਵ ਟੁਕੜਿਆਂ ਦੇ ਰੂਪ 'ਚ ਵੀ ਡਿੱਗਦੀ ਹੈ। ਬਰਫ਼ ਚਾਹੇ ਜਿਸ ਰੂਪ 'ਚ ਵੀ ਡਿੱਗੇ, ਜਿੱਥੇ ਇਹ ਡਿੱਗਦੀ ਹੈ ਉੱਥੋਂ ਦਾ ਤਾਪਮਾਨ ਕਾਫ਼ੀ ਡਿੱਗ ਜਾਂਦਾ ਹੈ। ਆਲੇ-ਦੁਆਲੇ ਦੇ ਇਲਾਕੇ ਵੀ ਠੰਢੀਆਂ ਹਵਾਵਾਂ ਦੀ ਲਪੇਟ 'ਚ ਆ ਜਾਂਦੇ ਹਨ। ਹੁਣ ਤੁਹਾਡੇ ਮਨ 'ਚ ਇਹ ਸਵਾਲ ਉੱਠਦਾ ਹੋਵੇਗਾ ਕਿ ਇਹ ਬਰਫ਼ਬਾਰੀ ਪਹਾੜੀ ਇਲਾਕਿਆਂ 'ਚ ਹੀ ਕਿਉਂ ਹੁੰਦੀ ਹੈ?

ਬਰਫ਼ ਉਨ੍ਹਾਂ ਸਥਾਨਾਂ 'ਤੇ ਜ਼ਿਆਦਾ ਡਿੱਗਦੀ ਹੈ ਜੋ ਇਲਾਕੇ ਜਾਂ ਤਾਂ ਸਮੁੰਦਰ ਤੋਂ ਕਾਫ਼ੀ ਉੱਪਰ ਹੁੰਦੇ ਹਨ ਜਾਂ ਫਿਰ ਉਚਾਈ 'ਤੇ ਹੁੰਦੇ ਹਨ। ਵਾਤਾਵਰਨ 'ਚ ਬਰਫ਼ ਕਾਫ਼ੀ ਜ਼ਿਆਦਾ ਬਣਦੀ ਹੈ, ਜਿਸ ਦਾ ਇਕ ਛੋਟਾ ਹਿੱਸਾ ਹੀ ਥੱਲੇ ਪਹਾੜਾਂ 'ਤੇ ਡਿੱਗਦਾ ਹੈ। ਬਾਕੀ ਹਿੱਸਾ ਬਾਰਿਸ਼ ਦੇ ਰੂਪ 'ਚ ਥੱਲੇ ਆਉਂਦਾ ਹੈ।

ਹੁਣ ਇਹ ਵੀ ਸਵਾਲ ਤੁਹਾਡੇ ਮਨ 'ਚ ਆਵੇਗਾ ਕਿ ਬਰਫ਼ ਬਣਦੀ ਹੈ ਅਤੇ ਬਾਰਿਸ਼ ਡਿੱਗਦੀ ਹੈ, ਉਹ ਕਿਵੇਂ? ਵਾਤਾਵਰਨ 'ਚ ਮੌਜੂਦ ਓਜ਼ੋਨ ਦੀਆਂ ਗਰਮ ਪਰਤਾਂ ਦੇ ਵਿਚਕਾਰ ਤੋਂ ਜਦੋਂ ਬਰਫ਼ਬਾਰੀ ਦੇ ਕਣ ਨਿਕਲਦੇ ਹਨ ਤਾਂ ਬਰਫ਼ ਪਿਘਲ ਜਾਂਦੀ ਹੈ ਅਤੇ ਬਾਰਿਸ਼ ਦੇ ਪਾਣੀ 'ਚ ਬਦਲ ਜਾਂਦੀ ਹੈ, ਜਦਕਿ ਉੱਚੇ ਪਹਾੜਾਂ 'ਚ ਤਾਪਮਾਨ ਪਹਿਲਾਂ ਤੋਂ ਹੀ ਸਿਫ਼ਰ ਡਿੱਗਰੀ ਤੋਂ ਕਾਫ਼ੀ ਘੱਟ ਹੁੰਦਾ ਹੈ, ਇਸ ਲਈ ਉੱਥੇ ਬਰਫ਼ਬਾਰੀ ਹੁੰਦੀ ਹੈ। •

**ਫ਼ਾਇਦਾ**

**ਪਹਾੜਾਂ 'ਤੇ ਡਿੱਗੀ ਇਹ ਬਰਫ਼ ਸੂਰਜ ਦੀ ਤਪਸ਼ ਨਾਲ ਪਿਘਲ ਕੇ ਨਦੀਆਂ 'ਚ ਪਾਣੀ ਦੀ ਪੂਰਤੀ ਕਰਦੀ ਹੈ, ਜਿਸ ਨੂੰ ਖੇਤੀਬਾੜੀ, ਬਿਜਲੀ ਬਣਾਉਣ ਅਤੇ ਹੋਰ ਕੰਮਾਂ ਲਈ ਵਰਤਿਆ ਜਾਂਦਾ ਹੈ...**

# ਬਹੁਤ ਕੁਝ ਸਿਖਾਉਂਦੀ ਹੈ ਬਾਲ-ਸਭਾ

ਰਮੇਸ਼ ਬੱਗਾ ਚੋਹਲਾ

ਬਾਲ ਸਭਾ ਵਿਚ ਸਕੂਲ ਦੇ ਅਧਿਆਪਕਾਂ ਦੀ ਨਾ ਸਿਰਫ਼ ਸਰਗਰਮ ਭਾਗੇਦਾਰੀ ਹੀ ਹੁੰਦੀ ਸੀ ਸਗੋਂ ਕੁੱਝ ਰਚਨਾਤਮਿਕ ਅਤੇ ਕਲਾਤਮਿਕ ਸੋਚ ਵਾਲੇ ਅਧਿਆਪਕਾਂ ਵੱਲੋਂ ਵਿਸ਼ੇਸ਼ ਰੁਚੀਆਂ ਰੱਖਣ ਵਾਲੇ ਵਿਦਿਆਰਥੀਆਂ ਦਾ ਮਾਰਗਦਰਸ਼ਨ ਵੀ ਕੀਤਾ ਜਾਂਦਾ ਸੀ।

ਸਕੂਲ ਵਿਚ ਨਿਯਮਿਤ ਰੂਪ ਵਿਚ ਲਗਾਈ ਜਾਣ ਵਾਲੀ ਬਾਲ-ਸਭਾ ਜਿੱਥੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਮਨਪ੍ਰਚਾਵੇ ਦਾ ਸਬੱਬ ਬਣਦੀ ਸੀ ਉੱਥੇ ਵਿਦਿਆਰਥੀਆਂ ਦੀ ਸਿਰਜਣਾਤਮਿਕ ਅਤੇ ਕਲਾਤਮਿਕ ਪਹੁੰਚ ਨੂੰ ਉਭਾਰਨ, ਨਿਖ਼ਾਰਨ ਅਤੇ ਸੰਵਾਰਣ ਵਿਚ ਵੀ ਵਿਸ਼ੇਸ਼ ਸਹਾਈ ਹੁੰਦੀ ਸੀ। ਇਸ ਸਭਾ ਰਾਹੀਂ ਵਿਲੱਖਣ ਪ੍ਰਤਿਭਾ ਵਾਲੇ ਵਿਦਿਅਰਥੀਆਂ ਨੂੰ ਇਕ ਅਜਿਹਾ ਮੰਚ ਪ੍ਰਦਾਨ ਕੀਤਾ ਜਾਂਦਾ ਸੀ ਜਿਹੜਾ ਉਨ੍ਹਾਂ ਦੇ ਆਤਮ-ਵਿਸ਼ਵਾਸ ਵਿਚ ਵਾਧਾ ਕਰਕੇ ਉਨ੍ਹਾਂ ਦੁਆਰਾ ਮਿੱਥੀ ਹੋਈ ਮੰਜ਼ਿਲ ਦੇ ਨਜ਼ਦੀਕ ਲੈ ਜਾਂਦਾ ਸੀ।

ਜੇ ਰਸਮੀ ਸਿੱਖਿਆ ਦੇ ਉਦੇਸ਼ ਦੀ ਗੱਲ ਕੀਤੀ ਜਾਵੇ ਤਾਂ ਉਸ ਦਾ ਉਦੇਸ਼ ਸਿਰਫ਼ ਡਾਕਟਰ, ਇੰਜੀਨੀਅਰ, ਵਕੀਲ ਜਾਂ ਅਧਿਆਪਕ ਪੈਦਾ ਕਰਨਾ ਹੀ ਨਹੀਂ ਸਗੋਂ ਅਜਿਹੇ ਕਲਾਕਾਰ, ਸਾਹਿਤਕਾਰ ਅਤੇ ਬੁਲਾਰੇ ਪੈਦਾ ਕਰਨਾ ਵੀ ਹੈ ਜੋ ਆਪਣੀ ਅਗਾਂਹਵਧੂ ਸੋਚਣੀ, ਲੇਖਣੀ ਅਤੇ ਬੋਲਣੀ ਨਾਲ ਸਾਹਿਤ, ਸਭਿਆਚਾਰ ਅਤੇ ਸਮਾਜ ਨੂੰ ਅਮੀਰ ਬਣਾ ਸਕਣ। ਕਾਫ਼ੀ ਹੱਦ ਤਕ ਇਹ ਅਮੀਰੀ ਵੀ ਸਕੂਲ ਦੀ ਬਾਲ-ਸਭਾ ਦੀ ਹੀ ਦੇਣ ਰਹੀ ਹੈ। ਜਦੋਂ ਕਦੇ ਸਥਾਪਿਤ/ਕਾਮਯਾਬ ਕਲਾਕਾਰਾਂ ਵਿਸ਼ੇਸ਼ ਕਰ ਕੇ ਗਾਇਕਾਂ ਜਾਂ ਅਭਿਨੇਤਾਵਾਂ ਨਾਲ ਮੁਲਾਕਾਤ ਕੀਤੀ ਜਾਂਦੀ ਹੈ ਤਾਂ ਉਹ ਵੀ ਆਪਣੀ ਸਥਾਪਤੀ/ਕਾਮਯਾਬੀ ਦਾ ਬਹੁਤਾ ਸਿਹਰਾ ਪੜ੍ਹਾਈ ਦੌਰਾਨ ਸਕੂਲ ਵਿਚ ਲੱਗਣ ਵਾਲੀ ਬਾਲ-ਸਭਾ ਨੂੰ ਹੀ ਦਿੰਦੇ ਹਨ।

- ਸਕੂਲ ਦੁਆਰਾ ਨਿਯਮਿਤ ਰੂਪ ਵਿਚ ਕੀਤੀ ਜਾਣ ਵਾਲੀ ਬਾਲ-ਸਭਾ ਜਿੱਥੇ ਵਿਦਿਆਰਥੀ ਨੂੰ ਆਪਣਿਆਂ ਵਿਚ ਆਪਣੀ ਗੱਲ ਕਹਿ ਕੇ ਮਾਣ ਮਹਿਸੂਸ ਕਰਵਾਉਂਦੀ ਸੀ ਉੱਥੇ ਉਨ੍ਹਾਂ ਨੂੰ ਸਮੇਂ ਦਾ ਹਾਣੀ ਬਣਾ ਕੇ ਬੇਗ਼ਾਨਿਆਂ (ਬਾਹਰਲੇ ਵਿਸ਼ਾਲ ਇਕੱਠਾਂ) ਦੇ ਸਨਮੁੱਖ ਹੋਣ ਦੇ ਸਮਰੱਥ ਵੀ ਬਣਾਉਂਦੀ ਸੀ।
- ਇਸ ਸਭਾ ਵਿਚ ਹੀ ਪਹਿਲਾਂ ਸਕੂਲ ਦੇ ਗੁਣਵਾਨ ਬੱਚਿਆਂ ਨੂੰ ਤਰਾਸ਼ਿਆ ਜਾਂਦਾ ਸੀ ਅਤੇ ਇਸ ਤਲਾਸ਼ੀ ਤੋਂ ਬਾਅਦ ਯੋਗ ਅਧਿਆਪਕਾਂ ਦੁਆਰਾ ਤਰਾਸ਼ਿਆ ਜਾਂਦਾ ਸੀ। ਇਸ ਤਰ੍ਹਾਂ ਸਕੂਲ-ਸਭਾਵਾਂ ਵਿੱਚੋਂ ਤਲਾਸ਼ੇ ਅਤੇ ਅਧਿਆਪਕਾਂ ਦੁਆਰੇ ਤਰਾਸ਼ੇ ਵਿਦਿਆਰਥੀ ਜ਼ਿੰਦਗੀ ਵਿਚ ਕਈ ਵੱਡ-ਅਕਾਰੀਆਂ ਅਤੇ ਨਿਆਰੀਆਂ ਪ੍ਰਾਪਤੀ ਦੇ ਹੱਕਦਾਰ ਬਣ ਜਾਂਦੇ ਸਨ।
- ਸਕੂਲ ਦੀ ਬਾਲ-ਸਭਾ ਦਾ ਇਕ ਹਾਸਲ ਇਹ ਵੀ ਰਿਹਾ ਹੈ ਕਿ ਇਹ ਵਿਦਿਆਰਥੀਆਂ ਵਿਚਲੀ ਹਫ਼ਤਾ ਭਰ (ਜੋ ਅਕਸਰ ਬੋਝਲ ਅਤੇ ਔਖਿਆਲੇ ਪਾਠਕ੍ਰਮ ਕਰਕੇ ਪੈਦਾ ਹੁੰਦੀ ਹੈ) ਦੀ ਉਕਤਾਹਟ ਨੂੰ ਕੁਝ ਸਮੇਂ ਲਈ ਰੋਚਕ ਅਤੇ ਹੁਸੀਨ ਪਲਾਂ ਵਿਚ ਬਦਲ ਦਿੰਦੀ ਸੀ।
- ਸਭਾ ਵਿਚ ਹਾਜ਼ਰੀ ਭਰਕੇ ਸਕੂਲ ਦੇ ਵਿਦਿਆਰਥੀ ਆਪਣੇ ਆਪ ਨੂੰ ਤਰੋਤਾਜ਼ਾ ਮਹਿਸੂਸ ਕਰਦੇ ਸਨ। ਇਹ ਤਾਜ਼ਗੀ ਉਨ੍ਹਾਂ ਨੂੰ ਅਗਲੇ ਹਫ਼ਤੇ ਲੱਗਣ ਵਾਲੀਆਂ ਜਮਾਤਾਂ ਵਿਚ ਗਿਆਨ-ਵਿਗਿਆਨ ਦੀਆਂ ਗੱਲਾਂ ਨੂੰ ਸੁਣਨ ਅਤੇ ਸਮਝਣ ਲਈ ਊਰਜਾ ਪ੍ਰਦਾਨ ਕਰਦੀ ਸੀ। ਇਸ ਊਰਜਾ ਦੀ ਬਾਦੌਲਤ ਹੀ ਉਹ ਵਿਦਿਆ ਨੂੰ ਵਿਚਾਰਨ ਅਤੇ ਪਰਉਪਕਾਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ।
- ਸਕੂਲ ਦੀ ਬਾਲ-ਸਭਾ ਵਿਦਿਆਰਥੀ ਵਰਗ ਨੂੰ ਇਕ ਅਪਣੱਤਮਈ ਮਾਹੌਲ ਦਿੰਦੀ ਸੀ ਜਿਹੜਾ ਉਨ੍ਹਾਂ ਦੇ ਬਿਆਨਾਤਮਿਕ ਅਤੇ ਪ੍ਰਦਰਸ਼ਨਾਤਮਿਕ ਪੱਖ ਨੂੰ ਮਜ਼ਬੂਤ ਕਰਦਾ ਸੀ। ਇਹ ਪੱਖ ਜਿੱਥੇ ਉਨ੍ਹਾਂ ਦੇ ਸਤਿਕਾਰ ਵਿਚ ਵਾਧਾ ਕਰਦਾ ਸੀ ਉੱਥੇ ਉਨ੍ਹਾਂ ਦੀ ਪਛਾਣ ਵੀ ਬਣਾਉਂਦਾ ਸੀ।
- ਬਾਲ ਸਭਾ ਦੌਰਾਨ ਬਣੀ ਇਸ ਵੱਖਰੀ ਪਛਾਣ ਸਦਕਾ ਹੀ ਉਹ ਸਕੂਲ ਵੱਲੋਂ ਦਿੱਤੀਆਂ ਜਾਂਦੀਆਂ ਕਈ ਰਿਆਇਤਾਂ/ਸਹੂਲਤਾਂ ਦੇ ਭਾਗੀਦਾਰ ਵੀ ਬਣ ਜਾਂਦੇ ਸਨ।
- ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਕਰਵਾਏ ਜਾਂਦੇ ਵਿਦਿਅਕ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀ ਵੀ ਆਮ ਤੌਰ 'ਤੇ ਸਕੂਲ ਵਿਚ ਲਗਾਤਾਰਤਾ ਨਾਲ ਲਗਾਈ ਜਾਣ ਵਾਲੀ ਬਾਲ- ਸਭਾ ਦੀ ਹੀ ਪੈਦਾਵਾਰ ਹੁੰਦੇ ਸਨ ਜੋ ਇਨ੍ਹਾਂ ਮੁਕਾਬਲਿਆਂ ਵਿਚ ਆਪਣੀਆਂ ਬੇਹਤਰੀਨ ਪੇਸ਼ਕਾਰੀਆਂ ਲਈ ਮਾਣ-ਸਨਮਾਨ ਹਾਸਲ ਕਰਕੇ ਆਪਣਾ ਅਤੇ ਆਪਣੇ ਸਕੂਲ ਦਾ ਨਾਂ ਰੋਸ਼ਨ ਕਰਦੇ ਸਨ।
- ਇਸ ਸਭਾ ਵਿੱਚੋਂ ਲੱਗੀ ਹੋਈ ਜਾਗ ਹੀ ਵਿਦਿਆਰਥੀਆਂ ਨੂੰ ਮਹਾਂਵਿਦਿਆਲਿਆਂ ਅਤੇ ਵਿਸ਼ਵ-ਵਿਦਿਆਲਿਆਂ ਦੇ ਯੁਵਕ-ਮੇਲਿਆਂ ਵਿਚ ਸ਼ਲਾਘਾਯੋਗ ਭੂਮਿਕਾ ਅਦਾ ਕਰਨ ਦੇ ਕਾਬਿਲ ਬਣਾ ਦਿੰਦੀ ਸੀ ਅਤੇ ਉਹ ਟਰਾਫੀਆਂ, ਸ਼ੀਲਡਾਂ ਅਤੇ ਗੋਲਡ ਮੈਡਲਾਂ ਨਾਲ ਨਿਵਾਜ਼ੇ ਜਾਂਦੇ ਸਨ।
- ਅਜੋਕੇ ਸਮੇਂ ਸਕੂਲਾਂ (ਵਿਸ਼ੇਸ਼ ਕਰਕੇ ਸਰਕਾਰੀ) ਵਿਚ ਬਾਲ-ਸਭਾ ਦਾ ਰਿਵਾਜ ਬਿਲਕੁੱਲ ਖ਼ਤਮ ਹੋ ਕੇ ਰਹਿ ਗਿਆ ਹੈ। ਹੁਣ ਸਕੂਲ ਦੀ ਸਮਾਂ-ਸਾਰਣੀ ਵਿਚ ਇਸ ਸਭਾ ਦੀ ਕੋਈ ਵਿਸ਼ੇਸ਼ ਵਿਵਸਥਾ ਨਹੀਂ ਕੀਤੀ ਜਾਂਦੀ।
- ਅਧਿਆਪਕ ਗ਼ੈਰ-ਵਿਦਿਅਕ ਕੰਮਾਂ ਦੇ ਬੋਝ ਥੱਲੇ ਦੱਬੇ ਹੋਏ ਹਨ ਅਤੇ ਵਿਦਿਆਰਥੀ ਨਵੀਂ ਟੈਕਨਾਲੌਜੀ ਦਾ ਸ਼ਿਕਾਰ ਹੋ ਕੇ ਰਹਿ ਗਏ ਹਨ। ਇਸ ਤਰ੍ਹਾਂ ਦੇ ਅਣਸੁਖਾਵੇਂ ਅਤੇ ਘੁੱਟਵੇਂ ਮਾਹੌਲ ਵਿਚ ਭਲਾ ਕੋਈ ਸਕੂਲ ਕਲਾਕਾਰ, ਨਾਟਕਕਾਰ ਅਤੇ ਸਾਹਿਤਕਾਰ ਕਿਵੇਂ ਪੈਦਾ ਕਰ ਸਕਦਾ ਹੈ?

• 94631-32719




**ਕੋਈ ਸਮਾਂ ਸੀ ਜਦੋਂ ਸਰਕਾਰੀ ਸਕੂਲਾਂ ਵਿਚ ਪੜ੍ਹਨ-ਪੜ੍ਹਾਉਣ ਤੋਂ ਇਲਾਵਾ ਵਿਦਿਆਰਥੀਆਂ ਦੇ ਮਨੋਰੰਜਨ ਦਾ ਵੀ ਸਮਾਂ ਨਿਰਧਾਰਿਤ ਹੋਇਆ ਕਰਦਾ ਸੀ। ਹਫ਼ਤੇ ਦੇ ਆਖ਼ਰੀ ਦਿਨ ਕੁੱਝ ਪੀਰੀਅਡ ਰਾਖਵੇਂ ਰੱਖ ਕੇ ਸਕੂਲ ਦੇ ਸਮੂਹ ਵਿਦਿਆਰਥੀਆਂ ਨੂੰ ਕਿਸੇ ਹਾਲ ਜਾਂ ਪੰਡਾਲ ਵਿਚ ਇਕੱਠੇ ਕਰ ਲਿਆ ਜਾਂਦਾ ਸੀ। ਇਸ ਇਕੱਠ ਨੂੰ ਬਾਲ-ਸਭਾ ਦਾ ਨਾਂ ਦਿੱਤਾ ਜਾਂਦਾ ਸੀ ਜਿਸ ਵਿਚ ਬੱਚਿਆਂ ਨੂੰ ਆਪਾ ਪ੍ਰਗਟਾਉਣ/ਚਮਕਾਉਣ ਦੇ ਮੌਕੇ ਪ੍ਰਾਪਤ ਹੁੰਦੇ ਸਨ....**



## ਬਾਲ ਕੈਨਵਸ





ਨਾਂ : ਚਮਕੌਰ ਸਿੰਘ
ਜਮਾਤ : ਪੰਜਵੀਂ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸੰਗਰੂਰ।





ਨਾਂ : ਮਨਦੀਪ ਕੌਰ
ਜਮਾਤ : ਪੰਜਵੀਂ
ਪਤਾ : ਗੁਰੂ ਅਮਰਦਾਸ ਆਦਰਸ਼ ਇੰਸਟੀਟਿਊਟ, ਫਤਹਿਬਾਦ।




ਨਾਂ : ਲਵਪ੍ਰੀਤ ਸਿੰਘ ਮਾਧਰੂ
ਜਮਾਤ : ਛੇਵੀਂ
ਪਤਾ : ਗੁਰੂ ਨਾਨਕ ਇੰਟਰਨੈਸ਼ਨਲ ਸਕੂਲ, ਲੁਧਿਆਣਾ।






ਨਾਂ : ਸ਼ਿਵਮ
ਜਮਾਤ : ਛੇਵੀਂ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਲੋਂਗੋਵਾਲ।



ਨਾਂ : ਹਰਿੰਦਰ
ਜਮਾਤ : ਸੱਤਵੀਂ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।

## ਸੰਪਾਦਕੀ

### ਅਪਰਾਧ ਦੀ ਦੁਨੀਆ ਵਿੱਚ ਪੈਰ

ਜਦੋਂ ਕੋਈ ਬੱਚਾ ਅਪਰਾਧ ਦੀ ਦੁਨੀਆ ਵਿੱਚ ਪੈਰ ਧਰਦਾ ਹੈ ਤਾਂ ਇਹ ਇਸ ਗੱਲ ਦਾ ਸਬੂਤ ਹੁੰਦਾ ਹੈ ਕਿ ਸਿਸਟਮ ਕਾਫ਼ੀ ਸਮਾਂ ਪਹਿਲਾਂ ਫੇਲ੍ਹ ਹੋ ਚੁੱਕਾ ਹੈ। ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਟਿੱਪਣੀ ਕੀਤੀ ਹੈ ਕਿ ਗ਼ਰੀਬੀ, ਨਾਬਰਾਬਰੀ, ਅਨਪੜ੍ਹਤਾ ਅਤੇ ਵਿਤਕਰਾ ਬੱਚਿਆਂ ਨੂੰ ਅਪਰਾਧ ਵੱਲ ਧੱਕ ਸਕਦੇ ਹਨ। ਇਹ ਟਿੱਪਣੀ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਸਾਨੂੰ ਸਿਰਫ਼ ਅਪਰਾਧ ਵੱਲ ਨਹੀਂ ਸਗੋਂ ਉਨ੍ਹਾਂ ਹਾਲਾਤ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਜਿਨ੍ਹਾਂ ਕਾਰਨ ਇਹ ਵਾਪਰਦਾ ਹੈ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਗ਼ਰੀਬ ਬੱਚੇ ਲਾਜ਼ਮੀ ਤੌਰ 'ਤੇ ਅਪਰਾਧੀ ਬਣ ਜਾਂਦੇ ਹਨ। ਤੰਗੀ ਵਿੱਚ ਪਲਣ ਵਾਲੇ ਬਹੁਤੇ ਬੱਚੇ ਅਜਿਹੇ ਰਸਤੇ ਨਹੀਂ ਅਪਣਾਉਂਦੇ, ਪਰ ਜਦੋਂ ਗ਼ਰੀਬੀ ਕਾਰਨ ਪੜ੍ਹਾਈ ਛੁੱਟ ਜਾਵੇ, ਬਾਲ ਮਜ਼ਦੂਰੀ, ਘਰੇਲੂ ਕਲੇਸ਼, ਨਸ਼ੇ, ਮਾੜੀ ਸੰਗਤ ਅਤੇ ਸਮਾਜਿਕ ਵਿਤਕਰੇ ਵਰਗੀਆਂ ਸਮੱਸਿਆਵਾਂ ਵੀ ਇਸ ਨਾਲ ਜੁੜ ਜਾਂਦੀਆਂ ਹਨ ਤਾਂ ਬੱਚੇ ਕਮਜ਼ੋਰ ਪੈ ਕੇ ਗ਼ਲਤ ਰਾਹ ਪੈ ਜਾਂਦੇ ਹਨ। ਸਰਕਾਰ ਜਾਂ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦਾ। ਇਸ ਨੂੰ ਬੱਚੇ ਵੱਲੋਂ ਪੁਲੀਸ ਸਟੇਸ਼ਨ ਜਾਂ ਜੁਵੇਨਾਈਲ ਬੋਰਡ (ਬਾਲ ਅਦਾਲਤ) ਤੱਕ ਪਹੁੰਚਣ ਤੋਂ ਪਹਿਲਾਂ ਹੀ ਸਿਸਟਮ ਦੀਆਂ ਖ਼ਾਮੀਆਂ ਦੂਰ ਕਰਨੀਆਂ ਚਾਹੀਦੀਆਂ ਹਨ। ਸੁਪਰੀਮ ਕੋਰਟ ਦੀ ਇਹ ਚਿੰਤਾ ਕਿ ਜੁਵੇਨਾਈਲ ਜਸਟਿਸ ਐਕਟ (ਬਾਲ ਨਿਆਂ ਐਕਟ) ਦੇ ਸੁਰੱਖਿਆ ਉਪਬੰਧ ਹਰ ਲੋੜਵੰਦ ਬੱਚੇ ਤੱਕ ਨਹੀਂ ਪਹੁੰਚ ਸਕੇ, ਜੋ ਸਰਕਾਰੀ ਤੰਤਰ ਦੀ ਵੱਡੀ ਅਸਫ਼ਲਤਾ ਨੂੰ ਉਜਾਗਰ ਕਰਦੀ ਹੈ। ਇਹ ਕਾਨੂੰਨ ਸਜ਼ਾ ਦੇਣ 'ਤੇ ਨਹੀਂ ਸਗੋਂ ਬੱਚਿਆਂ ਦੀ ਦੇਖਭਾਲ, ਸੁਰੱਖਿਆ, ਸੁਧਾਰ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਵਾਪਸ ਲਿਆਉਣ 'ਤੇ ਆਧਾਰਿਤ ਹੈ। ਇਸ ਦੇ ਬਾਵਜੂਦ ਕਈ ਵਾਰ ਬੱਚੇ ਅਜਿਹੇ ਸਿਸਟਮ ਵਿੱਚ ਫਸ ਜਾਂਦੇ ਹਨ ਜਿੱਥੇ ਅਧਿਕਾਰੀ ਅਤੇ ਸਬੰਧਿਤ ਲੋਕ ਨਾ ਤਾਂ ਉਨ੍ਹਾਂ ਦੀ ਉਮਰ (ਨਾਬਾਲਗ ਹੋਣ) ਨੂੰ ਪਛਾਣ ਪਾਉਂਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਮਿਲਣ ਵਾਲੇ ਕਾਨੂੰਨੀ ਹੱਕਾਂ ਨੂੰ ਪੂਰੀ ਤਰ੍ਹਾਂ ਸਮਝਦੇ ਹਨ। ਇਸ ਦਾ ਅਸਲ ਹੱਲ ਇਹੀ ਹੈ ਕਿ ਬਾਲ ਨਿਆਂ ਪ੍ਰਣਾਲੀ ਨੂੰ ਸਜ਼ਾ ਦੇਣ ਦੀ ਬਜਾਏ ਅਪਰਾਧ ਨੂੰ ਪਹਿਲਾਂ ਹੀ ਰੋਕਣ (ਪ੍ਰੀਵੈਂਟਿਵ) ਵਾਲਾ ਬਣਾਇਆ ਜਾਵੇ। ਸਕੂਲੋਂ ਹਟਣ ਵਾਲੇ ਬੱਚਿਆਂ, ਬਾਲ ਮਜ਼ਦੂਰਾਂ, ਬੇਘਰ ਬੱਚਿਆਂ, ਨਸ਼ੇ ਦੇ ਆਦੀ ਅਤੇ ਵੈੱਲਫੇਅਰ ਏਜੰਸੀਆਂ ਦੇ ਸੰਪਰਕ ਵਿੱਚ ਵਾਰ-ਵਾਰ ਆਉਣ ਵਾਲੇ ਬੱਚਿਆਂ ਦੀ ਮਦਦ ਲਈ ਸਿਖਲਾਈ ਪ੍ਰਾਪਤ ਸੋਸ਼ਲ ਵਰਕਰਾਂ, ਕਾਉਂਸਲਰਾਂ ਅਤੇ ਬਾਲ ਸੁਰੱਖਿਆ ਅਧਿਕਾਰੀਆਂ ਵੱਲੋਂ ਸਮੇਂ ਸਿਰ ਕਦਮ ਚੁੱਕੇ ਜਾਣੇ ਚਾਹੀਦੇ ਹਨ। ਜੁਵੇਨਾਈਲ ਜਸਟਿਸ ਬੋਰਡਾਂ (ਬਾਲ ਨਿਆਂ ਬੋਰਡਾਂ) ਨੂੰ ਪੂਰੀ ਪੇਸ਼ੇਵਰ ਮਦਦ ਦੀ ਲੋੜ ਹੈ ਅਤੇ ਬਾਲ ਸੁਧਾਰ ਘਰਾਂ ਤੋਂ ਛੁੱਟਣ ਤੋਂ ਬਾਅਦ ਵੀ ਬੱਚਿਆਂ ਦੀ ਦੇਖਭਾਲ ਅਤੇ ਮੁੜ-ਵਸੇਬਾ ਜਾਰੀ ਰਹਿਣਾ ਚਾਹੀਦਾ ਹੈ। ਇਹ ਚੁਣੌਤੀ ਹੁਣ ਹੋਰ ਵੀ ਗੁੰਝਲਦਾਰ ਹੋ ਗਈ ਹੈ। ਜਿਵੇਂ ਕਿ ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਨੋਟ ਕੀਤਾ ਹੈ ਕਿ ਅੱਜ ਦੇ ਬੱਚੇ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਰਾਹੀਂ ਬਹੁਤ ਛੋਟੀ ਉਮਰ ਵਿੱਚ ਹੀ ਗੁੰਝਲਦਾਰ ਜਾਣਕਾਰੀ, ਹਿੰਸਕ ਜਾਂ ਅਸ਼ਲੀਲ ਸਮੱਗਰੀ (ਗ੍ਰਾਫਿਕ ਕੰਟੈਂਟ) ਅਤੇ ਉਨ੍ਹਾਂ ਤਜਰਬਿਆਂ ਦੇ ਸੰਪਰਕ ਵਿੱਚ ਆ ਰਹੇ ਹਨ, ਜੋ ਅਜੇ ਉਨ੍ਹਾਂ ਦੀ ਉਮਰ ਦੇ ਨਹੀਂ ਹੁੰਦੇ। ਅਸਲ ਪ੍ਰੀਖਿਆ ਇਹੀ ਹੈ ਕਿ ਕੀ ਸਮਾਜ ਕਿਸੇ ਕਮਜ਼ੋਰ ਬੱਚੇ ਦੇ ਅਪਰਾਧੀ ਬਣਨ ਤੋਂ ਪਹਿਲਾਂ ਉਸ ਦੀ ਮਦਦ ਲਈ ਅੱਗੇ ਆ ਸਕਦਾ ਹੈ ਜਾਂ ਨਹੀਂ।

## ਪਿੰਡ ਤੂਰ ਬੰਜਾਰਾ ਘਟਨਾ 'ਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਮੰਗਿਆ ਇਨਸਾਫ਼

**ਲੁਧਿਆਣਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਾਲੀ ਦਲ ਵਾਰਿਸ ਪੰਜਾਬ ਦੇ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ ਅਤੇ ਸੀਨੀਅਰ ਆਗੂ ਤੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਪਿੰਡ ਤੂਰ ਬੰਜਾਰਾ (ਦਿੜ੍ਹਬਾ) ਦੇ ਗੁਲਜ਼ਾਰ ਸਿੰਘ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਮਾਮਲੇ ਦੀ ਉੱਚ ਪੱਧਰੀ ਅਤੇ ਨਿਰਪੱਖ ਜਾਂਚ ਦੀ ਮੰਗ ਕੀਤੀ।

ਬਾਪੂ ਤਰਸੇਮ ਸਿੰਘ ਨੇ ਘਟਨਾ ਲਈ ਖਜਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਨੈਤਿਕ ਆਧਾਰ 'ਤੇ ਅਸਤੀਫ਼ੇ ਦੀ ਮੰਗ ਕੀਤੀ ਅਤੇ ਕਿਹਾ ਕਿ ਅਸਤੀਫ਼ੇ ਤੱਕ ਜਥੇਬੰਦੀ ਸੰਘਰਸ਼ ਜਾਰੀ ਰੱਖੇਗੀ।

ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਨਸ਼ਿਆਂ ਖ਼ਿਲਾਫ਼ ਆਵਾਜ਼ ਚੁੱਕਣ ਵਾਲੇ ਗੁਲਜ਼ਾਰ ਸਿੰਘ ਦੇ ਪਰਿਵਾਰ ਨਾਲ ਜਥੇਬੰਦੀ ਪੂਰੀ ਤਰ੍ਹਾਂ ਖੜ੍ਹੀ ਹੈ। ਉਨ੍ਹਾਂ ਮੌਤ ਤੋਂ ਪਹਿਲਾਂ ਗੁਲਜ਼ਾਰ ਸਿੰਘ ਵੱਲੋਂ ਦਿੱਤੇ ਬਿਆਨਾਂ ਨੂੰ ਜਾਂਚ ਦਾ ਅਹਿਮ ਹਿੱਸਾ ਬਣਾਉਣ ਅਤੇ ਲਗਾਏ ਗਏ ਦੋਸ਼ਾਂ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ।

## ਰਾਮਪੁਰਾ ਵਿਖੇ ਸ਼ਾਨਦਾਰ ਡਰੋਨ ਸ਼ੋਅ ਦਾ ਸਫ਼ਲ ਆਯੋਜਨ

**ਬਠਿੰਡਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਰਾਮਪੁਰਾ ਦੀ ਦਾਣਾ ਮੰਡੀ ਵਿਖੇ ਇੱਕ ਅਲੌਕਿਕ ਡਰੋਨ ਸ਼ੋਅ ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਦਾ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ।

ਇਸ ਸਮਾਗਮ ਵਿੱਚ ਚੇਅਰਮੈਨ ਨਗਰ ਸੁਧਾਰ ਟਰੱਸਟ ਸ. ਜਤਿੰਦਰ ਸਿੰਘ ਭੱਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਸਮਾਗਮ ਦੌਰਾਨ ਆਕਾਸ਼ ਵਿੱਚ 500 ਡਰੋਨਾਂ ਦੀਆਂ ਵੱਖ-ਵੱਖ ਆਕਰਸ਼ਕ ਢੰਗ ਨਾਲ ਗੁਰੂ ਸਾਹਿਬ ਦੇ ਜੀਵਨ ਅਤੇ ਬਾਣੀ ਬਾਰੇ ਬਣਾਈਆਂ ਆਕ੍ਰਿਤੀਆਂ ਨੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ।

ਇਸ ਮੌਕੇ ਚੇਅਰਮੈਨ ਜਤਿੰਦਰ ਭੱਲਾ ਨੇ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਅਤੇ ਬੱਚਿਆਂ ਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਦਰਸਾਏ ਮਾਨਵਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਦੇ ਮਾਰਗ ਉੱਤੇ ਚੱਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਮੂਹ ਹਾਜ਼ਰੀਨ ਸੰਗਤ ਨੇ ਡਰੋਨ ਸ਼ੋਅ ਰਾਹੀਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸਿਧਾਂਤ ਨੂੰ ਵੇਖਿਆ ਹੈ।

ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਵੱਖ ਵੱਖ ਵਿਧਾਨ ਸਭਾ ਹਲਕਿਆਂ ਵਿੱਚ ਇਸ ਡਰੋਨ ਸ਼ੋਅ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਤੇ ਬਾਣੀ ਬਾਰੇ ਸੰਗਤ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ।

ਇਸ ਮੌਕੇ ਉਪ ਮੰਡਲ ਮੈਜਿਸਟਰੇਟ ਰਾਮਪੁਰਾ ਸ. ਬਲਕਰਨ ਸਿੰਘ ਮਾਹਲ ਸਮੇਤ ਹੋਰ ਪ੍ਰਸ਼ਾਸਨਿਕ ਅਧਿਕਾਰੀ, ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

## ਕਲਾਕ ਟਾਵਰ ਤੋਂ ਲੈ ਕੇ ਪਾਰਕ, ਸਪੋਰਟਸ ਏਰੀਨਾ, ਸੜਕਾਂ, ਸੀਵਰੇਜ ਅਤੇ ਵਾਟਰ ਸਪਲਾਈ ਦੇ ਵੱਡੇ ਪ੍ਰਾਜੈਕਟ ਸ਼ਾਮਲ

**ਬਠਿੰਡਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬਠਿੰਡਾ ਸ਼ਹਿਰ ਦੇ ਵਿਕਾਸ ਕਾਰਜਾਂ ਚ ਤੇਜੀ ਦੇਣ ਅਤੇ ਸ਼ਹਿਰ ਵਾਸੀਆਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਦੇ ਦੂਜੇ ਕਾਰਜਕਾਲ ਦੀ ਨਗਰ ਨਿਗਮ ਦੀ ਦੂਜੀ ਜਨਰਲ ਹਾਊਸ ਮੀਟਿੰਗ 10 ਸਤੰਬਰ ਨੂੰ ਸਵੇਰੇ 9 ਵਜੇ ਕਰਵਾਈ ਜਾਵੇਗੀ।

ਮੀਟਿੰਗ ਵਿੱਚ ਬਠਿੰਡਾ ਸ਼ਹਿਰ ਦੇ ਵੱਖ-ਵੱਖ ਵਾਰਡਾਂ ਅਤੇ ਇਲਾਕਿਆਂ ਨਾਲ ਸਬੰਧਤ ਸੜਕਾਂ, ਸੀਵਰੇਜ, ਜਲ ਸਪਲਾਈ, ਪਾਰਕਾਂ, ਖੇਡ ਸਹੂਲਤਾਂ, ਸਟ੍ਰੀਟ ਇੰਫਰਾਸਟਰਕਚਰ ਅਤੇ ਹੋਰ ਲੋਕ ਸਹੂਲਤਾਂ ਨਾਲ ਜੁੜੇ ਕੰਮਾਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਕਰੀਬ 83.14 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਕਾਰਜਾਂ ਦੇ ਏਜੰਡੇ 'ਤੇ ਚਰਚਾ ਤੋਂ ਬਾਅਦ ਇਨ੍ਹਾਂ ਨੂੰ ਮਨਜ਼ੂਰੀ ਦਿੱਤੇ ਜਾਣ ਦੀ ਸੰਭਾਵਨਾ ਹੈ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਦੱਸਿਆ ਕਿ ਮੀਟਿੰਗ ਵਿੱਚ ਫਾਇਰ ਬ੍ਰਿਗੇਡ ਚੌਕ ਨੇੜੇ ਕਰੀਬ 60 ਲੱਖ ਰੁਪਏ ਦੀ ਲਾਗਤ ਨਾਲ ਕਲਾਕ ਟਾਵਰ ਬਣਾਉਣ ਦੇ ਪ੍ਰਸਤਾਵ 'ਤੇ ਚਰਚਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਿਵੀਆਂ ਰੋਡ 'ਤੇ ਕਰੀਬ 95 ਲੱਖ ਰੁਪਏ ਦੀ ਲਾਗਤ ਨਾਲ ਪਾਰਕ ਦਾ ਨਿਰਮਾਣ ਕਰਵਾਉਣ ਦਾ ਏਜੰਡਾ ਵੀ ਮੀਟਿੰਗ ਵਿੱਚ ਰੱਖਿਆ ਜਾਵੇਗਾ।

ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਸ਼ਹਿਰ ਵਿੱਚ ਸਿਹਤਮੰਦ ਵਾਤਾਵਰਣ ਮੁਹੱਈਆ ਕਰਵਾਉਣ ਲਈ ਵੱਖ-ਵੱਖ ਪਾਰਕਾਂ ਵਿੱਚ ਕਰੀਬ 69 ਲੱਖ ਰੁਪਏ ਦੀ ਲਾਗਤ ਨਾਲ ਬੱਚਿਆਂ ਲਈ ਗੇਮਜ਼ ਅਤੇ ਕਰੀਬ 54 ਲੱਖ ਰੁਪਏ ਦੀ ਲਾਗਤ ਨਾਲ ਓਪਨ ਜਿਮ ਸਥਾਪਤ ਕਰਨ ਦੇ ਪ੍ਰਸਤਾਵ 'ਤੇ ਵੀ ਵਿਚਾਰ ਕੀਤਾ ਜਾਵੇਗਾ।

ਸ਼ਹਿਰ ਵਾਸੀਆਂ ਨੂੰ ਮੌਸਮ ਦੀ ਮਾਰ ਤੋਂ ਰਾਹਤ ਦੇਣ ਦੇ ਉਦੇਸ਼ ਨਾਲ ਸੰਤਪੁਰਾ ਰੋਡ ਸਥਿਤ ਰੇਲਵੇ ਅੰਡਰਬ੍ਰਿਜ 'ਤੇ ਕਰੀਬ 3.15 ਕਰੋੜ ਰੁਪਏ ਦੀ ਲਾਗਤ ਨਾਲ ਸ਼ੈੱਡ ਬਣਾਉਣ ਦਾ ਪ੍ਰਸਤਾਵ ਵੀ ਜਨਰਲ ਹਾਊਸ ਵਿੱਚ ਰੱਖਿਆ ਜਾਵੇਗਾ। ਉੱਥੇ ਹੀ ਜੋਨ-1 ਤੋਂ ਜੋਨ-8 ਤੱਕ ਕਰੀਬ 66 ਲੱਖ ਰੁਪਏ ਦੀ ਲਾਗਤ ਨਾਲ ਸਪੋਰਟਸ ਏਰੀਨਾ ਵਿਕਸਤ ਕਰਨ ਦੇ ਪ੍ਰਸਤਾਵ 'ਤੇ ਵੀ ਚਰਚਾ ਕੀਤੀ ਜਾਵੇਗੀ।

ਸੀਵਰੇਜ ਪ੍ਰਬੰਧ ਨੂੰ ਮਜ਼ਬੂਤ ਕਰਨ ਲਈ ਕਰੀਬ 6.50 ਕਰੋੜ ਰੁਪਏ ਦੀ ਲਾਗਤ ਨਾਲ ਐੱਸਟੀਪੀ ਮਸ਼ੀਨਰੀ ਦੀ ਮੁਰੰਮਤ ਅਤੇ ਮੇਨ ਰਾਈਜ਼ਿੰਗ ਲਾਈਨ ਵਿਛਾਉਣ ਦੇ ਮਹੱਤਵਪੂਰਨ ਕੰਮ 'ਤੇ ਵੀ ਮੀਟਿੰਗ ਵਿੱਚ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਦੱਸਿਆ ਕਿ ਸ਼ਹਿਰ ਦੀ ਸੀਵਰੇਜ ਅਤੇ ਜਲ ਸਪਲਾਈ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਵੀ ਕਈ ਮਹੱਤਵਪੂਰਨ ਪ੍ਰਸਤਾਵ ਮੀਟਿੰਗ ਵਿੱਚ ਸ਼ਾਮਲ ਕੀਤੇ ਗਏ ਹਨ। 25 ਗਜ ਖੇਤਰ ਵਿੱਚ ਕਰੀਬ 3 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਸਪਲਾਈ ਅਤੇ ਸੀਵਰ ਪਾਈਪਲਾਈਨ ਅਤੇ ਧੋਬੀਆਣਾ ਬਸਤੀ ਵਿੱਚ ਕਰੀਬ 3.36 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ ਪਾਈਪਲਾਈਨ ਪ੍ਰਾਜੈਕਟ ਸ਼ੁਰੂ ਕਰਨ ਦੇ ਏਜੰਡੇ 'ਤੇ ਚਰਚਾ ਹੋਵੇਗੀ।

ਵੀਰ ਕਾਲੋਨੀ ਵਿੱਚ ਕਰੀਬ 45 ਲੱਖ ਰੁਪਏ ਦੀ ਲਾਗਤ ਨਾਲ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਸਥਾਪਤ ਕਰਨ ਦਾ ਪ੍ਰਸਤਾਵ ਵੀ ਰੱਖਿਆ ਜਾਵੇਗਾ, ਤਾਂ ਜੋ ਮੀਂਹ ਦੇ ਪਾਣੀ ਦੀ ਸਹੀ ਵਰਤੋਂ ਹੋ ਸਕੇ ਅਤੇ ਪਾਣੀ ਦੀ ਸੰਭਾਲ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਜਨਤਾ ਨਗਰ ਵਿੱਚ ਕਰੀਬ 15 ਲੱਖ ਰੁਪਏ ਦੀ ਲਾਗਤ ਨਾਲ ਸ਼ਮਸ਼ਾਨ ਘਾਟ ਦਾ ਨਿਰਮਾਣ ਕਰਵਾਉਣ ਅਤੇ ਕਰੀਬ 11 ਲੱਖ ਰੁਪਏ ਦੀ ਲਾਗਤ ਨਾਲ ਸੁਵਿਧਾ ਕੇਂਦਰ ਅਤੇ ਫੈਂਸਿੰਗ ਕਰਵਾਉਣ ਦੇ ਪ੍ਰਸਤਾਵ 'ਤੇ ਵੀ ਜਨਰਲ ਹਾਊਸ ਵਿੱਚ ਚਰਚਾ ਕੀਤੀ ਜਾਵੇਗੀ।

ਇਸੇ ਤਰ੍ਹਾਂ ਹਰਦੇਵ ਨਗਰ ਵਿੱਚ ਕਰੀਬ 13 ਲੱਖ ਰੁਪਏ ਦੀ ਲਾਗਤ ਨਾਲ ਵਾਟਰ ਆਰ.ਓ. ਸਿਸਟਮ ਲਗਾਉਣ ਦੇ ਏਜੰਡੇ 'ਤੇ ਵੀ ਵਿਚਾਰ ਹੋਵੇਗਾ, ਜਿਸ ਨਾਲ ਇਲਾਕਾ ਵਾਸੀਆਂ ਨੂੰ ਸਾਫ਼ ਪੀਣ ਵਾਲਾ ਪਾਣੀ ਮੁਹੱਈਆ ਕਰਵਾਇਆ ਜਾ ਸਕੇ।

ਮੇਅਰ ਨੇ ਦੱਸਿਆ ਕਿ ਸ਼ਹਿਰ ਦੇ ਸੁੰਦਰੀਕਰਨ ਅਤੇ ਟ੍ਰੈਫਿਕ ਪ੍ਰਬੰਧ ਨੂੰ ਬਿਹਤਰ ਬਣਾਉਣ ਲਈ ਹਾਜ਼ੀ ਰਤਨ ਕਰਾਸਿੰਗ ਨੇੜੇ ਕਰੀਬ 15 ਲੱਖ ਰੁਪਏ ਦੀ ਲਾਗਤ ਨਾਲ ਚੌਕ ਬਣਾਉਣ ਦਾ ਪ੍ਰਸਤਾਵ ਵੀ ਮੀਟਿੰਗ ਵਿੱਚ ਰੱਖਿਆ ਜਾਵੇਗਾ।

ਇਸ ਤੋਂ ਇਲਾਵਾ ਸ਼ਹਿਰ ਵਿੱਚ ਕਰੀਬ 65 ਲੱਖ ਰੁਪਏ ਦੀ ਲਾਗਤ ਨਾਲ ਐੱਮ.ਸੀ. ਬੋਰਡ ਲਗਾਉਣ ਅਤੇ ਸ਼ਹਿਰ ਦੇ ਵੱਖ-ਵੱਖ ਸਕੂਲਾਂ ਅਤੇ ਸਰਕਾਰੀ ਰਾਜਿੰਦਰਾ ਕਾਲਜ ਦੀ ਮੁਰੰਮਤ ਲਈ ਕਰੀਬ 50 ਲੱਖ ਰੁਪਏ ਦੇ ਕੰਮਾਂ 'ਤੇ ਵੀ ਚਰਚਾ ਕੀਤੀ ਜਾਵੇਗੀ।

ਜਨਰਲ ਹਾਊਸ ਮੀਟਿੰਗ ਵਿੱਚ ਬਠਿੰਡਾ ਸ਼ਹਿਰ ਦੀਆਂ ਸੜਕਾਂ ਦੇ ਨਵੀਨੀਕਰਨ ਨੂੰ ਵੀ ਤਰਜੀਹ ਦਿੱਤੀ ਜਾਵੇਗੀ। ਵੱਖ-ਵੱਖ ਇਲਾਕਿਆਂ ਵਿੱਚ ਪੀ.ਸੀ. ਵਰਕ ਕਰਵਾਉਣ ਦੇ ਨਾਲ-ਨਾਲ ਲੋੜ ਅਨੁਸਾਰ ਇੰਟਰਲਾਕਿੰਗ ਟਾਈਲਾਂ ਲਗਾਉਣ ਦੇ ਪ੍ਰਸਤਾਵਾਂ 'ਤੇ ਵੀ ਵਿਚਾਰ ਕੀਤਾ ਜਾਵੇਗਾ।

ਇਸ ਦੇ ਨਾਲ ਹੀ ਸ਼ਹਿਰ ਵਿੱਚ ਰੋਡ ਜਾਲੀਆਂ ਦੀ ਸਫਾਈ, ਰਾਈਜ਼ਿੰਗ ਮੇਨ, ਮੈਨਹੋਲ ਅਤੇ ਹੋਰ ਆਮ ਵਿਕਾਸ ਕਾਰਜਾਂ ਨਾਲ ਸਬੰਧਤ ਪ੍ਰਸਤਾਵ ਵੀ ਏਜੰਡੇ ਵਿੱਚ ਸ਼ਾਮਲ ਕੀਤੇ ਗਏ ਹਨ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਨਗਰ ਨਿਗਮ ਦਾ ਮੁੱਖ ਉਦੇਸ਼ ਬਠਿੰਡਾ ਸ਼ਹਿਰ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨਾ ਅਤੇ ਹਰੇਕ ਵਾਰਡ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਕਾਸ ਪ੍ਰਾਜੈਕਟਾਂ ਦੀ ਤਰਜੀਹ ਤੈਅ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਸੜਕਾਂ, ਸੀਵਰੇਜ, ਵਾਟਰ ਸਪਲਾਈ, ਪਾਰਕ, ਖੇਡ ਸਹੂਲਤਾਂ ਅਤੇ ਲੋਕ ਸਹੂਲਤਾਂ ਨਾਲ ਸਬੰਧਤ ਕੰਮ ਸ਼ਹਿਰ ਦੇ ਸਮੁੱਚੇ ਵਿਕਾਸ ਦੀ ਨੀਂਹ ਹਨ। ਨਗਰ ਨਿਗਮ ਵੱਲੋਂ ਇਨ੍ਹਾਂ ਸਾਰੇ ਖੇਤਰਾਂ ਵਿੱਚ ਯੋਜਨਾਬੱਧ ਢੰਗ ਨਾਲ ਕੰਮ ਕਰਵਾਏ ਜਾ ਰਹੇ ਹਨ।

ਮੇਅਰ ਨੇ ਕਿਹਾ ਕਿ ਜਨਰਲ ਹਾਊਸ ਵਿੱਚ ਰੱਖੇ ਗਏ ਪ੍ਰਸਤਾਵਾਂ ਨੂੰ ਕੌਂਸਲਰਾਂ ਦੀ ਚਰਚਾ ਅਤੇ ਸੁਝਾਵਾਂ ਤੋਂ ਬਾਅਦ ਮਨਜ਼ੂਰੀ ਦਿੱਤੀ ਜਾਵੇਗੀ ਅਤੇ ਮਨਜ਼ੂਰ ਹੋਣ ਵਾਲੇ ਕੰਮਾਂ ਨੂੰ ਨਿਰਧਾਰਤ ਪ੍ਰਕਿਰਿਆ ਤਹਿਤ ਜਲਦ ਸ਼ੁਰੂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਨਗਰ ਨਿਗਮ ਦੀ ਇਸ ਮੀਟਿੰਗ ਵਿੱਚ ਕੁੱਲ ਮਿਲਾ ਕੇ ਕਰੀਬ 83.14 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਨਾਲ ਸਬੰਧਤ ਵੱਖ-ਵੱਖ ਏਜੰਡਿਆਂ 'ਤੇ ਚਰਚਾ ਹੋਵੇਗੀ।

## ਰੋਲ ਅਬਜ਼ਰਵਰ ਡੀ.ਐਸ. ਮਾਂਗਟ ਨੇ ਐਸ.ਆਈ.ਆਰ. ਪ੍ਰਕਿਰਿਆ ਦੀ ਕੀਤੀ ਸਮੀਖਿਆ



**ਹੁਸ਼ਿਆਰਪੁਰ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ.) ਪ੍ਰਕਿਰਿਆ ਦੀ ਜ਼ਿਲ੍ਹੇ ਵਿਚ ਸਮੀਖਿਆ ਲਈ ਰਾਜ ਦੇ ਮੁੱਖ ਚੋਣ ਅਧਿਕਾਰੀ ਵਲੋਂ ਨਿਯੁਕਤ ਕੀਤੇ ਰੋਲ ਅਬਜ਼ਰਵਰ ਪੰਜਾਬ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਅਤੇ ਸਕੱਤਰ ਲੋਕਪਾਲ ਡੀ.ਐਸ.ਮਾਂਗਟ ਨੇ ਅੱਜ ਇਥੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਆਸ਼ਿਕਾ ਜੈਨ ਦੀ ਮੌਜੂਦਗੀ ਵਿਚ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਐਸ.ਆਈ.ਆਰ. ਲਈ ਤਾਇਨਾਤ ਅਮਲੇ ਨਾਲ ਗੱਲਬਾਤ ਕਰਕੇ ਸਮੁੱਚੀ ਪ੍ਰਕਿਰਿਆ ਦਾ ਜਾਇਜ਼ਾ ਲਿਆ।

ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਰੋਲ ਅਬਜ਼ਰਵਰ ਡੀ.ਐਸ.ਮਾਂਗਟ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ, ਵਧੀਕ ਡਿਪਟੀ ਕਮਿਸ਼ਨਰ, ਨਗਰ ਨਿਗਮ ਦੇ ਕਮਿਸ਼ਨਰ, ਐਸ.ਡੀ.ਐਮਜ਼-ਕਮ-ਚੋਣਕਾਰ ਰਜਿਸਟ੍ਰੇਸ਼ਨ ਅਧਿਕਾਰੀਆਂ ਅਤੇ ਸੈਕਟਰ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਤਾਕੀਦ ਕੀਤੀ ਕਿ ਕਿਸੇ ਵੀ ਯੋਗ ਵੋਟਰ ਦਾ ਨਾਮ ਵੋਟਰ ਸੂਚੀ ਵਿਚ ਦਰਜ ਹੋਣ ਤੋਂ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਡਰਾਫਟ ਵੋਟਰ ਸੂਚੀ ਵਿਚ ਜੇਕਰ ਕਿਸੇ ਯੋਗ ਵੋਟਰ ਦਾ ਨਾਮ ਕਿਸੇ ਕਾਰਨ ਨਹੀਂ ਆਇਆ ਤਾਂ ਉਹ ਸਬੰਧਤ ਅਧਿਕਾਰੀਆਂ ਕੋਲ 12 ਸਤੰਬਰ ਤੱਕ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾ ਕੇ ਆਪਣੀ ਵੋਟ ਯਕੀਨੀ ਬਣਾ ਸਕਦੇ ਹਨ ਕਿਉਂਕਿ ਚੋਣ ਕਮਿਸ਼ਨ ਵਲੋਂ ਡਰਾਫਟ ਵੋਟਰ ਸੂਚੀ ਦੀ ਪ੍ਰਕਾਸ਼ਨਾਂ ਉਪਰੰਤ ਦਾਅਵੇ ਅਤੇ ਇਤਰਾਜ ਲਈ 12 ਸਤੰਬਰ ਤੱਕ ਦਾ ਸਮਾਂ ਮੁਕੱਰਰ ਕੀਤਾ ਗਿਆ ਹੈ। ਉਨ੍ਹਾਂ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਉਨ੍ਹਾਂ ਵਲੋਂ ਨਿਯੁਕਤ ਕੀਤੇ ਗਏ ਬੂਥ ਲੈਵਲ ਏਜੰਟਾਂ ਨੂੰ ਵੀ ਪੁਰਜ਼ੋਰ ਅਪੀਲ ਕੀਤੀ ਕਿ ਉਹ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲੋੜੀਂਦੇ ਦਸਤਾਵੇਜ਼ ਸਮੇਂ ਸਿਰ ਪੁੱਜਦੇ ਕਰਨ ਨੂੰ ਤਰਜ਼ੀਹ ਦੇਣ ਤਾਂ ਜੋ ਕਿਸੇ ਵੀ ਯੋਗ ਵਿਅਕਤੀ ਦੀ ਕਿਸੇ ਵੀ ਕਾਰਨ ਕਰਕੇ ਵੋਟ ਨਾ ਕੱਟੀ ਜਾਵੇ। ਉਨ੍ਹਾਂ ਨੇ ਕਿਹਾ ਕਿ ਐਸ.ਆਈ.ਆਰ. ਪ੍ਰਕਿਰਿਆ ਲਈ ਤਾਇਨਾਤ ਸਮੁੱਚੇ ਅਮਲੇ ਖਾਸ ਕਰ ਬੀ.ਐਲ.ਓਜ਼ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਤਾਂ ਜੋ ਉਹ ਸੁਚੱਜੇ ਢੰਗ ਨਾਲ ਸਮੁੱਚੀ ਪ੍ਰਕਿਰਿਆ ਨੂੰ ਤੈਅ ਸਮੇਂ ਅੰਦਰ ਨੇਪਰੇ ਚਾੜ੍ਹ ਸਕੇ। ਉਨ੍ਹਾਂ ਕਿਹਾ ਕਿ ਦਾਅਵੇ ਅਤੇ ਇਤਰਾਜ਼ਾਂ ਦਾ ਨਿਪਟਾਰਾ 8 ਅਕਤੂਬਰ 2026 ਤੱਕ ਕੀਤਾ ਜਾਣਾ ਹੈ ਜਿਸ ਉਪਰੰਤ 12 ਅਕਤੂਬਰ 2026 ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਹੋਵੇਗੀ।

ਰੋਲ ਅਬਜ਼ਰਵਰ ਡੀ.ਐਸ. ਮਾਂਗਟ ਨੇ ਦੱਸਿਆ ਕਿ ਵੋਟਰ ਲੋੜੀਂਦੇ ਫਾਰਮ ਭਾਰਤ ਚੋਣ ਕਮਿਸ਼ਨ ਦੇ ਵੋਟਰ ਸੇਵਾਵਾਂ ਪੋਰਟਲ ਰਾਹੀਂ ਜਾਂ ਚੋਣ ਕਮਿਸ਼ਨ ਦੀ ਮੋਬਾਇਲ ਐਪ 539©5" ਰਾਹੀਂ ਜਮ੍ਹਾਂ ਕਰਵਾ ਸਕਦੇ ਹਨ। ਇਸ ਦੌਰਾਨ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਬੀ.ਐਲ.ਓਜ਼ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿਚ ਐਸ.ਆਈ.ਆਰ. ਦੀ ਸਮੁੱਚੀ ਪ੍ਰਕਿਰਿਆ ਬੇਹੱਦ ਵਧੀਆ ਢੰਗ ਨਾਲ ਚੱਲ ਰਹੀ ਹੈ ਅਤੇ ਉਨ੍ਹਾਂ ਵਲੋਂ ਵੀ ਸਬੰਧਤ ਅਮਲੇ ਨੂੰ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ। ਸਿਆਸੀ ਪਾਰਟੀਆਂ ਨੇ ਨੁਮਾਇੰਦਿਆਂ ਵਲੋਂ ਕੀਤੇ ਗਏ ਸਵਾਲਾਂ ਦਾ ਜਵਾਬ ਰੋਲ ਅਬਜ਼ਰਵਰ ਡੀ.ਐਸ.ਮਾਂਗਟ ਨੇ ਵਿਸਥਾਰ ਵਿਚ ਦਿੰਦਿਆਂ ਕਿਹਾ ਕਿ ਜੇਕਰ ਕਿਸੇ ਵੀ ਨਾਗਰਿਕ ਨੂੰ ਐਸ.ਆਈ.ਆਰ ਜਾਂ ਵੋਟ ਸਬੰਧੀ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਚੋਣ ਦਫ਼ਤਰ ਨਾਲ ਤੁਰੰਤ ਸੰਪਰਕ ਕਰਕੇ ਆਪਣੀ ਸਮੱਸਿਆ ਦਾ ਹੱਲ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵੋਟਰਾਂ ਨੂੰ ਕਿਸੇ ਦਸਤਾਵੇਜ਼ ਦੀ ਘਾਟ ਕਾਰਨ ਨੋਟਿਸ ਪ੍ਰਾਪਤ ਹੋਇਆ ਹੈ ਤਾਂ ਉਹ ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਮੰਗੇ ਗਏ ਦਸਤਾਵੇਜ਼ ਜਮ੍ਹਾਂ ਕਰਵਾਉਣ ਨੂੰ ਤਰਜ਼ੀਹ ਦੇਣ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜੇਕਰ ਕੋਈ ਵੋਟਰ ਖੁਦ ਸੁਣਵਾਈ ਲਈ ਹਾਜ਼ਰ ਹੋਣ ਦੇ ਸਮਰੱਥ ਨਹੀਂ ਹੈ ਤਾਂ ਉਹ ਅਧਿਕਾਰਤ ਪੱਤਰ ਰਾਹੀਂ ਆਪਣੇ ਪ੍ਰਤੀਨਿਧੀ ਨੂੰ ਨਿਯੁਕਤ ਕਰ ਸਕਦਾ ਹੈ। ਅਧਿਕਾਰਤ ਵਿਅਕਤੀ ਨੋਟਿਸ ਵਿੱਚ ਦਰਜ ਸਮੇਂ ਅਤੇ ਸਥਾਨ 'ਤੇ ਵੋਟਰ ਦੀ ਤਰਫੋਂ ਲੋੜੀਂਦੇ ਦਸਤਾਵੇਜ਼ ਪੇਸ਼ ਕਰ ਸਕਦਾ ਹੈ। ਅਧਿਕਾਰਤ ਪੱਤਰ ਸਬੰਧਤ ਬੀ.ਐਲ.ਓ. ਜਾਂ ਚੋਣ ਰਜਿਸਟ੍ਰੇਸ਼ਨ ਅਫ਼ਸਰ ਦੇ ਦਫ਼ਤਰ ਤੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਰੋਲ ਅਬਜ਼ਰਵਰ ਨੇ ਸਿਆਸੀ ਪਾਰਟੀਆਂ ਦੇ ਨੁਮਾਇੰਦੇ, ਜਿਨ੍ਹਾਂ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਰਜਨੀਸ਼ ਟੰਡਨ, ਭਾਜਪਾ ਤੋਂ ਭੂਸ਼ਨ ਸ਼ਰਮਾ, ਸੀ.ਪੀ.ਆਈ. (ਐਮ) ਗੁਰਮੇਲ ਸਿੰਘ, ਸ਼੍ਰੋਮਣੀ ਅਕਾਲੀ ਦਲ (ਬ) ਪ੍ਰੇਮ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਡਾ. ਸ਼ਿਵਾਨੀ ਅਰੋੜਾ, ਭਾਜਪਾ ਤੋਂ ਡੀ.ਐਸ. ਬਾਗੀ, ਆਮ ਆਦਮੀ ਪਾਰਟੀ ਤੋਂ ਹਰਦੀਪ ਸਿੰਘ ਧਾਮੀ ਅਤੇ ਡਾ. ਪੰਕਜ ਸ਼ਿਵ ਸ਼ਾਮਲ ਸਨ, ਨਾਲ ਜ਼ਿਲ੍ਹੇ ਵਿਚ ਚੱਲ ਰਹੀ ਐਸ.ਆਈ.ਆਰ. ਪ੍ਰਕਿਰਿਆ ਬਾਰੇ ਵਿਸਥਾਰ ਵਿਚ ਗੱਲਬਾਤ ਕੀਤੀ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਿਧੀ ਕੁਮੁਦ ਬੰਬਾਹ, ਨਗਰ ਨਿਗਮ ਕਮਿਸ਼ਨਰ ਜੋਤੀ ਬਾਲਾ ਮੱਟੂ, ਸਮੂਹ ਐਸ.ਡੀ.ਐਮਜ਼?, ਚੋਣ ਤਹਿਸੀਲਦਾਰ ਰਮਨਦੀਪ ਕੌਰ ਅਤੇ ਹੋਰ ਅਧਿਕਾਰੀ ਮੌਜੂਦ ਸਨ।

## ਡਾ. ਸੋਨਿੰਦਰ ਕੌਰ ਨੇ ਪਸ਼ੂ ਪਾਲਣ ਵਿਭਾਗ 'ਚ ਪਟਿਆਲਾ ਜ਼ਿਲ੍ਹੇ ਦੀ ਪਹਿਲੀ ਮਹਿਲਾ ਡਿਪਟੀ ਡਾਇਰੈਕਟਰ ਵਜੋਂ ਅਹੁਦਾ ਸੰਭਾਲਿਆ

**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**


ਪਦਉੱਨਤ ਹੋਣ ਉਪਰੰਤ ਡਿਪਟੀ ਡਾਇਰੈਕਟਰ ਬਣੇ ਡਾ. ਸੋਨਿੰਦਰ ਕੌਰ ਨੇ ਪਸ਼ੂ ਪਾਲਣ ਵਿਭਾਗ ਦੇ ਪਟਿਆਲਾ ਜ਼ਿਲ੍ਹੇ ਦੀ ਪਹਿਲੀ ਮਹਿਲਾ ਡਿਪਟੀ ਡਾਇਰੈਕਟਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਡਾ. ਸੋਨਿੰਦਰ ਕੌਰ ਨੇ ਦੱਸਿਆ ਕਿ ਉਹ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਅਤੇ ਸਕੱਤਰ ਰਾਹੁਲ ਭੰਡਾਰੀ ਦੀ ਅਗਵਾਈ ਹੇਠ ਪਸ਼ੂ ਪਾਲਣ ਵਿਭਾਗ ਦੀਆਂ ਸੇਵਾਵਾਂ ਜ਼ਿਲ੍ਹੇ ਦੇ ਹਰ ਪਸ਼ੂ ਪਾਲਕ ਤੱਕ ਪਹੁੰਚਾਉਣ ਲਈ ਮਿਹਨਤ ਨਾਲ ਕੰਮ ਕਰਨਗੇ।

ਇਸ ਦੌਰਾਨ ਡਾ. ਸੋਨਿੰਦਰ ਕੌਰ ਵੱਲੋਂ ਆਪਣਾ ਅਹੁਦਾ ਸੰਭਾਲਣ 'ਤੇ ਦਫ਼ਤਰ ਦੇ ਸਮੂਹ ਸਟਾਫ ਨੇ ਆਪਣੇ ਨਵੇਂ ਡਿਪਟੀ ਡਾਇਰੈਕਟਰ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਡੀ ਡੀ ਏਐਚ ਟ੍ਰੇਨਿੰਗ ਡਾ. ਪਰਮਜੀਤ ਸਿੰਘ, ਡੀ ਡੀ ਏ ਐਚ ਫਾਰਮ ਡਾ. ਚੇਤਨ ਗੁਪਤਾ ਅਤੇ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਸਦਰ ਦਫ਼ਤਰ ਡਾ. ਰਾਜ ਕੁਮਾਰ ਗੁਪਤਾ ਨੇ ਡਾ. ਸੋਨਿੰਦਰ ਕੌਰ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਏਡੀਏਪੀ ਡਾ. ਰਜਨੀਕ ਭੱਲਾ, ਏਡੀ ਟਰੇਨਿੰਗ ਡਾ. ਗੁਰਜੀਤ ਸਿੰਘ ਏਡੀ ਫਾਰਮਜ਼ ਡਾ. ਦਵਿੰਦਰ ਪਾਲ ਸਿੰਘ, ਵੈਟਰਨਰੀ ਅਫ਼ਸਰ ਡਾ. ਜਤਿੰਦਰ ਸਿੰਘ ਅਤੇ ਡਾ. ਜੀਵਨ ਗੁਪਤਾ ਵੀ ਹਾਜ਼ਰ ਸਨ।

ਇਸ ਮੌਕੇ ਪੰਜਾਬ ਸਟੇਟ ਵੈਟਰਨਰੀ ਅਫਸਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਪ੍ਰਧਾਨ ਡਾ. ਅਸ਼ਦੀਪ ਕੁਨਰ ਅਤੇ ਹੋਰ ਵੈਟਰਨਰੀ ਅਫਸਰਾਂ ਨੇ ਵੀ ਡਾ. ਸੁਰਿੰਦਰ ਕੌਰ ਦਾ ਭਰਵਾਂ ਸਵਾਗਤ ਕਰਦਿਆਂ ਸ਼ੁਭਕਾਮਨਾਵਾਂ ਦਿੱਤੀਆਂ। ਜਦਕਿ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਨੇ ਵੀ ਡਾ. ਸੁਰਿੰਦਰ ਕੌਰ ਨੂੰ ਅਹੁਦਾ ਸੰਭਾਲਣ 'ਤੇ ਸ਼ੁਭਕਾਮਨਾਵਾਂ ਦਿੰਦਿਆਂ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਦਫ਼ਤਰ ਦੇ ਸਾਬਕਾ ਸੁਪਰਡੈਂਟ ਅਤੇ ਪੈਨਸ਼ਨਰਜ਼ ਵੈੱਲਫੇਅਰ ਬੋਰਡ ਜ਼ਿਲਾ ਪਟਿਆਲਾ ਦੇ ਚੇਅਰਮੈਨ ਜਗਦੀਸ਼ ਸਿੰਘ ਨੇ ਵੀ ਸ਼ੁਭਕਾਮਨਾਵਾਂ ਦਿੱਤੀਆਂ।

## ਖੇਤੀਬਾੜੀ ਤੋਂ ਪ੍ਰੋਸੈਸਿੰਗ ਅਤੇ ਹੁਨਰ ਵਿਕਾਸ ਤੱਕ: ਵਿਧਾਇਕ ਸੰਦੀਪ ਜਾਖੜ ਜੀ ਨੇ ਆਈਸੀਏਆਰ-ਸਿਫੈੱਟ ਅਤੇ ਕੇਵੀਕੇ ਫਾਜ਼ਿਲਕਾ ਦੀਆਂ ਗਤੀਵਿਧੀਆਂ ਦਾ ਲਿਆ ਜਾਇਜ਼ਾ

**ਅਬੋਹਰ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਅਬੋਹਰ ਦੇ ਵਿਧਾਇਕ ਸ੍ਰੀ ਸੰਦੀਪ ਜਾਖੜ ਜੀ ਨੇ ਅੱਜ ਆਈਸੀਏਆਰ-ਸਿਫੈੱਟ, ਖੇਤਰੀ ਸਟੇਸ਼ਨ, ਅਬੋਹਰ ਅਤੇ ਕੇਵੀਕੇ ਫਾਜ਼ਿਲਕਾ ਦਾ ਦੌਰਾ ਕਰਕੇ ਸੰਸਥਾ ਦੀਆਂ ਵੱਖ-ਵੱਖ ਗਤੀਵਿਧੀਆਂ ਅਤੇ ਕਿਸਾਨ ਹਿੱਤੂ ਪਹਿਲਕਦਮੀਆਂ ਦਾ ਜਾਇਜ਼ਾ ਲਿਆ।ਇਸ ਦੌਰਾਨ ਉਨ੍ਹਾਂ ਨੇ ਸੰਸਥਾ ਦੇ ਵੱਖ-ਵੱਖ ਹਿੱਸਿਆਂ, ਪ੍ਰਯੋਗਸ਼ਾਲਾਵਾਂ, ਖੇਤੀ ਪ੍ਰੋਸੈਸਿੰਗ ਕੇਂਦਰ, ਮਖਾਨਾ ਫੀਲਡ ਅਤੇ ਫਾਜ਼ਿਲਕਾ ਜ਼ਿਲ੍ਹੇ ਲਈ ਸ਼ੁਰੂ ਕੀਤੀਆਂ ਜਾ ਰਹੀਆਂ ਨਵੀਆਂ ਪਹਿਲਕਦਮੀਆਂ ਦਾ ਨਿਰੀਖਣ ਕੀਤਾ।ਵਿਧਾਇਕ ਜੀ ਨੇ ਮਿੱਟੀ ਵਿਗਿਆਨ ਅਤੇ ਗ੍ਰਹਿ ਵਿਗਿਆਨ ਪ੍ਰਯੋਗਸ਼ਾਲਾਵਾਂ ਦਾ ਵੀ ਦੌਰਾ ਕੀਤਾ ਅਤੇ ਕਿਸਾਨਾਂ, ਪੇਂਡੂ ਨੌਜਵਾਨਾਂ ਅਤੇ ਔਰਤਾਂ ਲਈ ਕੇਵੀਕੇ ਵੱਲੋਂ ਕੀਤੇ ਜਾ ਰਹੇ ਸਿਖਲਾਈ, ਤਕਨੀਕੀ ਟ੍ਰਾਂਸਫਰ, ਮੁੱਲ-ਵਾਧਾ ਅਤੇ ਆਮਦਨ-ਵਿਭਿੰਨਤਾ ਸਬੰਧੀ ਕੰਮਾਂ ਦੀ ਜਾਣਕਾਰੀ ਲਈ। ਅਧਿਕਾਰੀਆਂ ਨੇ ਉਨ੍ਹਾਂ ਨੂੰ ਖੇਤਰ ਦੇ ਕਿਸਾਨਾਂ ਨੂੰ ਆਧੁਨਿਕ ਖੇਤੀ ਅਤੇ ਪ੍ਰੋਸੈਸਿੰਗ ਤਕਨੀਕਾਂ ਨਾਲ ਜੋੜਨ ਦੇ ਯਤਨਾਂ ਤੋਂ ਜਾਣੂ ਕਰਵਾਇਆ।ਇਸ ਮੌਕੇਅਨੁਸੂਚਿਤ ਜਾਤੀ ਉਪ-ਯੋਜਨਾ ਤਹਿਤ ਕੇਵੀਕੇ ਫਾਜ਼ਿਲਕਾ ਅਤੇ ਆਈਸੀਏਆਰ-ਸਿਫੈੱਟ ਖੇਤਰੀ ਸਟੇਸ਼ਨ, ਅਬੋਹਰ ਵੱਲੋਂ ਆਯੋਜਿਤ ਇੱਕ ਮਹੀਨੇ ਦੇ 'ਫੈਬਰਿਕ ਡਿਜ਼ਾਈਨਿੰਗ ਸਿਖਲਾਈ' ਦਾ ਸਮਾਪਤੀ ਸਮਾਰੋਹ ਵੀ ਕਰਵਾਇਆ ਗਿਆ।

## ਮੌੜ ਵਿਖੇ ਮਹਿਲਾਵਾਂ ਲਈ ਲਗਾਈ ਗਈ ਵਿਸ਼ੇਸ਼ ਲੋਕ ਅਦਾਲਤ ਨੂੰ ਮਿਲਿਆ ਭਰਵਾਂ ਹੁੰਗਾਰਾ, ਰਾਜ ਲਾਲੀ ਗਿੱਲ

**ਮੌੜ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਮੈਡਮ ਰਾਜ ਲਾਲੀ ਗਿੱਲ ਵੱਲੋਂ ਮਹਿਲਾਵਾਂ ਨਾਲ ਸਬੰਧਤ ਮਸਲਿਆਂ ਅਤੇ ਝਗੜਿਆਂ ਦੇ ਤੁਰੰਤ ਹੱਲ ਲਈ ਲਗਾਈ ਗਈ ਲੋਕ ਅਦਾਲਤ ਨੂੰ ਭਰਵਾਂ ਹੁੰਗਾਰਾ ਮਿਲਿਆ।

ਉੱਪ ਮੰਡਲ ਮੈਜਿਸਟ੍ਰੇਟ ਦਫਤਰ ਮੌੜ ਵਿਖੇ ਲਗਾਈ ਗਈ ਇਸ ਵਿਸ਼ੇਸ਼ ਲੋਕ ਅਦਾਲਤ ਵਿਚ ਮਹਿਲਾਵਾਂ ਨਾਲ ਸਬੰਧਿਤ ਵਿਆਹ/ਸ਼ਾਦੀਆਂ ਦੇ ਕੇਸਾਂ ਤੋਂ ਇਲਾਵਾ ਹੋਰਨਾਂ ਝਗੜਿਆਂ ਨਾਲ ਸਬੰਧਤ 125 ਕੇਸ ਪ੍ਰਾਪਤ ਹੋਏ ਜਿਨ੍ਹਾਂ ਵਿੱਚੋਂ 60 ਫੀਸਦੀ ਦਾ ਨਿਪਟਾਰਾ ਮੌਕੇ 'ਤੇ ਹੀ ਕਰ ਦਿੱਤਾ ਗਿਆ।ਇਸ ਮੌਕੇ ਚੇਅਰਪਰਸਨ ਮੈਡਮ ਗਿੱਲ ਨੇ ਦੱਸਿਆ ਕਿ ਇਹ ਵਿਸ਼ੇਸ਼ ਲੋਕ ਅਦਾਲਤ ਦਾ ਮੁੱਖ ਮਕਸਦ ਮਹਿਲਾਵਾਂ ਨਾਲ ਸਬੰਧਤ ਝਗੜਿਆਂ ਅਤੇ ਵੱਖ-ਵੱਖ ਮਾਮਲਿਆਂ ਦਾ ਤੁਰੰਤ ਅਤੇ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਵਾਉਣਾ ਹੈ।

ਉਨ੍ਹਾਂ ਕਿਹਾ ਕਿ ਔਰਤਾਂ ਆਪਣੀਆਂ ਸਮੱਸਿਆਵਾਂ ਅਤੇ ਉਨ੍ਹਾਂ ਨਾਲ ਹੁੰਦੇ ਸ਼ੋਸ਼ਣ ਸਬੰਧੀ ਜਾਣਕਾਰੀ ਦੇਣ 'ਚ ਆਪਣੇ ਆਪ ਨੂੰ ਅਸਮਰਥ ਮਹਿਸੂਸ ਕਰਦੀਆਂ ਹਨ। ਇਸ ਕਰਕੇ ਕਮਿਸ਼ਨ ਆਪ ਖੁਦ ਚੱਲ ਕੇ ਉਨ੍ਹਾਂ ਤੱਕ ਪਹੁੰਚਿਆ ਹੈ ਤਾਂ ਜੋ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਉਸਦਾ ਹੱਲ ਕੱਢਿਆ ਜਾਵੇ। ਇਸ ਉਪਰਾਲੇ ਰਾਹੀਂ ਮਹਿਲਾਵਾਂ ਨੂੰ ਆਪਣੇ ਮਸਲੇ ਸਬੰਧਤ ਅਧਿਕਾਰੀਆਂ ਦੇ ਸਾਹਮਣੇ ਰੱਖਣ ਅਤੇ ਉਨ੍ਹਾਂ ਦੇ ਹੱਲ ਲਈ ਉਚਿਤ ਸਹਾਇਤਾ ਪ੍ਰਾਪਤ ਕਰਨ ਦਾ ਮੌਕਾ ਮਿਲਿਆ।

ਮੈਡਮ ਗਿੱਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦਾ ਕੋਈ ਮਹਿਲਾ-ਸਬੰਧੀ ਮਸਲਾ ਜਾਂ ਵਿਵਾਦ ਹੈ, ਤਾਂ ਉਹ ਕਮਿਸ਼ਨ ਤੱਕ ਆਪਣੀ ਪਹੁੰਚ ਜ਼ਰੂਰ ਕਰਨ। ਇਸ ਮੌਕੇ ਕਮਿਸ਼ਨ ਵੱਲੋਂ ਮਹਿਲਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਮਸਲਿਆਂ ਦੇ ਹੱਲ ਲਈ ਲੋੜੀਂਦੀ ਜਾਣਕਾਰੀ ਅਤੇ ਮਾਰਗਦਰਸ਼ਨ ਵੀ ਪ੍ਰਦਾਨ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ 0172-2226501 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਵੈੱਬਸਾਈਟ 'ਤੇ ਵਿਜ਼ਿਟ ਕੀਤਾ ਜਾ ਸਕਦਾ ਹੈ।

## ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਅਤੇ ਅਧਿਆਪਕਾ ਸਨਮਾਨਿਤ



**ਪਟਿਆਲਾ, 13 ਸਤੰਬਰ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ, ਪਟਿਆਲਾ ਲਈ ਇਸ ਵਾਰ ਅਧਿਆਪਕ ਦਿਵਸ ਬੇਹੱਦ ਮਾਣ ਅਤੇ ਖ਼ੁਸ਼ੀ ਦਾ ਮੌਕਾ ਬਣਿਆ, ਜਦੋਂ ਪੈਰਾਡਾਈਜ਼ ਪਰਿਵਾਰ ਦੇ ਦੋ ਮਾਣਯੋਗ ਮੈਂਬਰਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ, ਸਮਰਪਣ ਅਤੇ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਸਕੂਲ ਦੇ ਮਾਣਯੋਗ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੂੰ ਪਬਲਿਕ ਕਾਲਜ, ਸਮਾਣਾ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਅਤੇ ਖੇਤਰ ਪ੍ਰਤੀ ਨਿਭਾਈਆਂ ਜਾ ਰਹੀਆਂ ਕੀਮਤੀ ਸੇਵਾਵਾਂ ਲਈ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਮਾਗਮ ਦੇ ਮੁੱਖ ਮਹਿਮਾਨ ਡਾ. ਧਰਮਵੀਰ ਸ਼ਰਮਾ, ਡਾਇਰੈਕਟਰ, IQAC, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਵੱਲੋਂ ਪ੍ਰਦਾਨ ਕੀਤਾ ਗਿਆ। ਇਸ ਸਮਾਗਮ ਦੌਰਾਨ ਕੁੱਲ ਤਿੰਨ ਪ੍ਰਿੰਸੀਪਲਾਂ ਅਤੇ 20 ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿੱਚ ਡਾ. ਪਰਮਿੰਦਰ ਕੌਰ ਸਾਰੇ ਖੇਤਰ ਵਿੱਚੋਂ CBSE ਸਕੂਲ ਦੇ ਇਕਲੌਤੇ ਪ੍ਰਿੰਸੀਪਲ ਸਨ। ਇਹ ਉਪਲਬਧੀ ਪੂਰੇ ਪੈਰਾਡਾਈਜ਼ ਪਰਿਵਾਰ ਲਈ ਵਿਸ਼ੇਸ਼ ਮਾਣ ਦਾ ਵਿਸ਼ਾ ਰਹੀ।

ਇਸੇ ਤਰ੍ਹਾਂ ਪੈਰਾਡਾਈਜ਼ ਪਰਿਵਾਰ ਦੀ ਸਾਇੰਸ ਅਧਿਆਪਕਾ ਨਿਧੀ ਨੂੰ ਵੀ ਅਧਿਆਪਕ ਦਿਵਸ ਮੌਕੇ ਰੋਟਰੀ ਕਲੱਬ ਪਾਤੜਾਂ ਰਾਇਲ ਵੱਲੋਂ ਉਨ੍ਹਾਂ ਦੀ ਸ਼ਾਨਦਾਰ ਅਧਿਆਪਨ ਸੇਵਾ, ਵਿਦਿਆਰਥੀਆਂ ਪ੍ਰਤੀ ਸਮਰਪਣ ਅਤੇ ਵਿਗਿਆਨ ਵਿਸ਼ੇ ਨੂੰ ਰੁਚਿਕਰ ਢੰਗ ਨਾਲ ਪੜ੍ਹਾਉਣ ਲਈ ਸਲਾਘਾ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਹ ਦੋਵੇਂ ਸਨਮਾਨ ਪੈਰਾਡਾਈਜ਼ ਪਰਿਵਾਰ ਦੀ ਸਖ਼ਤ ਮਿਹਨਤ, ਸਮਰਪਣ ਅਤੇ ਗੁਣਵੱਤਾਪੂਰਨ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹਨ।

ਇਸ ਮੌਕੇ ਦ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਦੇ ਸਮੂਹ ਸਟਾਫ਼ ਅਤੇ ਪੈਰਾਡਾਈਜ਼ ਪਰਿਵਾਰ ਵੱਲੋਂ ਡਾ. ਪਰਮਿੰਦਰ ਕੌਰ ਅਤੇ ਸ੍ਰੀਮਤੀ ਨਿਧੀ ਨੂੰ ਦਿਲੋਂ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਦੇ ਭਵਿੱਖ ਵਿੱਚ ਹੋਰ ਵੀ ਵੱਡੀਆਂ ਪ੍ਰਾਪਤੀਆਂ ਕਰਨ ਲਈ ਸ਼ੁਭਕਾਮਨਾਵਾਂ ਪ੍ਰਗਟ ਕੀਤੀਆਂ।

## ਵਿਆਹ ਪੁਰਬ ਸਮਾਗਮ ਨੂੰ ਮੁੱਖ ਰੱਖਦਿਆਂ ਸ਼ਹਿਰ ਅੰਦਰ ਵੱਖ ਵੱਖ ਕਾਰਜ ਜਾਰੀ: ਮਾਨਿਕ ਮਹਿਤਾ

**ਬਟਾਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਹਿਰੂ ਗੇਟ ਵਿਖੇ ਬਾਬਾ ਜੀ ਦੇ ਵਿਆਹ ਸਮਾਗਮ ਨੂੰ ਮੱਦੇਨਜ਼ਰ ਰੱਖਦਿਆਂ ਸੰਗਤਾਂ ਦੀ ਆਵਾਜਾਈ ਦੀ ਸਹੂਲਤ ਤਹਿਤ ਨਹਿਰੂ ਗੇਟ ਦੇ ਰਸਤੇ ਵਿੱਚ ਆ ਰਹੇ ਟਰਾਂਸਫਾਰਮਰ ਨੂੰ ਸਾਈਡ 'ਤੇ ਕਰਵਾਇਆ ਗਿਆ।ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਮਾਨਿਕ ਮਹਿਤਾ ਨੇ ਕਿਹਾ ਕਿ ਇਸ ਉਪਰਾਲੇ ਦਾ ਮੁੱਖ ਮਕਸਦ ਸਮਾਗਮ ਦੌਰਾਨ ਆਉਣ ਵਾਲੀ ਸੰਗਤ ਲਈ ਰਸਤਾ ਖੁੱਲ੍ਹਾ ਅਤੇ ਸੁਚੱਜਾ ਬਣਾਉਣਾ ਹੈ, ਤਾਂ ਜੋ ਸੰਗਤ ਨੂੰ ਆਉਣ-ਜਾਣ ਸਮੇਂ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅੱਗੇ ਕਿਹਾ ਕਿ ਵਿਆਹ ਪੁਰਬ ਸਮਾਗਮ ਦੇ ਸਬੰਧ ਵਿੱਚ ਵਿਧਾਇਕ ਸ਼ੈਰੀ ਕਲਸੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਬਟਾਲਾ ਸ਼ਹਿਰ ਅੰਦਰ ਵੱਖ ਵੱਖ ਵਿਕਾਸ ਕਾਰਜ ਜਾਰੀ ਹਨ ਅਤੇ ਸੰਗਤਾਂ ਦੀ ਸਹੂਲਤ ਲਈ ਸੁਚਾਰੂ ਢੰਗ ਨਾਲ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਸੀਵਰੇਜ ਦੀ ਸਫਾਈ, ਗਲੀਆਂ ਦਾ ਨਿਰਮਾਣ ਅਤੇ ਸਫਾਈ ਸਮੇਤ ਵੱਖ ਵੱਖ ਕਾਰਜ ਜਾਰੀ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਸਾਰੀਆਂ ਵਾਰਡਾਂ ਵਿੱਚ ਵੱਖ ਵੱਖ ਵਿਕਾਸ ਕੰਮ ਪਾਰਦਰਸ਼ੀ ਢੰਗ ਨਾਲ ਚੱਲ ਰਹੇ ਹਨ ਅਤੇ ਪਿਛਲੇ ਸਾਢੇ ਚਾਰ ਸਾਲਾਂ ਅੰਦਰ ਹਰ ਵਰਗ ਦੀ ਭਲਾਈ ਲਈ ਵਿਕਾਸ ਕੰਮ ਕੀਤੇ ਗਏ ਹਨ।

## ਬਾਲ ਭਿੱਖਿਆ ਨੂੰ ਜੜ ਤੋਂ ਖਤਮ ਕਰਨ ਲਈ ਲਗਾਤਾਰ ਜਿਲਾ ਬਾਲ ਸੁਰੱਖਿਆ ਦਫਤਰ ਵੱਲੋਂ ਚੈਕਿੰਗਾਂ ਜਾਰੀ

**ਫਾਜ਼ਿਲਕਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਦੀਆਂ ਹਦਾਇਤਾਂ ਅਨੁਸਾਰ ਬਾਲ ਭਿੱਖਿਆ ਖਿਲਾਫ ਪ੍ਰੋਜੈਕਟ ਜੀਵਨ ਜੋਤ 2.0 ਨੂੰ ਜ਼ਿਲ੍ਹੇ ਵਿਖੇ ਸਖ਼ਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ।ਜ਼ਿਲ੍ਹਾ ਪ੍ਰੋਗਰਾਮ ਅਫਸਰ ਫਾਜ਼ਿਲਕਾ ਨਵਦੀਪ ਕੌਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ, ਫਾਜ਼ਿਲਕਾ ਵੱਲੋਂ ਸਬ- ਡਵੀਜਨਲ ਪੱਧਰੀ ਟੀਮ ਦੇ ਸਹਿਯੋਗ ਨਾਲ ਮਿਲ ਕੇ ਬਾਲ ਭਿੱਖਿਆ ਨੂੰ ਜੜ ਤੋਂ ਖਤਮ ਕਰਨ ਲਈ ਲਗਾਤਾਰ ਚੈਕਿੰਗਾਂ ਕੀਤੀਆਂ ਜਾ ਰਹੀਆਂ ਹਨ। ਫਾਜ਼ਿਲਕਾ ਵਿਚ ਬਾਲ ਭਿਖਾਰੀਆਂ ਨੂੰ ਰੈਸਕਿਊ ਕਰਨ ਲਈ ਗਊਸ਼ਾਲਾ ਰੋਡ, ਬੱਸ ਸਟੈਂਡ, ਘੰਟਾ ਘਰ ਚੌਂਕ, ਰੇਲਵੇ ਸਟੇਸ਼ਨ ਰੋਡ, ਸਬਜ਼ੀ ਮੰਡੀ, ਸ਼ਾਸਤਰੀ ਚੌਂਕ, ਨਹਿਰੂ ਪਾਰਕ, ਮੇਨ ਬਜ਼ਾਰ ਵਿਖੇ ਭਿਖਿਆ ਮੰਗ ਰਹੇ ਬੱਚਿਆਂ ਦੀ ਭਾਲ ਕੀਤੀ ਗਈ। ਚੈਕਿੰਗ ਟੀਮ ਵਿਚ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਰੀਤੂ ਬਾਲਾ ਵੀ ਸ਼ਾਮਿਲ ਸਨ। ਬੱਚੇ ਜਿਨ੍ਹਾਂ ਦੀ ਉਮਰ ਤਕਰੀਬਨ ਇੱਕ ਸਾਲ ਤੋਂ ਲੈ ਕੇ ਛੇ ਸਾਲ ਤੱਕ ਦੀ ਸੀ ਅਤੇ ਛੋਟੇ ਬੱਚਿਆਂ ਨੂੰ ਉਨ੍ਹਾਂ ਦੀਆਂ ਮਾਵਾਂ ਗੋਦ ਵਿਚ ਚੁੱਕ ਕੇ ਭੀਖ ਮੰਗ ਰਹੀਆਂ ਸਨ।

ਬਾਲ ਭਿੱਖਿਆ ਸੰਬੰਧੀ ਚੈਕਿੰਗ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਰੀਤੂ ਬਾਲਾ ਅਤੇ ਬਾਲ ਸੁਰੱਖਿਆ ਅਫਸਰ ਰਣਵੀਰ ਕੌਰ, ਕੌਸ਼ਲ, ਅਜੈ ਸ਼ਰਮਾ ਨੇ ਬੱਚਿਆਂ ਦੀਆਂ ਮਾਤਾਵਾਂ ਦੀ ਕਾਊਂਸਲਿੰਗ ਕੀਤੀ ਤੇ ਉਨ੍ਹਾਂ ਨੂੰ ਬਾਲ ਭਲਾਈ ਕਮੇਟੀ ਵਿਖੇ ਪੇਸ਼ ਕੀਤਾ, ਤਾਂ ਜੋ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਰੀਤੂ ਬਾਲਾ ਨੇ ਦੱਸਿਆ ਕਿ ਪ੍ਰੋਜੈਕਟ ਜੀਵਨ ਕੇ ਜੋਤ 2.0 ਤਹਿਤ ਲਗਾਤਾਰ ਹੀ ਬਾਲ ਭਿਖਿਆ ਸੰਬੰਧੀ ਚੈਕਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ 2026 ਵਿਚ ਹੁਣ ਤੱਕ ਕੁੱਲ 18 ਬੱਚਿਆਂ ਨੂੰ ਬਾਲ ਭਿੱਖਿਆ ਤੋਂ ਹਟਾ ਕੇ ਸਿੱਖਿਆ ਨਾਲ ਜੋੜਿਆ ਜਾ ਚੁੱਕਿਆ ਹੈ। ਚੈਕਿੰਗ ਦੌਰਾਨ ਜਿਲਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਵੱਲੋਂ ਆਮ ਜਨਤਾ ਨੂੰ ਦੱਸਿਆ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਨਾ ਮੰਗਵਾਉਣ ਤੇ ਮਜ਼ਦੂਰੀ ਨਾ ਕਰਵਾਉਣ, ਜੇ ਕੋਈ ਬੱਚਾ ਬਾਲ ਭਿੱਖਿਆ ਕਰਦੇ ਹੋਏ ਪਾਇਆ ਜਾਂਦਾ ਹੈ ਤਾਂ ਜ਼ਿਲਾ ਬਾਲ ਸੁਰੱਖਿਆ ਦਫਤਰ ਫਾਜ਼ਿਲਕਾ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਬੱਚਿਆਂ ਦੀ ਉਮਰ ਅਨੁਸਾਰ ਉਨ੍ਹਾਂ ਨੂੰ ਸਕੂਲ ਵਿਚ ਦਾਖਲ ਕਰਵਾਇਆ ਜਾ ਸਕੇ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਦਾ ਲਾਭ ਦਿੱਤਾ ਜਾ ਸਕੇ।

# ਭਗਵੰਤ ਮਾਨ ਸਰਕਾਰ ਨੇ ਦਾਦੇ ਤੋਂ ਪੋਤੇ ਤੱਕ ਨੂੰ ਖੇਡ ਮੈਦਾਨ ਵਿੱਚ ਭੇਜ ਕੇ ਪੰਜਾਬ ਅੰਦਰ ਖੇਡਾਂ ਦਾ ਮਾਹੌਲ ਸਿਰਜਿਆ : ਡਾ. ਬਲਬੀਰ ਸਿੰਘ

➢ ਸਿਹਤ ਮੰਤਰੀ ਤੇ ਜ਼ਿਲ੍ਹੇ ਦੇ ਸਮੂਹ ਵਿਧਾਇਕਾਂ ਵੱਲੋਂ ਪਟਿਆਲਾ ਨੂੰ ਖੇਡਾਂ ਵਤਨ ਪੰਜਾਬ ਦੀਆਂ ਚ ਮੋਹਰੀ ਜ਼ਿਲ੍ਹਾ ਬਣਾਉਣ ਉਤੇ ਜ਼ੋਰ

➢ ਸਿਹਤ ਮੰਤਰੀ ਵੱਲੋਂ ਜ਼ਿਲ੍ਹਾ ਨਿਵਾਸੀਆਂ ਨੂੰ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾ ਕੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹਿੱਸਾ ਲੈਣ ਦਾ ਸੱਦਾ

**ਪਟਿਆਲਾ, 13 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਪਟਿਆਲਾ ਦੇ ਸਮੂਹ ਵਿਧਾਇਕਾਂ ਨੇ ਜ਼ਿਲ੍ਹੇ ਨੂੰ ਖੇਡਾਂ ਵਤਨ ਪੰਜਾਬ ਦੀਆਂ ਚ ਮੋਹਰੀ ਜ਼ਿਲ੍ਹਾ ਬਣਾਉਣ ਉਤੇ ਜ਼ੋਰ ਦਿੱਤਾ ਹੈ। ਇੱਥੇ ਇੱਕ ਉਚ ਪੱਧਰੀ ਬੈਠਕ ਕਰਕੇ ਖੇਡਾਂ ਵਤਨ ਪੰਜਾਬ ਦੀਆਂ-4 ਸੀਜ਼ਨ ਦੀ ਰਜਿਸਟ੍ਰੇਸ਼ਨ ਤੇ ਚੱਲ ਰਹੀਆਂ ਖੇਡਾਂ ਦਾ ਜਾਇਜ਼ਾ ਲੈਣ ਮੌਕੇ ਸਿਹਤ ਮੰਤਰੀ ਨੇ ਕਿਹਾ ਭਗਵੰਤ ਮਾਨ ਸਰਕਾਰ ਨੇ ਇਨ੍ਹਾਂ ਖੇਡਾਂ ਰਾਹੀਂ ਦਾਦੇ ਤੋਂ ਪੋਤੇ ਤੱਕ ਨੂੰ ਖੇਡ ਮੈਦਾਨ ਵਿੱਚ ਭੇਜ ਕੇ ਪੰਜਾਬ ਅੰਦਰ ਖੇਡਾਂ ਦਾ ਮਾਹੌਲ ਸਿਰਜਿਆ ਹੈ।ਉਨ੍ਹਾਂ ਨੇ ਜ਼ਿਲ੍ਹਾ ਨਿਵਾਸੀਆਂ ਨੂੰ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾ ਕੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਹੈ।

ਬੈਠਕ ਮੌਕੇ ਵਿਧਾਇਕ ਨੀਨਾ ਮਿੱਤਲ, ਚੇਤਨ ਸਿੰਘ ਜੌੜਾਮਾਜਰਾ, ਗੁਰਲਾਲ ਘਨੌਰ, ਕੁਲਵੰਤ ਸਿੰਘ ਬਾਜੀਗਰ ਤੇ ਗੁਰਦੇਵ ਸਿੰਘ ਦੇਵ ਮਾਨ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਦੇ ਨੁਮਾਇੰਦੇ ਦੇਵਿੰਦਰਪਾਲ ਸਿੰਘ ਮਿੱਕੀ, ਰਣਜੋਧ ਸਿੰਘ ਹਡਾਣਾ ਦੇ ਨੁਮਾਇੰਦੇ ਹਰਪ੍ਰੀਤ ਸਿੰਘ ਘੁੰਮਣ, ਏ.ਡੀ.ਸੀ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ, ਐਸ.ਪੀ ਰਜੇਸ਼ ਛਿੱਬੜ, ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ ਧਾਲੀਵਾਲ ਸਮੇਤ ਜ਼ਿਲ੍ਹਾ ਪਟਿਆਲਾ ਦੀਆਂ ਖੇਡ ਐਸੋਸੀਏਸ਼ਨਾਂ ਤੇ ਫੈਡਰੇਸ਼ਨਾਂ ਦੇ ਨੁਮਾਇੰਦੇ ਵੀ ਮੌਜੂਦ ਸਨ।

ਖੇਡਾਂ ਵਤਨ ਪੰਜਾਬ ਦੀਆਂ-4 ਸੀਜ਼ਨ ਦੀ ਰਜਿਸਟ੍ਰੇਸ਼ਨ ਵੱਧ ਤੋਂ ਵੱਧ ਕਰਵਾਕੇ 14 ਸਾਲ ਤੋਂ 60 ਸਾਲ ਤੱਕ ਦੇ ਨੌਜਵਾਨਾਂ ਨੂੰ ਇਨ੍ਹਾਂ ਖੇਡਾਂ ਵਿੱਚ ਭਾਗ ਲੈਣ ਲਈ ਉਤਸ਼ਾਹਤ ਕਰਕੇ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਉਤੇ ਜ਼ੋਰ ਦਿੰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨ, ਖੇਡ ਅਤੇ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਕਿ ਸਾਰੇ ਸਬੰਧਤ ਵਿਭਾਗ ਆਪਸੀ ਤਾਲਮੇਲ ਅਤੇ ਜ਼ਿਲ੍ਹੇ ਅੰਦਰ ਕੰਮ ਕਰ ਰਹੀਆਂ ਅਕੈਡਮੀਆਂ, ਖੇਡ ਐਸੋਸੀਏਸ਼ਨ ਅਤੇ ਫੈਡਰੇਸ਼ਨਾਂ ਸਮੇਤ ਸਾਰੇ ਸਰਕਾਰੀ ਤੇ ਨਿਜੀ ਸਕੂਲਾਂ ਤੇ ਕਾਲਜਾਂ ਨੂੰ ਨਾਲ ਲੈਕੇ ਇਨ੍ਹਾਂ ਖੇਡਾਂ ਨੂੰ ਸਫ਼ਲ ਬਣਾਇਆ ਜਾਵੇ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਰੋਸਾ ਦਿੱਤਾ ਕਿ ਇਨ੍ਹਾਂ ਖੇਡਾਂ ਨੂੰ ਸਫ਼ਲ ਬਣਾਉਣ ਵਿੱਚ ਕੋਈ ਕਮੀ ਨਹੀਂ ਛੱਡੀ ਜਾਵੇਗੀ।

ਸਿਹਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ 5 ਸਤੰਬਰ ਨੂੰ ਬਠਿੰਡਾ ਵਿਖੇ ਖੇਡਾਂ ਦਾ ਉਦਘਾਟਨ ਕਰਨ ਨਾਲ ਖੇਡਾਂ ਵਤਨ ਪੰਜਾਬ ਦੀਆਂ 2026 ਦਾ ਚੌਥਾ ਸੀਜ਼ਨ ਸ਼ੁਰੂ ਹੋ ਗਿਆ ਹੈ ਅਤੇ ਇਨ੍ਹਾਂ ਦੀ ਸਮਾਪਤੀ ਦਾ ਵਿਸ਼ਾਲ ਸਮਾਗਮ 29 ਨਵੰਬਰ ਨੂੰ ਪਟਿਆਲਾ ਵਿਖੇ ਹੋਵੇਗਾ। ਉਨ੍ਹਾਂ ਕਿਹਾ ਕਿ ਹੁਣ ਤੱਕ ਇਹਨਾਂ ਖੇਡਾਂ ਵਿੱਚ ਪੰਜ ਲੱਖ ਤੱਕ ਹਿੱਸੇਦਾਰੀ ਰਹੀ ਹੈ ਅਤੇ ਇਸ ਵਾਰ 10 ਲੱਖ ਤੱਕ ਦਾ ਟੀਚਾ ਹੈ, ਇਸ ਲਈ ਹਿੱਸੇਦਾਰੀ ਦੇ ਮਾਮਲੇ ਵਿੱਚ ਪਟਿਆਲਾ ਜ਼ਿਲ੍ਹੇ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ।

ਇਹਨਾਂ ਖੇਡਾਂ ਵਿੱਚ 9 ਉਮਰ ਵਰਗ ਵਿੱਚ 38 ਖੇਡਾਂ ਤੇ 1 ਪ੍ਰਦਰਸ਼ਨੀ ਖੇਡ (ਟੈਨਿਸ ਬਾਲ ਕ੍ਰਿਕਟ) ਅਤੇ 4 ਪੈਰਾ ਸਪੋਰਟਸ ਖੇਡਾਂ ਦੇ ਮੁਕਾਬਲੇ ਬਲਾਕ, ਜ਼ਿਲ੍ਹਾ ਅਤੇ ਸੂਬਾ ਪੱਧਰ ਉੱਤੇ ਕਰਵਾਏ ਜਾ ਰਹੇ ਹਨ। ਮੁੰਡਿਆਂ ਤੇ ਕੁੜੀਆਂ ਦੇ ਮੁਕਾਬਲੇ ਹੋਣਗੇ। ਜੇਤੂਆਂ ਨੂੰ 12 ਕਰੋੜ ਰੁਪਏ ਤੋਂ ਵੱਧ ਦੀ ਇਨਾਮੀ ਰਾਸ਼ੀ ਅਤੇ ਗ੍ਰੇਡੇਸ਼ਨ ਸਰਟੀਫਿਕੇਟ ਦਿੱਤੇ ਜਾਣਗੇ।ਉਨ੍ਹਾਂ ਦੱਸਿਆ ਕਿ 9 ਉਮਰ ਵਰਗਾਂ ਵਿੱਚ ਅੰਡਰ-14, ਅੰਡਰ 17, ਅੰਡਰ 21, 21-30, 31-40, 41-50, 51-60, 61-70 ਅਤੇ 70 ਸਾਲ ਤੋਂ ਉੱਪਰ ਸ਼ਾਮਲ ਹਨ।

ਬਲਾਕ ਪੱਧਰ ਉੱਤੇ 7 ਖੇਡਾਂ ਦੇ ਮੁਕਾਬਲੇ ਸ਼ੁਰੂ ਹੋ ਗਏ ਹਨ ਜੋ 18 ਸਤੰਬਰ ਤੱਕ ਚੱਲਣਗੇ। ਇਹ ਸੱਤ ਖੇਡਾਂ ਅਥਲੈਟਿਕਸ, ਖੋਹ-ਖੋਹ, ਕਬੱਡੀ (ਨੈਸ਼ਨਲ ਸਟਾਈਲ), ਕਬੱਡੀ (ਸਰਕਲ ਸਟਾਈਲ), ਫੁੱਟਬਾਲ, ਵਾਲੀਬਾਲ (ਸਮੈਸ਼ਿੰਗ) ਅਤੇ ਵਾਲੀਬਾਲ (ਸ਼ੂਟਿੰਗ) ਹਨ। 20 ਸਤੰਬਰ ਤੋਂ 30 ਸਤੰਬਰ ਤੱਕ ਜ਼ਿਲ੍ਹਾ ਪੱਧਰੀ ਮੁਕਾਬਲੇ ਹੋਣਗੇ। ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਬਲਾਕ ਪੱਧਰ ਦੀਆ 7 ਖੇਡਾਂ ਦੇ ਜੇਤੂਆਂ ਤੋਂ ਇਲਾਵਾ 21 ਹੋਰ ਖੇਡਾਂ ਸਿੱਧੀਆਂ ਜ਼ਿਲ੍ਹਾ ਪੱਧਰ ਉਤੇ ਨਵੀਆਂ ਸ਼ਾਮਲ ਹੋਣਗੀਆਂ। ਜ਼ਿਲ੍ਹਾ ਪੱਧਰ ਉੱਤੇ ਕੁੱਲ 28 ਖੇਡਾਂ ਦੇ ਮੁਕਾਬਲੇ ਹੋਣਗੇ।ਨਵੀਆਂ 21 ਖੇਡਾਂ ਵਿੱਚ ਹੈਂਡਬਾਲ, ਸਾਫਟਬਾਲ, ਜੂਡੋ, ਗਤੱਕਾ, ਕਿੱਕ ਬਾਕਸਿੰਗ, ਹਾਕੀ, ਨੈਟਬਾਲ, ਬੈਡਮਿੰਟਨ, ਬਾਸਕਟਬਾਲ, ਪਾਵਰਲਿਫਟਿੰਗ, ਲਾਅਨ ਟੈਨਿਸ, ਰੈਸਲਿੰਗ, ਸਵੀਮਿੰਗ, ਬਾਕਸਿੰਗ, ਟੇਬਲ ਟੈਨਿਸ, ਵੇਟਲਿਫਟਿੰਗ, ਚੈੱਸ, ਸ਼ੂਟਿੰਗ, ਫੈਨਸਿੰਗ, ਰੋਲਰ ਸਕੇਟਿੰਗ ਅਤੇ ਆਰਚਰੀ ਸ਼ਾਮਲ ਹਨ।

ਇਸ ਮੌਕੇ ਵਿਧਾਇਕ ਗੁਰਲਾਲ ਘਨੌਰ ਨੇ ਦੱਸਿਆ ਕਿ 10 ਅਕਤੂਬਰ ਤੋਂ 23 ਨਵੰਬਰ ਤੱਕ ਸੂਬਾ ਪੱਧਰ ਦੇ ਮੁਕਾਬਲੇ ਹੋਣਗੇ। ਸੂਬਾ ਪੱਧਰ ਉੱਤੇ ਜ਼ਿਲ੍ਹਾ ਪੱਧਰ ਦੀਆ 28 ਖੇਡਾਂ ਦੇ ਜੇਤੂਆਂ ਤੋਂ ਇਲਾਵਾ 10 ਹੋਰ ਖੇਡਾਂ ਸਿੱਧੀਆਂ ਸੂਬਾ ਪੱਧਰ ਉੱਤੇ ਨਵੀਆਂ ਸ਼ਾਮਲ ਹੋਣਗੀਆਂ। ਸੂਬਾ ਪੱਧਰ ਉਤੇ ਕੁੱਲ 38 ਖੇਡਾਂ ਦੇ ਮੁਕਾਬਲੇ ਹੋਣਗੇ, ਨਵੀਆਂ 10 ਖੇਡਾਂ ਵਿੱਚ ਜਿਮਨਾਸਟਿਕ, ਰੋਇੰਗ, ਕੈਕਿੰਗ ਕੈਨੋਇੰਗ, ਵੁਸ਼ੂ, ਰਗਬੀ, ਸਾਈਕਲਿੰਗ, ਘੋੜਸਵਾਰੀ, ਤਾਇਕਵਾਂਡੋ, ਬੇਸਬਾਲ ਅਤੇ ਕਰਾਟੇ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਚਾਰ ਪੈਰਾ ਖੇਡਾਂ ਦੇ ਮੁਕਾਬਲੇ 25 ਤੋਂ 28 ਨਵੰਬਰ ਤੱਕ ਹੋਣਗੇ। ਪੈਰਾ ਖੇਡਾਂ ਵਿੱਚ ਪੈਰਾ ਪਾਵਰਲਿਫਟਿੰਗ, ਪੈਰਾ ਬੈਡਮਿੰਟਨ ਅਤੇ ਵ੍ਹੀਲਚੇਅਰ ਬਾਸਕਟਬਾਲ, ਪੈਰਾ ਅਥਲੈਟਿਕਸ ਸ਼ਾਮਲ ਹਨ।

ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਵਿਧਾਇਕ ਖਿਡਾਰੀਆਂ, ਕੋਚਾਂ, ਰੈਫਰੀਆਂ ਤੇ ਹੋਰ ਖੇਡਾਂ ਨਾਲ ਜੁੜੇ ਅਮਲੇ ਦਾ ਨਿਜੀ ਤੌਰ ਉਤੇ ਵਿਸ਼ੇਸ਼ ਮਾਣ-ਸਨਮਾਨ ਕਰਨਗੇ।

# ਫੂਡ ਕਮਿਸ਼ਨ ਪੰਜਾਬ ਵੱਲੋਂ ਪਟਿਆਲਾ ਦੇ ਡਿੱਪੂ ਹੋਲਡਰ ਮਨਮੋਹਨ ਅਰੋੜਾ 'ਬੈਸਟ ਐਵਾਰਡ' ਨਾਲ ਸਨਮਾਨਿਤ



**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਫੂਡ ਕਮਿਸ਼ਨ ਵੱਲੋਂ ਕਰਵਾਏ ਗਏ ਸਨਮਾਨ ਸਮਾਗਮ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਡਿੱਪੂ ਹੋਲਡਰ ਸ੍ਰੀ ਮਨਮੋਹਨ ਅਰੋੜਾ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ 'ਬੈਸਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪੰਜਾਬ ਫੂਡ ਸਪਲਾਈ ਵਿਭਾਗ ਦੇ ਸਕੱਤਰ ਸ੍ਰੀ ਰਾਹੁਲ ਤਿਵਾੜੀ ਅਤੇ ਪੰਜਾਬ ਫੂਡ ਕਮਿਸ਼ਨ ਦੇ ਚੇਅਰਮੈਨ ਸ੍ਰੀ ਬਾਲ ਮੁਕੰਦ ਸ਼ਰਮਾ ਵੱਲੋਂ ਸ੍ਰੀ ਮਨਮੋਹਨ ਅਰੋੜਾ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਫੂਡ ਕਮਿਸ਼ਨ ਦੇ ਮੈਂਬਰ ਸ੍ਰੀ ਚੇਤਨ ਪ੍ਰਕਾਸ਼ ਧਾਲੀਵਾਲ, ਸ੍ਰੀ ਵਿਜੇ ਦੱਤ, ਡਾ. ਜੇ.ਐਸ. ਬੇਦੀ, ਡਾ. ਸਤੀਸ਼ ਵਰਮਾ, ਡਾਇਰੈਕਟਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ, ਵਧੀਕ ਡਾਇਰੈਕਟਰ ਸ੍ਰੀਮਤੀ ਅੰਜੂਮਨ ਭਾਸਕਰ ਸਮੇਤ ਵੱਖ-ਵੱਖ ਜ਼ਿਲ੍ਹਿਆਂ ਦੇ ਅਧਿਕਾਰੀ ਅਤੇ ਪਟਿਆਲਾ ਤੋਂ ਡੀ.ਐਫ.ਐਸ.ਸੀ. ਸ੍ਰੀ ਅਮਰਿੰਦਰ ਸਿੰਘ, ਇੰਸਪੈਕਟਰ, ਹਾਜ਼ਰ ਸਨ। ਇਸ ਸਨਮਾਨ 'ਤੇ ਰਾਸ਼ਨ ਡਿੱਪੂ ਹੋਲਡਰ ਵੈਲਫੇਅਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਸ੍ਰੀ ਰਾਮਪਾਲ ਮਹਾਜਨ ਅਤੇ ਉਨ੍ਹਾਂ ਦੀ ਟੀਮ ਵੱਲੋਂ ਪੰਜਾਬ ਫੂਡ ਕਮਿਸ਼ਨ ਅਤੇ ਫੂਡ ਸਪਲਾਈ ਵਿਭਾਗ ਦਾ ਧੰਨਵਾਦ ਕੀਤਾ ਗਿਆ। ਪਟਿਆਲਾ ਰਾਸ਼ਨ ਡਿੱਪੂ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਪ੍ਰਦੀਪ ਕਪਿਲਾ, ਸੀਨੀਅਰ ਮੀਤ ਪ੍ਰਧਾਨ ਸ੍ਰੀ ਜਰਨੈਲ ਸਿੰਘ , ਜਨਰਲ ਸਕੱਤਰ ਸ੍ਰੀ ਗੁਰਿੰਦਰ ਸਿੰਘ, ਪੰਜਾਬ ਪ੍ਰੈਸ ਸਕੱਤਰ ਸ੍ਰੀ ਸੁਦਰਸ਼ਨ ਮਿੱਤਲ, ਕੈਸ਼ੀਅਰ ਸ੍ਰੀ ਸੁਦਰਸ਼ਨ ਕਿੰਗਰ ਅਤੇ ਸ੍ਰੀ ਸਤੀਸ਼ ਕੁਮਾਰ ਨੇ ਸ੍ਰੀ ਮਨਮੋਹਨ ਅਰੋੜਾ ਨੂੰ ਮਿਲੇ ਇਸ ਮਾਣ-ਸਨਮਾਨ ਲਈ ਵਧਾਈ ਦਿੱਤੀ।

ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਕਿਹਾ ਕਿ ਸ੍ਰੀ ਮਨਮੋਹਨ ਅਰੋੜਾ ਨੂੰ ਮਿਲਿਆ ਇਹ ਸਨਮਾਨ ਪਟਿਆਲਾ ਜ਼ਿਲ੍ਹੇ ਦੇ ਸਮੂਹ ਰਾਸ਼ਨ ਡਿੱਪੂ ਹੋਲਡਰਾਂ ਲਈ ਮਾਣ ਵਾਲੀ ਗੱਲ ਹੈ ਅਤੇ ਇਸ ਨਾਲ ਹੋਰ ਡਿੱਪੂ ਹੋਲਡਰਾਂ ਨੂੰ ਵੀ ਆਪਣੀਆਂ ਸੇਵਾਵਾਂ ਹੋਰ ਬਿਹਤਰ ਢੰਗ ਨਾਲ ਨਿਭਾਉਣ ਲਈ ਪ੍ਰੇਰਨਾ ਮਿਲੇਗੀ।

# ਗੱਜੂਮਾਜਰਾ, ਸਦਰਪੁਰ ਅਤੇ ਲਲੌਛੀ ਵਿੱਚ ਦਿਖਾਈ ਗਈ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਸ਼ੇਸ਼ ਦਸਤਾਵੇਜ਼ੀ



**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਤਹਿਤ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਐਲ.ਈ.ਡੀ. ਸਕਰੀਨਾਂ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਗਈ। ਪਟਿਆਲਾ ਦੇ ਪਿੰਡ ਗੱਜੂਮਾਜਰਾ, ਸਦਰਪੁਰ ਅਤੇ ਲਲੌਛੀ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਦਾ ਲਾਹਾ ਲਿਆ।

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਇਹ ਦਸਤਾਵੇਜ਼ੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਸਮਾਨਤਾ, ਸਮਾਜਿਕ ਨਿਆਂ, ਪ੍ਰਭੂ ਭਗਤੀ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਉਪਰਾਲਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ ਇਹ ਦਸਤਾਵੇਜ਼ੀ ਦਿਖਾਈ ਜਾ ਰਹੀ ਹੈ ਤਾਂ ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਹੋ ਸਕੇ।

ਦਸਤਾਵੇਜ਼ੀ ਦੇਖਣ ਉਪਰੰਤ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਮਾਨਤਾ, ਭਾਈਚਾਰੇ ਅਤੇ ਭੇਦਭਾਵ ਰਹਿਤ ਸਮਾਜ ਦਾ ਸੰਦੇਸ਼ ਅੱਜ ਵੀ ਉਤਨਾ ਹੀ ਪ੍ਰਸੰਗਿਕ ਹੈ ਅਤੇ ਅਜਿਹੀਆਂ ਪਹਿਲਕਦਮੀਆਂ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਆਦਰਸ਼ਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ।

ਇਸ ਮੌਕੇ ਪਿੰਡਾਂ ਦੇ ਪੰਚਾਇਤੀ ਨੁਮਾਇੰਦੇ, ਸਮਾਜ ਸੇਵੀ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਪਟਿਆਲਾ ਜੇਲ੍ਹ ਸਰਕਲ ਦੇ ਨਵੇਂ ਡੀਆਈਜੀ ਸੂਬਾ ਸਿੰਘ ਰੰਧਾਵਾ ਵੱਲੋਂ ਕੇਂਦਰੀ ਜੇਲ੍ਹ ਵਿਖੇ ਜੇਲ੍ਹ ਪ੍ਰਸ਼ਾਸਨ, ਹੁਨਰ ਵਿਕਾਸ ਤੇ ਭਲਾਈ ਉਪਰਾਲਿਆਂ ਦਾ ਜਾਇਜ਼ਾ

**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਏਡੀਜੀਪੀ ਜੇਲ੍ਹਾਂ, ਪੰਜਾਬ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ, ਨਵੇਂ ਆਏ, ਪਟਿਆਲਾ ਜੇਲ੍ਹ ਸਰਕਲ ਦੇ ਡੀਆਈਜੀ ਸੂਬਾ ਸਿੰਘ ਰੰਧਾਵਾ ਨੇ ਕੇਂਦਰੀ ਜੇਲ੍ਹ ਪਟਿਆਲਾ ਦਾ ਦੌਰਾ ਕੀਤਾ ਅਤੇ ਪਟਿਆਲਾ ਸਰਕਲ ਅਧੀਨ ਜੇਲ੍ਹਾਂ ਦੇ ਕੰਮਕਾਜ ਦਾ ਜਾਇਜ਼ਾ ਲਿਆ। ਉਨ੍ਹਾਂ ਨੂੰ ਪਟਿਆਲਾ ਜੇਲ੍ਹ ਵਿਖੇਵਗਾਰਡ ਆਫ਼ ਆਨਰ ਦਿੱਤਾ ਗਿਆ।

ਦੌਰੇ ਦੌਰਾਨ, ਡੀਆਈਜੀ ਸੂਬਾ ਸਿੰਘ ਰੰਧਾਵਾ ਨੇ ਪਟਿਆਲਾ ਸਰਕਲ ਅਧੀਨ ਸਾਰੀਆਂ ਜੇਲ੍ਹਾਂ ਦੇ ਸੁਪਰਡੈਂਟਾਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਜੇਲ੍ਹ ਪ੍ਰਸ਼ਾਸਨ ਅਤੇ ਕੰਮਕਾਜ ਦੇ ਵੱਖ-ਵੱਖ ਪਹਿਲੂਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਜੇਲ੍ਹ ਅਧਿਕਾਰੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਰਪਣ ਭਾਵਨਾ ਨਾਲ ਨਿਭਾਉਣ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਜੇਲ੍ਹਾਂ ਦੇ ਸਮੁੱਚੇ ਕੰਮਕਾਜ ਨੂੰ ਹੋਰ ਮਜ਼ਬੂਤ ਕਰਨ ਲਈ ਹਰ ਸੰਭਵ ਉਪਾਅ ਕੀਤੇ ਜਾਣ।

ਡੀਆਈਜੀ ਨੇ ਵਿਸ਼ੇਸ਼ ਤੌਰ 'ਤੇ ਕੈਦੀਆਂ ਦੇ ਹੁਨਰ ਵਿਕਾਸ ਅਤੇ ਉਸਾਰੂ ਸ਼ਮੂਲੀਅਤ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਇਹ ਕਹਿੰਦੇ ਹੋਏ ਕਿ ਕੈਦੀਆਂ ਨੂੰ ਲਾਭਦਾਇਕ ਹੁਨਰ ਸਿੱਖਣ ਅਤੇ ਰਿਹਾਈ ਤੋਂ ਬਾਅਦ ਆਪਣੇ ਆਪ ਨੂੰ ਇੱਕ ਬਦਲੇ ਹੋਏ ਜੀਵਨ ਲਈ ਤਿਆਰ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਨੇ ਜੇਲ੍ਹ ਸਟਾਫ ਅਤੇ ਕੈਦੀਆਂ ਦੀ ਭਲਾਈ ਅਤੇ ਤੰਦਰੁਸਤੀ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਡੀਆਈਜੀ ਸੂਬਾ ਸਿੰਘ ਰੰਧਾਵਾ ਨੇ ਅਧਿਕਾਰੀਆਂ ਨੂੰ ਭਲਾਈ ਅਤੇ ਪੁਨਰਵਾਸ-ਮੁਖੀ ਪਹਿਲਕਦਮੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਂਦੇ ਹੋਏ ਜੇਲ੍ਹਾਂ ਦੇ ਅੰਦਰ ਇੱਕ ਅਨੁਸ਼ਾਸਿਤ, ਸੁਰੱਖਿਅਤ ਅਤੇ ਸਕਾਰਾਤਮਕ ਵਾਤਾਵਰਣ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਉਨ੍ਹਾਂ ਖੇਤਰਾਂ ਦੀ ਪਛਾਣ ਕਰਨ ਲਈ ਵੀ ਉਤਸ਼ਾਹਿਤ ਕੀਤਾ ਜਿੱਥੇ ਜੇਲ੍ਹਾਂ ਦੇ ਰੋਜ਼ਾਨਾ ਕੰਮਕਾਜ ਵਿੱਚ ਹੋਰ ਸੁਧਾਰ ਕੀਤੇ ਜਾ ਸਕਦੇ ਹਨ।

ਕੇਂਦਰੀ ਜੇਲ੍ਹ ਪਟਿਆਲਾ ਦੇ ਸੁਪਰਡੈਂਟ ਗੁਰਚਰਨ ਸਿੰਘ ਧਾਲੀਵਾਲ ਨੇ ਡੀਆਈਜੀ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਜੇਲ੍ਹ ਦੇ ਕੰਮਕਾਜ, ਕੈਦੀਆਂ ਦੀ ਬੰਦੀਆਂ ਦੀ ਗਿਣਤੀ ਅਤੇ ਕੈਦੀਆਂ ਲਈ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਅਤੇ ਭਲਾਈ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ।

ਡੀਆਈਜੀ ਨੇ ਜੇਲ੍ਹ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਜ਼ਮੀਨੀ ਪੱਧਰ 'ਤੇ ਦਰਪੇਸ਼ ਜ਼ਰੂਰਤਾਂ ਅਤੇ ਚੁਣੌਤੀਆਂ ਬਾਰੇ ਫੀਡਬੈਕ ਲਿਆ। ਉਨ੍ਹਾਂ ਭਰੋਸਾ ਦਿੱਤਾ ਕਿ ਪਟਿਆਲਾ ਸਰਕਲ ਵਿੱਚ ਜੇਲ੍ਹ ਪ੍ਰਸ਼ਾਸਨ ਅਤੇ ਭਲਾਈ-ਮੁਖੀ ਉਪਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਸਾਰੇ ਜ਼ਰੂਰੀ ਯਤਨ ਕੀਤੇ ਜਾਣਗੇ।

# ਸ਼੍ਰੋਮਣੀ ਅਕਾਲੀ ਦਲ ਨੇ ਯੂਥ ਅਕਾਲੀ ਦਲ ਦੇ ਪ੍ਰਧਾਨ ਲੰਗ ਅਤੇ ਸਾਹਨੀ ਨੂੰ ਚੱਠਾ ਨੇ ਕੀਤਾ ਸਨਮਾਨਤ




**ਪਟਿਆਲਾ, 13 ਸਤੰਬਰ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਵਿਧਾਨ ਸਭਾ ਚੋਣਾਂ ਨੇੜੇ ਆਉਂਦੇ ਦੇਖ ਪਾਰਟੀ ਦੀ ਮਜ਼ਬੂਤੀ ਦਾ ਕੰਮ ਵੀ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਯੂਥ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਮਿਹਨਤੀ ਨੌਜਵਾਨਾਂ ਨੂੰ ਵਾਗ ਡੋਰ ਸੌਂਪੀ ਜਾ ਰਹੀ ਹੈ, ਜਿਸ ਤਹਿਤ ਮੁੜ ਤੋਂ ਅੰਮ੍ਰਿਤਪਾਲ ਸਿੰਘ ਲੰਗ ਨੂੰ ਜਿਲ੍ਹਾ ਦਿਹਾਤੀ ਤੋਂ ਯੂਥ ਅਕਾਲੀ ਦਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ, ਉਥੇ ਹੀ ਜਿਲ੍ਹਾ ਸ਼ਹਿਰੀ ਪ੍ਰਧਾਨ ਜਗਦੀਸ਼ ਸਿੰਘ ਸਾਹਨੀ ਨੂੰ ਬਣਾਇਆ ਗਿਆ ਹੈ। ਇਨ੍ਹਾਂ ਦੋਵੇਂ ਆਗੂਆਂ ਨੂੰ ਪਟਿਆਲਾ ਦਿਹਾਤੀ ਹਲਕੇ ਦੇ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।ਜਿਥੇ ਨੌਜਵਾਨਾਂ ਦਾ ਹੌਸਲਾ ਵਧਾਉਂਦੇ ਹੋਏ ਬਿੱਟੂ ਚੱਠਾ ਨੇ ਕਿਹਾ ਕਿ ਯੂਥ ਅਕਾਲੀ ਦਲ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਕੰਮ ਕਰਨ ਵਿਚ ਲੱਗਿਆ ਹੋਇਆ ਹੈ, ਜਿਨ੍ਹਾਂ ਦੀ ਬਦੌਲਤ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵੱਡੀ ਜਿੱਤ ਹਾਸਲ ਕਰਕੇ ਸਰਕਾਰ ਬਣਾਉਣਗੇ। ਉਨ੍ਹਾਂ ਕਿਹਾ ਕਿ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਕੀਤੇ ਗਏ ਕਾਰਜਾਂ ਨੂੰ ਬੂਥ ਪੱਧਰ 'ਤੇ ਲਿਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਮੇਂ ਜੋ ਕਾਰਜ ਪੰਜਾਬ ਦੇ ਲੋਕਾਂ ਲਈ ਕੀਤੇ ਹਨ, ਉਨ੍ਹਾਂ ਦਾ ਆਪ ਅਤੇ ਕਾਂਗਰਸ ਕੋਲ ਕੋਈ ਤੋੜ ਨਹੀਂ ਹੈ।

ਇਸ ਮੌਕੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਲੰਗ ਨੇ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਜਿਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਅਤੇ ਪਾਰਟੀ ਦੀ ਮਜ਼ਬੂਤੀ ਲਈ ਨੌਜਵਾਨਾਂ ਨੂੰ ਲਾਮਬੰਦ ਕੀਤਾ ਜਾਵੇਗਾ ਤਾਂ ਜੋ ਸ਼੍ਰੋਮਣੀ ਅਕਾਲੀ ਦਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਹੂੰਝਾ ਫੇਰ ਜਿੱਤ ਪ੍ਰਾਪਤ ਕਰ ਸਕੇ।

# ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਦੂਜਾ ਅੱਵਲ ਸਰਹੱਦੀ ਮਿੰਨੀ ਕਹਾਣੀ ਯਾਦਗਾਰੀ ਪੁਰਸਕਾਰ ਮੋਹਨ ਸ਼ਰਮਾ ਨੂੰ

**ਪਟਿਆਲਾ, 13 ਸਤੰਬਰ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਦੂਜਾ ਅੱਵਲ ਸਰਹੱਦੀ ਮਿੰਨੀ ਕਹਾਣੀ ਪੁਰਸਕਾਰ—2026 ਉਘੇ ਅਤੇ ਸੀਨੀਅਰ ਮਿੰਨੀ ਕਹਾਣੀ ਲੇਖਕ ਮੋਹਨ ਸ਼ਰਮਾ (ਸੰਗਰੂਰ) ਨੂੰ ਦਿੱਤਾ ਜਾਵੇਗਾ। ਇਹ ਸੂਚਨਾ ਦਿੰਦੇ ਹੋਏ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ* ਨੇ ਕਿਹਾ ਕਿ ਸ੍ਰੀ ਅੱਵਲ ਸਰਹੱਦੀ ਦੀਆਂ ਦੋਵਾਂ ਬੇਟੀਆਂ ਗੁਰਪ੍ਰੀਤ ਕੌਰ ਅਤੇ ਪਰਵਿੰਦਰ ਸਡਾਨਾ ਦੇ ਪਰਿਵਾਰਕ ਸਹਿਯੋਗ ਨਾਲ ਅੱਵਲ ਸਰਹੱਦੀ ਦੀ ਯਾਦ ਵਿਚ ਮਿੰਨੀ ਕਹਾਣੀ ਦੇ ਖੇਤਰ ਵਿਚ ਉਘਾ ਯੋਗਦਾਨ ਪਾਉਣ ਵਾਲੇ ਸੀਨੀਅਰ ਪੰਜਾਬੀ ਲੇਖਕ ਨੂੰ ਪੁਰਸਕਾਰ ਰਵਾਇਤ ਜਾਰੀ ਰੱਖੀ ਜਾਵੇਗੀ ਜਿਸ ਵਿਚ ਨਗਦ ਰਾਸ਼ੀ ਅਤੇ ਸ਼ਾਲ ਤੋਂ ਇਲਾਵਾ ਸਨਮਾਨ ਪੱਤਰ ਭੇਂਟ ਕੀਤੇ ਜਾਣਗੇ। ਡਾ. ਆਸ਼ਟ ਨੇ ਹੋਰ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਅੱਵਲ ਸਰਹੱਦੀ ਲੰਮਾ ਅਰਸਾ ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਜਨਰਲ ਸਕੱਤਰ ਵਜੋਂ ਸੇਵਾਵਾਂ ਨਿਭਾਉਣ ਦੇ ਨਾਲ ਨਾਲ ਮਿੰਨੀ ਕਹਾਣੀਆਂ ਦੀ ਸਿਰਜਣਾ ਕਰਦੇ ਰਹੇ। ਉਨ੍ਹਾਂ ਦਾ ਮਿੰਨੀ ਕਹਾਣੀ ਸੰਗ੍ਰਹਿ 'ਖ਼ਬਰਨਾਮਾ' ਕਾਫੀ ਪ੍ਰਸਿੱਧ ਹੋਇਆ। ਉਨ੍ਹਾਂ ਦੀਆਂ ਮਿੰਨੀ ਕਹਾਣੀਆਂ ਨਾ ਕੇਵਲ ਪਾਠਕ੍ਰਮ ਦਾ ਹਿੱਸਾ ਬਣੀਆਂ ਸਗੋਂ ਦੂਜੀਆਂ ਜ਼ੁਬਾਨਾਂ ਵਿਚ ਵੀ ਅਨੁਵਾਦਿਤ ਹੋਈਆਂ। ਜ਼ਿਕਰਯੋਗ ਹੈ ਕਿ ਪਲੇਠਾ ਅਵੱਲ ਸਰਹੱਦੀ ਮਿੰਨੀ ਕਹਾਣੀ ਪੁਰਸਕਾਰ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਚੰਦਨ ਨੇਗੀ ਨੂੰ ਪ੍ਰਦਾਨ ਕੀਤਾ ਗਿਆ ਸੀ।

ਸਾਲ 2006 ਲਈ ਦੂਜੇ ਅੱਵਲ ਸਰਹੱਦੀ ਮਿੰਨੀ ਕਹਾਣੀ ਪੁਰਸਕਾਰ ਲਈ ਮੋਹਨ ਸ਼ਰਮਾ ਦੀ ਚੋਣ ਕੀਤੀ ਗਈ ਹੈ ਜੋ ਪੰਜਾਬੀ ਮਿੰਨੀ ਕਹਾਣੀ ਦੇ ਵਿਕਾਸ ਵਿਚ ਪਿਛਲੇ ਛੇ ਦਹਾਕਿਆਂ ਤੋਂ ਨਿਰੰਤਰ ਯੋਗਦਾਨ ਪਾਉਂਦੇ ਆ ਰਹੇ ਹਨ। ਮਿੰਨੀ ਕਹਾਣੀ ਤੋਂ ਇਲਾਵਾ ਉਨ੍ਹਾਂ ਦੀ ਇਕ ਕਵੀ ਅਤੇ ਸਮਾਜ ਸੇਵਕ ਵਜੋਂ ਵੀ ਚੰਗੀ ਪਛਾਣ ਬਣ ਚੁੱਕੀ ਹੈ। ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਅਨੇਕ ਪੁਸਤਕਾਂ ਪਾਈਆਂ ਹਨ ਜਿਨ੍ਹਾਂ ਵਿਚ ਟੁੱਟਿਆ ਹਾਰ, ਯਾਦਾਂ ਦੀ ਦਸਤਕ, ਜੀਵਨ ਤੇ ਖ਼ੁਸ਼ਬੂ, ਚਾਨਣ ਰਿਸ਼ਮਾਂ, ਹਾਦਸਾ ਦਰ ਹਾਦਸਾ, ਡੁੱਬਿਆ ਸੂਰਜ, ਪੂਜਾ, ਸੁਪਨਿਆਂ ਦੇ ਖੰਡਰ, ਉਮਰ ਦੀ ਸੀਮਾ, ਨਸ਼ਿਆ 'ਚ ਰੁੜ੍ਹਦਾ ਪੰਜਾਬ, ਡਾਇਰੀ ਦੇ ਪੰਨੇ ਅਤੇ ਸੁਨੇਹਾ ਆਦਿ ਸ਼ਾਮਲ ਹਨ। ਉਨ੍ਹਾਂ ਦੇ ਜੀਵਨ ਤੇ ਬਹੁਪੱਖੀ ਕਾਰਜਾਂ ਬਾਰੇ ਕਈ ਡਾਕੂਮੈਂਟਰੀ ਫ਼ਿਲਮਾਂ ਵੀ ਬਣ ਚੁੱਕੀਆਂ ਹਨ। ਸ੍ਰੀ ਮੋਹਨ ਸ਼ਰਮਾ ਨੂੰ ਇਹ ਪੁਰਸਕਾਰ ਆਉਂਦੇ ਦਿਨਾਂ ਵਿਚ ਸਭਾ ਵੱਲੋਂ ਭਾਸ਼ਾ ਵਿਭਾਗ,ਪਟਿਆਲਾ ਵਿਖੇ ਆਯੋਜਿਤ ਕੀਤੇ ਜਾ ਰਹੇ ਇਕ ਵਿਸ਼ੇਸ਼ ਸਾਹਿਤਕ ਸਮਾਗਮ ਦੌਰਾਨ ਪ੍ਰਦਾਨ ਕੀਤਾ ਜਾਵੇਗਾ ਜਿਸ ਵਿਚ ਪੰਜਾਬ ਦੇ ਨਾਮੀ ਮਿੰਨੀ ਕਹਾਣੀਕਾਰ ਸ਼ਿਰਕਤ ਕਰ ਰਹੇ ਹਨ।

ਸਭਾ ਦੀ ਅੱਜ ਦੀ ਕਾਰਜਕਾਰਨੀ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ, ਸਰਪ੍ਰਸਤ ਬਾਬੂ ਸਿੰਘ ਰੈਹਲ, ਜਨਰਲ ਸਕੱਤਰ ਦਵਿੰਦਰ ਪਟਿਆਲਵੀ, ਅੱਵਲ ਸਰਹੱਦੀ ਦੀ ਸਪੁੱਤਰੀ ਅਤੇ ਮਿੰਨੀ ਕਹਾਣੀ ਲੇਖਿਕਾ ਪਰਵਿੰਦਰ ਸਡਾਨਾ, ਡਾ. ਹਰਪ੍ਰੀਤ ਸਿੰਘ ਰਾਣਾ, ਬਲਬੀਰ ਸਿੰਘ ਦਿਲਦਾਰ ਅਤੇ ਨਵਦੀਪ ਸਿੰਘ ਮੁੰਡੀ ਆਦਿ ਸ਼ਾਮਲ ਸਨ।

# ਖੇਡਾਂ ਵਤਨ ਪੰਜਾਬ ਦੀਆਂ-2026 ਦੇ ਤੀਜੇ ਦਿਨ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਖਿਡਾਰੀਆਂ ਨੇ ਲਿਆ ਭਾਗ

**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਡ ਵਿਭਾਗ ਪਟਿਆਲਾ ਵੱਲੋਂ ਅ ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਤੀਸਰੇ ਦਿਨ ਦੀਆਂ ਬਲਾਕ ਪੱਧਰੀ ਖੇਡਾਂ ਕਰਵਾਈਆਂ ਗਈਆਂ।

ਤੀਸਰੇ ਦਿਨ, ਪਟਿਆਲਾ ਦੇ ਚਾਰ ਬਲਾਕਾਂ ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ, ਰਾਜਪੁਰਾ ਅਤੇ ਨਾਭਾ ਵਿਖੇ ਬਲਾਕ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਜਿਹਨਾਂ ਵਿੱਚ ਵੱਖ-ਵੱਖ ਉਮਰ ਵਰਗ ਵਿੱਚ ਐਥਲੈਟਿਕਸ, ਫੁੱਟਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਇਲ, ਕਬੱਡੀ ਸਰਕਲ ਸਟਾਇਲ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸ਼ਿੰਗ ਖੇਡਾਂ ਕਰਵਾਈਆਂ ਜਾ ਰਹੀਆਂ ਹਨ।

ਇਹਨਾਂ ਖੇਡਾਂ ਬਾਰੇ ਜਾਣਕਾਰੀ ਦਿੰਦਿਆਂ ਜਿਲ੍ਹਾ ਖੇਡ ਅਫਸਰ, ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਦੇ ਤੀਸਰੇ ਦਿਨ ਪਟਿਆਲਾ ਸ਼ਹਿਰੀ ਬਲਾਕ ਵਿੱਚ ਗੇਮ ਐਥਲੈਟਿਕਸ 400 ਮੀਟਰ ਉਮਰ ਵਰਗ 51-60 ਵੂਮੈਨ ਵਿੱਚ ਅਰਚਨਾ ਪੰਜਰਤਨ ਨੇ ਪਹਿਲਾ ਸਥਾਨ ਅਤੇ ਮੈਨ ਵਿੱਚ ਗੁਰਸਾਹਿਬ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 60-40 ਮੈਨ ਈਵੈਂਟ 400 ਮੀਟਰ ਵਿੱਚ ਬਲਰਾਮ ਧੀਮਾਨ ਨੇ ਪਹਿਲਾ, ਹਰਵਿੰਦਰ ਸਿੰਘ ਨੇ ਦੂਸਰਾ ਅਤੇ ਸੁਖਵੰਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਵੂਮੈਨ ਵਿੱਚ ਸੁਰੇਂਦਰ ਆਹਲੂਵਾਲੀਆ ਨੇ ਪਹਿਲਾ ਸਥਾਨ ਅਤੇ ਕਿਰਨਾ ਦੇਵੀ ਸਿੰਗਲਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਲੌਂਗ ਜੰਪ 51-60 ਮੈਨ ਵਿੱਚ ਬਿਕਰਮਜੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤਾ ਕੀਤਾ। ਵੂਮੈਨ ਵਿੱਚ ਸੁਨੀਲ ਕੁਮਾਰੀ ਸ਼ਰਮਾ ਨੇ ਪਹਿਲਾ ਅਤੇ ਮਮਤਾ ਰਾਣੀ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 61-70 ਮੈਨ ਵਿੱਚ ਜਸਵੰਤ ਸਿੰਘ ਨੇ ਪਹਿਲਾ ਅਤੇ ਵੂਮੈਨ ਵਿੱਚ ਕਿਰਨਾ ਦੇਵੀ ਸਿੰਗਲਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ ਇਸੇ ਤਰ੍ਹਾਂ 70+ ਮੈਨ ਵਿੱਚ ਹਰਜੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਬਲਾਕ ਨਾਭਾ ਵਿਖੇ ਐਥਲੈਟਿਕਸ ਗੇਮ ਉਮਰ ਵਰਗ 60-70 ਈਵੈਂਟ 400 ਮੀਟਰ ਮੈਨ ਵਿੱਚ ਤੇਜਾ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 31-40 ਈਵੈਂਟ ਸ਼ਾਟ ਪੁੱਟ ਵਿੱਚ ਦਵਿੰਦਰ ਸਿੰਘ ਇੰਟਰਨੈਸ਼ਨਲ ਖਿਡਾਰੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 31-40 ਈਵੈਂਟ 100 ਮੀਟਰ ਮੈਨ ਵਿੱਚ ਸ਼ਮਿੰਦਰ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸ਼ਾਟ ਪੁੱਟ ਉਮਰ ਵਰਗ 60-70 ਵਿੱਚ ਸਤਵੰਤ ਸਿੰਘ ਨੇ ਪਹਿਲਾ ਅਤੇ ਗੁਰਦੀਪ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 41-50 ਵਿੱਚ ਕ੍ਰਿਸ਼ਨ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 31-40 ਈਵੈਂਟ 400 ਮੀਟਰ ਵਿੱਚ ਸੰਦੀਪ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 50-60 ਈਵੈਂਟ 800 ਮੀਟਰ ਵਿੱਚ ਹਰਭਜਨ ਸਿੰਘ ਨੇ ਪਹਿਲਾ ਅਤੇ ਸੁਨੀਲ ਕੁਮਾਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 41-50 ਈਵੈਂਟ 800 ਅਤੇ 400 ਮੀਟਰ ਵੂਮੈਨ ਵਿੱਚ ਅਮਨਦੀਪ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਬਲਾਕ ਰਾਜਪੁਰਾ ਵਿਖੇ ਗੇਮ ਖੋ-ਖੋ ਅੰਡਰ-14 ਲੜਕਿਆਂ ਵਿੱਚ ਪੈਪਸੂ ਸਟੇਡੀਅਮ ਰਾਜਪੁਰਾ ਨੇ ਪਹਿਲਾ ਸਥਾਨ, ਹੈਰੀਟੇਜ ਪਬਲਿਕ ਸਕੂਲ ਨੇ ਦੂਸਰਾ ਸਥਾਨ, ਸ.ਮਿ.ਸਕੂਲ ਖਾਨਪੁਰ ਵੜਿੰਗ ਨੇ ਤੀਸਰਾ ਸਥਾਨ ਅਤੇ ਪੈਪਸੂ ਸਟੇਡੀਅਮ ਰਾਜਪੁਰਾ ਟੀਮ ਬੀ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਸੇ ਤਰ੍ਹਾਂ ਲੜਕੀਆਂ ਵਿੱਚ ਪਹਿਲਾ ਸਥਾਨ ਪੈਪਸੂ ਸਟੇਡੀਅਮ ਰਾਜਪੁਰਾ ਨੇ, ਦੂਸਰਾ ਸਥਾਨ ਸਰਕਾਰੀ ਐਲੀਮੈਂਟਰੀ ਸਕੂਲ ਐਨ.ਟੀ.ਸੀ. ਨੇ, ਤੀਸਰਾ ਸਥਾਨ ਸ.ਮਿਡਲ ਸਕੂਲ ਖਾਨਪੁਰ ਵੜਿੰਗ ਨੇ ਅਤੇ ਸਰਕਾਰੀ ਹਾਈ ਸਕੂਲ ਘੱਗਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਨਾਜ ਮੰਡੀ ਪਟਿਆਲਾ 'ਚ 10 ਸਤੰਬਰ ਨੂੰ

**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦੀ ਲੜੀ ਤਹਿਤ ਅਨਾਜ ਮੰਡੀ, ਸਰਹਿੰਦ ਰੋਡ (ਹਲਕਾ ਪਟਿਆਲਾ ਦਿਹਾਤੀ) ਵਿਖੇ 10 ਸਤੰਬਰ ਦੀ ਸ਼ਾਮ ਨੂੰ 500 ਡਰੋਨਾਂ ਦਾ ਸ਼ਾਨਦਾਰ ਸ਼ੋਅ ਕਰਵਾਇਆ ਜਾ ਰਿਹਾ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਆਧੁਨਿਕ ਤਕਨਾਲੋਜੀ ਅਤੇ ਰੌਸ਼ਨੀਆਂ ਦੇ ਇਸ ਵਿਲੱਖਣ ਪ੍ਰਦਰਸ਼ਨ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ, ਸੰਦੇਸ਼ ਅਤੇ ਮਨੁੱਖਤਾ ਪ੍ਰਤੀ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਅਸਮਾਨ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਜਾਵੇਗਾ। ਇਹ ਸ਼ੋਅ ਧਾਰਮਿਕ ਆਸਥਾ, ਤਕਨਾਲੋਜੀ ਅਤੇ ਸੱਭਿਆਚਾਰ ਦਾ ਸੁੰਦਰ ਸੁਮੇਲ ਪੇਸ਼ ਕਰੇਗਾ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਵਿਲੱਖਣ ਪ੍ਰੋਗਰਾਮ ਨੂੰ ਲੈ ਕੇ ਲੋਕਾਂ ਵਿੱਚ ਉਤਸ਼ਾਹ ਹੈ।

# 32ਵਾਂ ਸ੍ਰੀ ਗਣੇਸ਼ ਮਹਾਂਉਤਸਵ 14 ਸਤੰਬਰ ਤੋਂ 25 ਸਤੰਬਰ ਤੱਕ : ਰਾਓ, ਧੁੰਨਾ, ਕੰਡਾ



**ਮੋਗਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗਣੇਸ਼ ਮਰਾਠਾ ਮੰਡਲ ਸਵਰਨਕਾਰ ਸੰਘ ਰਾਜਪੂਤ ਸਭਾ ਅਤੇ ਸ਼ਹਿਰ ਦੇ ਸਵਰਨਕਾਰਾਂ ਵੱਲੋਂ ਮਿਤੀ 14 ਸਤੰਬਰ ਤੋਂ ਲੈ ਕੇ ਮਿਤੀ 25 ਸਤੰਬਰ ਤੱਕ ਸਰਾਫਾ ਬਾਜ਼ਾਰ ਵਿਖੇ 32ਵਾਂ ਸ੍ਰੀ ਗਣੇਸ਼ ਮਹਾਂਉਤਸਵ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸ੍ਰੀ ਗਣੇਸ਼ ਮਰਾਠਾ ਮੰਡਲ ਦੇ ਪ੍ਰਧਾਨ ਸੰਪਤ ਰਾਓ ਪਾਟਿਲ ਮੁੰਬਈ ਵਾਲੇ, ਰਾਜਪੂਤ ਸਭਾ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਧੁੰਨਾ, ਸਵਰਨਕਾਰ ਸਰਾਫਾ ਬਾਜ਼ਾਰ ਦੇ ਪ੍ਰਧਾਨ ਅਜੈ ਕੰਡਾ ਨੇ ਦੱਸਿਆ ਕਿ ਮਿਤੀ 14 ਸਤੰਬਰ ਦਿਨ ਸੋਮਵਾਰ ਨੂੰ ਇੱਥੇ ਭਗਵਾਨ ਸ੍ਰੀ ਗਣੇਸ਼ ਜੀ ਦੀ ਪਵਿੱਤਰ ਮੂਰਤੀ ਸਥਾਪਿਤ ਕੀਤੀ ਜਾਵੇਗੀ, ਮਿਤੀ 17 ਸਤੰਬਰ ਦਿਨ ਵੀਰਵਾਰ ਨੂੰ ਸ਼ਾਮ ਨੂੰ 7:30 ਵਜੇ ਤੋਂ ਲੈ ਕੇ ਰਾਤ 10:30 ਵਜੇ ਤੱਕ ਸੰਕੀਰਤਨ ਸੰਕਟ ਮੋਚਨ ਸੰਕੀਰਤਨ ਮੰਡਲ ਵਾਲੇ ਕਰਨਗੇ। ਮਿਤੀ 25 ਸਤੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 7 ਵਜੇ ਹਵਨ ਹੋਵੇਗਾ, 9 ਵਜੇ ਖੁੱਲ੍ਹਾ ਲੰਗਰ ਵਰਤਾਇਆ ਜਾਵੇਗਾ ਅਤੇ 2 ਵਜੇ ਦੁਪਹਿਰ ਭਗਵਾਨ ਸ੍ਰੀ ਗਣੇਸ਼ ਮਹਾਰਾਜ ਜੀ ਦੀ ਪਵਿੱਤਰ ਮੂਰਤੀ ਨੂੰ ਬੈਂਡ ਵਾਜਿਆਂ ਅਤੇ ਪਟਾਕੇ ਚਲਾ ਕੇ ਪੂਰੇ ਮਾਣ ਸਨਮਾਨ ਨਾਲ ਹਰੀਕੇ ਪੱਤਣ ਦਰਿਆ ਵਿਚ ਜਲ ਪ੍ਰਵਾਹ ਲਈ ਲਿਜਾਇਆ ਜਾਵੇਗਾ। ਇਸ ਮੌਕੇ ਸੂਰੀਆ, ਰਾਜਾ, ਰਾਜੂ, ਸੰਜੇ, ਜੈ ਸਿੰਘ, ਸ਼ਿਵਾ ਧੁੰਨਾ, ਅਸ਼ੋਕ ਬਾਲਾ, ਅਤਿਸ਼ ਆਦਿ ਹਾਜਰ ਸਨ।

# ਹਰ ਪਿੰਡ ਦੇ ਨੌਜਵਾਨ, ਮਹਿਲਾਵਾਂ ਤੇ ਬਜ਼ੁਰਗ 'ਖੇਡਾਂ ਵਤਨ ਪੰਜਾਬ ਦੀਆਂ-2026' ਦੇ ਮੁਕਾਬਲਿਆਂ 'ਚ ਹਿੱਸਾ ਲੈਣ: ਡਿਪਟੀ ਕਮਿਸ਼ਨਰ

**ਰੂਪਨਗਰ-13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



'ਖੇਡਾਂ ਵਤਨ ਪੰਜਾਬ ਦੀਆਂ-2026' ਨੂੰ ਜ਼ਿਲ੍ਹੇ ਵਿੱਚ ਉਤਸ਼ਾਹ ਅਤੇ ਜੋਸ਼ ਨਾਲ ਕਰਵਾਉਣ ਲਈ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਹਰ ਪਿੰਡ ਦੇ ਨੌਜਵਾਨ, ਮਹਿਲਾਵਾਂ, ਬੱਚੇ ਅਤੇ ਬਜ਼ੁਰਗ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਧ ਤੋਂ ਵੱਧ ਭਾਗ ਲੈਣ।

ਡਿਪਟੀ ਕਮਿਸ਼ਨਰ ਨੇ ਅੱਜ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਤੰਦਰੁਸਤੀ ਦਾ ਸਾਧਨ ਹੀ ਨਹੀਂ, ਸਗੋਂ ਨੌਜਵਾਨਾਂ ਵਿੱਚ ਅਨੁਸ਼ਾਸਨ, ਟੀਮ ਭਾਵਨਾ, ਆਤਮ-ਵਿਸ਼ਵਾਸ ਅਤੇ ਸਕਾਰਾਤਮਕ ਸੋਚ ਪੈਦਾ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਇਸ ਲਈ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰਨ ਲਈ 'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਹਰ ਵਰਗ ਦੀ ਸ਼ਮੂਲੀਅਤ ਯਕੀਨੀ ਬਣਾਉਣਾ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਬਲਾਕ ਪੱਧਰੀ ਮੁਕਾਬਲੇ ਖੇਡ ਪ੍ਰਤਿਭਾ ਨੂੰ ਪਿੰਡ ਪੱਧਰ ਤੋਂ ਉਭਾਰਨ ਦਾ ਮਹੱਤਵਪੂਰਨ ਮੰਚ ਹਨ। ਇਸ ਲਈ ਅਧਿਕਾਰੀਆਂ ਅਤੇ ਖੇਡ ਵਿਭਾਗ ਦੇ ਨੁਮਾਇੰਦਿਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਪਿੰਡਾਂ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਕੇ ਖਿਡਾਰੀਆਂ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ 'ਖੇਡਾਂ ਵਤਨ ਪੰਜਾਬ ਦੀਆਂ' ਦਾ ਉਦੇਸ਼ ਸਿਰਫ਼ ਮੁਕਾਬਲੇ ਕਰਵਾਉਣਾ ਨਹੀਂ, ਬਲਕਿ ਪੰਜਾਬ ਦੇ ਹਰ ਪਿੰਡ ਅਤੇ ਹਰ ਘਰ ਵਿੱਚ ਖੇਡਾਂ ਪ੍ਰਤੀ ਰੁਚੀ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਖੇਡ ਮੈਦਾਨਾਂ ਨਾਲ ਜੁੜੇ ਨੌਜਵਾਨ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿੰਦੇ ਹਨ ਅਤੇ ਇੱਕ ਸਿਹਤਮੰਦ ਤੇ ਮਜ਼ਬੂਤ ਸਮਾਜ ਦੀ ਉਸਾਰੀ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ।

ਉਨ੍ਹਾਂ ਕਿਹਾ ਕਿ ਹਰ ਵਰਗ ਦੇ ਲੋਕਾਂ ਨੂੰ ਸ਼ਰੀਰਕ ਅਤੇ ਮਾਨਸਿਕ ਪੱਖੋਂ ਸਿਹਤਮੰਦ ਬਣਾਉਣ ਲਈ ਖੇਡਾਂ ਦਾ ਅਹਿਮ ਰੋਲ ਹੁੰਦਾ ਹੈ ਜਦਕਿ ਜੋ ਇਨਸਾਨ ਕਸਰਤ ਜਾ ਖੇਡਾਂ ਨੂੰ ਆਪਣੀ ਜ਼ਿੰਦਗੀ ਵਿਚ ਹਿੱਸਾ ਨਹੀਂ ਬਣਾਉਂਦਾ ਤਾਂ ਇਸ ਮਾਮਲੇ ਵਿਚ ਤਣਾਅ ਅਤੇ ਚਿੰਤਾ ਦੇ ਨਾਲ ਸਰੀਰਕ ਤੌਰ ਉੱਤੇ ਬਿਮਾਰੀਆਂ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਉਨ੍ਹਾਂ ਜ਼ਿਲ੍ਹੇ ਦੇ ਸਰਪੰਚਾਂ, ਪੰਚਾਇਤਾਂ, ਯੂਥ ਕਲੱਬਾਂ, ਸਪੋਰਟਸ ਕਲੱਬਾਂ, ਸਕੂਲਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਪਿੰਡਾਂ ਵਿੱਚੋਂ ਵੱਧ ਤੋਂ ਵੱਧ ਖਿਡਾਰੀਆਂ ਦੀ ਸ਼ਮੂਲੀਅਤ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਮਹਿਲਾਵਾਂ ਅਤੇ ਬਜ਼ੁਰਗਾਂ ਨੂੰ ਵੀ ਉਨ੍ਹਾਂ ਦੀ ਉਮਰ ਅਤੇ ਯੋਗਤਾ ਅਨੁਸਾਰ ਖੇਡ ਗਤੀਵਿਧੀਆਂ ਨਾਲ ਜੋੜਿਆ ਜਾਣਾ ਚਾਹੀਦਾ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖੇਡ ਮੁਕਾਬਲਿਆਂ ਲਈ ਲੋੜੀਂਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਖਿਡਾਰੀਆਂ ਨੂੰ ਵਧੀਆ ਖੇਡ ਮਾਹੌਲ ਮੁਹੱਈਆ ਕਰਵਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਲਾਕ ਪੱਧਰੀ ਖੇਡ ਮੁਕਾਬਲੇ 9 ਤੋਂ 14 ਸਤੰਬਰ ਤੱਕ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ 9 ਤੋਂ 11 ਸਤੰਬਰ ਤੱਕ ਸ੍ਰੀ ਆਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ ਅਤੇ ਰੂਪਨਗਰ ਬਲਾਕਾਂ ਦੇ ਮੁਕਾਬਲੇ ਹੋਣਗੇ, ਜਦਕਿ 12 ਤੋਂ 14 ਸਤੰਬਰ ਤੱਕ ਮੋਰਿੰਡਾ ਅਤੇ ਨੂਰਪੁਰ ਬੇਦੀ ਬਲਾਕਾਂ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ। ਇਸ ਤੋਂ ਬਾਅਦ 21 ਤੋਂ 30 ਸਤੰਬਰ ਤੱਕ ਜ਼ਿਲ੍ਹਾ ਪੱਧਰੀ ਖੇਡ ਮੁਕਾਬਲੇ ਕਰਵਾਏ ਜਾਣਗੇ।

ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ 'ਖੇਡਾਂ ਵਤਨ ਪੰਜਾਬ ਦੀਆਂ-2026' ਨੂੰ ਇੱਕ ਲੋਕ ਲਹਿਰ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਖੇਡ ਮੈਦਾਨਾਂ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਖਿਡਾਰੀਆਂ ਦਾ ਹੌਸਲਾ ਵਧਾਉਣ।

# ਗੁਣਕਾਰੀ ਹੈ ਨਿੰਮ



*ਨਿੰਮ ਸਾਡੇ ਸਰੀਰ ਲਈ ਬਹੁਤ ਹੀ ਫ਼ਾਇਦੇਮੰਦ ਹੈ। ਇਸ ਦੀ ਵਰਤੋਂ ਦਵਾਈਆਂ 'ਚ ਵੀ ਕੀਤੀ ਜਾਂਦੀ ਹੈ ...*

ਨਿੰਮ ਇਕ ਚਮਤਕਾਰੀ ਪੌਦਾ ਮੰਨਿਆ ਜਾਂਦਾ ਹੈ। ਭਾਰਤ 'ਚ ਇਕ ਪ੍ਰਚਲਿਤ ਕਹਾਵਤ ਹੈ ਕਿ ਜਿਸ ਧਰਤੀ 'ਤੇ ਨਿੰਮ ਦਾ ਪੌਦਾ ਹੁੰਦਾ ਹੈ ਉੱਥੇ ਮੌਤ ਤੇ ਬਿਮਾਰੀ ਨਹੀਂ ਹੁੰਦੀ। ਇਹ ਕਈਆ ਬਿਮਾਰੀਆਂ ਨੂੰ ਦੂਰ ਕਰਦੀ ਹੈ। ਸੁਆਦ 'ਚ ਬਹੁਤ ਹੀ ਕੌੜੀ ਹੈ ਪਰ ਸਰੀਰ ਲਈ ਬਹੁਤ ਹੀ ਮਹੱਤਵਪੂਰਨ ਹੈ। ਨਿੰਮ ਦੇ ਪੌਦਿਆਂ ਦੇ ਵੱਖ-ਵੱਖ ਹਿੱਸੇ ਜਿਵੇਂ ਪੱਤੇ, ਫਲ, ਤੇਲ, ਟਾਹਣੀ ਆਦਿ ਸਾਡੇ ਜੀਵਨ ਨੂੰ ਰੋਗ ਮੁਕਤ ਬਣਾਉਣ 'ਚ ਕਾਫ਼ੀ ਮਦਦਗਾਰ ਹਨ। ਨਿੰਮ 'ਚ ਬਹੁਤ ਹੀ ਜ਼ਿਆਦਾ ਗੁਣ ਹੁੰਦੇ ਹਨ। ਇਸ ਨੂੰ ਹਰ ਇਕ ਬਿਮਾਰੀ ਦੇ ਲਈ ਵਰਤਿਆ ਜਾਂਦਾ ਹੈ।

### ਜਲੇ ਤੇ ਫੋੜੇ-ਫਿੰਸੀਆਂ ਲਈ

ਸਰੀਰ ਦਾ ਕੋਈ ਵੀ ਹਿੱਸਾ ਜਲਿਆ ਹੋਵੇ ਤਾਂ ਤੇਲ ਜਾਂ ਪੱਤੇ ਨੂੰ ਪੀਸ ਕੇ ਉਸ 'ਤੇ ਲਗਾਉਣ ਨਾਲ ਆਰਾਮ ਮਿਲਦਾ ਹੈ। ਜੇ ਤੁਸੀ ਫੋੜੇ ਜਾਂ ਫਿੰਸੀਆਂ ਦੀ ਸਮੱਸਿਆ ਤੋਂ ਬਚਣਾ ਚਾਹੁੰਦੇ ਹੋ ਤਾਂ ਨਿੰਮ ਦੇ ਪੱਤੇ ਤੇ ਫਲਾਂ ਨੂੰ ਬਰਾਬਰ ਮਾਤਰਾ 'ਚ ਪੀਸ ਲਵੋ ਤੇ ਫਿਰ ਇਸ ਦੀ ਪੇਸਟ ਬਣਾ ਕੇ ਚਮੜੀ 'ਤੇ ਲਗਾਓ। ਇਸ ਨਾਲ ਫੋੜੇ-ਫਿੰਸੀਆਂ ਜਲਦੀ ਠੀਕ ਹੋ ਜਾਂਦੇ ਹਨ। ਨਿੰਮ ਦੀਆਂ ਪੱਤੀਆਂ ਨੂੰ ਪਾਣੀ 'ਚ ਉਬਾਲ ਕੇ ਉਸ ਪਾਣੀ ਨੂੰ ਠੰਢਾ ਕਰ ਕੇ ਉਸ ਨਾਲ ਮੂੰਹ ਧੋਣ ਨਾਲ ਚਿਹਰੇ ਤੋਂ ਦਾਗ਼ ਵੀ ਖ਼ਤਮ ਹੋ ਜਾਂਦੇ ਹਨ।

### ਪੀਲੀਆ

ਪੀਲੀਏ 'ਚ ਨਿੰਮ ਦਾ ਸੇਵਨ ਕਰਨਾ ਬਹੁਤ ਹੀ ਲਾਭਕਾਰੀ ਹੈ। ਰੋਗੀ ਨੂੰ ਨਿੰਮ ਦੇ ਪੱਤਿਆਂ ਦਾ ਚੂਰਨ ਬਣਾ ਕੇ ਦੇਣਾ ਚਾਹੀਦਾ ਹੈ। ਪੱਤਿਆਂ ਦੇ ਰਸ 'ਚ ਸ਼ਹਿਦ ਮਿਲਾ ਕੇ ਪੀਣ ਨਾਲ ਪੀਲੀਆ ਠੀਕ ਹੋਣ ਦੀ ਸੰਭਾਵਨਾ ਹੁੰਦੀ ਹੈ।

### ਪੱਥਰੀ 'ਚ ਲਾਭਕਾਰੀ

ਪੱਥਰੀ ਦੀ ਸਮੱਸਿਆ ਤੋਂ ਬਚਣ ਲਈ ਲਗਪਗ 150 ਗ੍ਰਾਮ ਨਿੰਮ ਦੀਆਂ ਪੱਤੀਆਂ ਨੂੰ 1 ਲਿਟਰ ਪਾਣੀ 'ਚ ਪੀਸ ਕੇ ਉਬਾਲ ਲਵੋ। ਇਸ ਪਾਣੀ ਨੂੰ ਠੰਢਾ ਕਰ ਕੇ ਪੀਣ 'ਤੇ ਪੱਥਰੀ ਦੀ ਸਮੱਸਿਆ ਤੋਂ ਨਜਾਤ ਪਾਈ ਜਾ ਸਕਦੀ ਹੈ। ਜੇ ਪੱਥਰੀ ਕਿਡਨੀ 'ਚ ਹੈ ਤਾਂ ਫਿਰ ਨਿੰਮ ਦੇ ਪੱਤਿਆਂ ਦੀ ਲਗਪਗ 2 ਗ੍ਰਾਮ ਰਾਖ ਪਾਣੀ ਦੇ ਨਾਲ ਲਵੋ। ਇਸ ਨਾਲ ਕਾਫ਼ੀ ਲਾਭ ਹੋ ਸਕਦਾ ਹੈ।

### ਪੇਟ ਸਬੰਧੀ ਸਮੱਸਿਆਵਾਂ

ਜੇ ਤੁਹਾਡੇ ਪੇਟ 'ਚ ਅਨੇਕਾਂ ਪਰੇਸ਼ਾਨੀਆਂ ਹਨ ਤਾਂ ਇਸ ਤਰ੍ਹਾਂ ਦੇ ਹਾਲਾਤ 'ਚ ਤੁਸੀ ਨਿੰਮ ਦਾ ਇਸਤੇਮਾਲ ਕਰ ਸਕਦੇ ਹੋ। ਪੇਟ ਦੇ ਕੀੜਿਆਂ ਨੂੰ ਨਸ਼ਟ ਕਰਨ ਲਈ ਨਿੰਮ ਦੇ ਪੱਤਿਆਂ ਦਾ ਰਸ ਸ਼ਹਿਦ ਤੇ ਕਾਲੀ ਮਿਰਚ 'ਚ ਮਿਲਾ ਕੇ ਪੀਣ ਨਾਲ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਨਿੰਮ ਦੇ ਫੁੱਲਾਂ ਨੂੰ ਪੀਸ ਕੇ ਗਰਮ ਪਾਣੀ 'ਚ ਪਾ ਲਵੋ ਤੇ ਫਿਰ ਛਾਣ ਕੇ ਪੀ ਲਵੋ। ਇਸ ਨਾਲ ਕਬਜ਼ ਦੂਰ ਹੋ ਜਾਂਦੀ ਹੈ। ਇਸ ਦੀਆਂ ਪੱਤੀਆਂ ਨੂੰ ਖਾਣ ਨਾਲ ਪੇਟ ਨੂੰ ਆਰਾਮ ਮਿਲਦਾ ਹੈ।

### ਕੰਨਾਂ ਤੇ ਦੰਦਾਂ ਦੇ ਰੋਗ

**ਕੰਨ 'ਚ ਨਿੰਮ ਦਾ ਤੇਲ ਪਾਉਣ ਨਾਲ ਕੰਨ ਦਾ ਦਰਦ ਠੀਕ ਹੋ ਜਾਂਦਾ ਹੈ। ਨਿੰਮ ਦੇ ਤੇਲ ਨੂੰ ਤੇਜ਼ ਗਰਮ ਕਰ ਕੇ ਪੂਰੀ ਤਰ੍ਹਾਂ ਸਾਫ਼ ਲਵੋ ਤੇ ਠੰਢਾ ਹੋਣ 'ਤੇ ਲਗਾਤਾਰ ਇਕ ਹਫ਼ਤੇ ਤਕ ਪਾਓ ਕੁੱਝ ਕੁ ਦਿਨਾਂ 'ਚ ਕੰਨ ਠੀਕ ਹੋ ਜਾਵੇਗਾ। ਇਸ ਦੇ ਇਲਾਵਾ ਨਿੰਮ ਦੰਦਾਂ ਦੇ ਲਈ ਵੀ ਲਾਭਕਾਰੀ ਹੈ। ਨਿੰਮ ਦਾ ਟੁੱਥਪੇਸਟ ਇਸਤੇਮਾਲ ਕਰਨ ਨਾਲ ਦੰਦਾਂ 'ਚ ਪਾਏ ਜਾਣ ਵਾਲੇ ਕੀਟਾਣੂ ਨਸ਼ਟ ਹੋ ਜਾਂਦੇ ਹਨ। ਇਸ ਨਾਲ ਮਸੂੜੇ ਮਜ਼ਬੂਤ, ਦੰਦ ਚਮਕੀਲੇ ਤੇ ਨਿਰੋਗੀ ਹੋ ਜਾਂਦੇ ਹਨ। ਇਸ ਦੀਆਂ ਪੱਤੀਆਂ ਉਬਾਲ ਕੇ ਪਾਣੀ ਨੂੰ ਠੰਢਾ ਕਰ ਕੇ ਉਸ ਪਾਣੀ ਨਾਲ ਕਰੂਲਾ ਕਰਨਾ ਵੀ ਫ਼ਾਇਦੇਮੰਦ ਹੁੰਦਾ ਹੈ।**

### ਡਾਇਬਟੀਜ਼ ਤੇ ਕੋਲੈਸਟ੍ਰੋਲ

ਸਵੇਰ ਸਮੇਂ ਨਿੰਮ ਦਾ ਜੂਸ ਪੀਣ ਨਾਲ ਡਾਇਬਟੀਜ਼ ਦੀ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਨਿੰਮ ਤੇ ਮੇਥੀ ਦੇ ਚੂਰਨ ਦਾ ਕਾੜ੍ਹਾ ਬਣਾ ਕੇ ਪੀਣ ਨਾਲ ਡਾਇਬਟੀਜ਼ 'ਚ ਲਾਭ ਮਿਲਦਾ ਹੈ। ਇਸ ਦੇ ਇਲਾਵਾ ਨਿੰਮ ਦੇ ਪੱਤਿਆਂ ਦਾ ਜੂਸ ਤੇ ਕੰਵਾਰ ਗੰਦਲ ਜੂਸ ਦੇ ਨਾਲ ਮਿਲਾ ਕੇ ਪੀਣ ਨਾਲ ਸ਼ੂਗਰ ਕੰਟਰੋਲ ਕੀਤੀ ਜਾ ਸਕਦੀ ਹੈ। 200 ਗ੍ਰਾਮ ਨਿੰਮ ਦੀਆਂ ਪੱਤੀਆਂ ਦੀ ਵਰਤੋਂ ਕਰਨ ਨਾਲ ਕੋਲੈਸਟ੍ਰੋਲ ਦੀ ਮਾਤਰਾ ਕਾਫ਼ੀ ਘੱਟ ਹੋ ਜਾਂਦੀ ਹੈ। ਨਿੰਮ ਦਾ ਮਹੀਨੇ 'ਚ 10 ਦਿਨ ਸੇਵਨ ਕਰਨ ਨਾਲ ਹਾਰਟ ਅਟੈਕ ਦਾ ਖ਼ਤਰਾ ਘੱਟ ਜਾਂਦਾ ਹੈ। • **ਫੀਚਰ ਡੈਸਕ**

# ਦੰਦਾਂ ਤੇ ਮਸੂੜਿਆਂ ਦਾ ਅਸਰਦਾਰ ਉਪਾਅ

ਸਫ਼ੈਦ ਤੇ ਮਜ਼ਬੂਤ ਦੰਦ ਤੰਦਰੁਸਤੀ ਦੀ ਨਿਸ਼ਾਨੀ ਹੈ ਪਰ ਜਿਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਈ ਵਾਰ ਦੰਦਾਂ ਦਾ ਦਰਦ, ਕਮਜ਼ੋਰ ਮਸੂੜੇ ਤੇ ਸਮੇਂ ਤੋਂ ਪਹਿਲਾਂ ਦੰਦਾਂ ਦੇ ਟੁੱਟਣ ਨਾਲ ਸਿਹਤ ਨਾਲ ਜੁੜੀਆਂ ਹੋਰ ਵੀ ਕਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਨਾਲ ਖਾਣ-ਪੀਣ 'ਚ ਪਰੇਸ਼ਾਨੀ ਆਉਂਦੀ ਹੈ। ਜੇ ਖਾਣਾ ਸਹੀ ਤਰੀਕੇ ਨਾਲ ਨਾ ਚਬਾਇਆ ਜਾਵੇ ਤਾਂ ਪਾਚਣ ਕਿਰਿਆ 'ਤੇ ਵੀ ਬੁਰਾ ਅਸਰ ਪੈਂਦਾ ਹੈ। ਸਵੇਰ-ਸ਼ਾਮ ਬਰੱਸ਼ ਕਰਨਾ ਹੀ ਨਹੀਂ ਬਲਕਿ ਇਸ ਦੇ ਇਲਾਵਾ ਇਨ੍ਹਾਂ ਦੀ ਦੇਖਭਾਲ ਵੀ ਕਰਨਾ ਜ਼ਰੂਰੀ ਹੈ। ਆਓ ਜਾਣਦੇ ਹਾਂ ਕਿ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ ਦੰਦਾਂ ਦੀ ਦੇਖਭਾਲ...

### ਮੂਲੀ

ਮੂਲੀ ਕੈਲਸ਼ੀਅਮ ਨਾਲ ਭਰਪੂਰ ਹੁੰਦੀ ਹੈ। ਇਸ ਨੂੰ ਸਲਾਦ ਤੇ ਸਬਜ਼ੀ ਦੇ ਰੂਪ 'ਚ ਵੀ ਖਾਧਾ ਜਾਂਦਾ ਹੈ। ਇਹ ਦੰਦਾਂ ਲਈ ਬਹੁਤ ਹੀ ਵਧੀਆ ਹੈ। ਮੂਲੀ ਨੂੰ ਸਲਾਦ ਦੇ ਤੌਰ 'ਤੇ ਰੋਜ਼ ਖਾਓ। ਇਸ ਨਾਲ ਕਮਜ਼ੋਰ ਦੰਦ ਤੇ ਮਸੂੜਿਆਂ ਨੂੰ ਮਜ਼ਬੂਤੀ ਮਿਲੇਗੀ।



***ਮੇਥੀ :** ਦੰਦ ਕਮਜ਼ੋਰ ਹਨ ਤਾਂ ਜ਼ਿਆਦਾ ਠੰਢਾ ਜਾਂ ਗਰਮ ਪੀਣ ਨਾਲ ਪਰੇਸ਼ਾਨੀ ਆਉਂਦੀ ਹੈ ਤਾਂ ਪਾਣੀ 'ਚ ਮੇਥੀ ਦੇ ਦਾਣੇ ਉਬਾਲ ਲਵੋ। ਇਸ ਪਾਣੀ ਨੂੰ ਠੰਢਾ ਕਰ ਕੇ ਇਸ ਦਾ ਕਰੂਲਾ ਕਰੋ। ਇਸ ਨਾਲ ਫ਼ਾਇਦਾ ਮਿਲੇਗਾ।*

### ਮੂੰਗਫਲੀ

ਮੂੰਗਫਲੀ ਨੂੰ ਚੰਗੀ ਤਰ੍ਹਾਂ ਚਬਾ ਕੇ ਖਾਓ। ਇਸ ਨਾਲ ਦੰਦਾਂ ਨੂੰ ਮਜ਼ਬੂਤੀ ਮਿਲਦੀ ਹੈ।

### ਅਨਾਰ

ਅਨਾਰ ਦੇ ਫਲ ਦੀ ਤਰ੍ਹਾਂ ਇਸ ਦੇ ਫੁੱਲ ਵੀ ਬਹੁਤ ਹੀ ਗੁਣਕਾਰੀ ਹੈ। ਇਸ ਦੇ ਫੁੱਲਾਂ ਨੂੰ ਸੁਕਾ ਕੇ ਬਾਰੀਕ ਚੂਰਨ ਬਣਾ ਲਵੋ ਤੇ ਫਿਰ ਇਸ ਚੂਰਨ ਦਾ ਮੰਜਨ ਰੋਜ਼ਾਨਾ ਦੰਦਾਂ ਤੇ ਮਸੂੜਿਆਂ 'ਤੇ ਲਗਾਓ। ਇਸ ਨਾਲ ਦੰਦਾਂ ਦੀ ਪਰੇਸ਼ਾਨੀ ਦੂਰ ਹੋ ਸਕਦੀ ਹੈ। • **ਫੀਚਰ ਡੈਸਕ**

**ਭਾਰਤ ਨੂੰ ਕੁਦਰਤ ਨੇ ਉਮਰ ਪ੍ਰਦਾਨ ਕਰਨ ਵਾਲੀਆਂ ਅਨਮੁੱਲੀਆਂ ਜੜ੍ਹੀ-ਬੂਟੀਆਂ ਦੀ ਦਾਤ ਬਖ਼ਸ਼ੀ ਹੈ ਵੈਦਿਕ ਕਾਲ ਵਿਚ ਦੇਸ਼ ਦੇ ਰਿਸ਼ੀਆਂ ਮੁਨੀਆਂ ਨੇ ਅਰੋਗ ਤੇ ਲੰਬੀ ਉਮਰ ਦੇ ਕਲਪਾਂ ਦੀ ਖੋਜ ਕਰ ਕੇ ਆਪਣੇ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਸ਼ਾਮਲ ਕੀਤਾ...**

## ਗ੍ਰੰਥਾਂ 'ਚ ਸ਼ਾਮਲ

# ਅਰੋਗ ਤੇ ਲੰਬੀ ਉਮਰ ਦੇ ਭੇਤ

**ਨਿਰਮਲ ਸਿੰਘ ਕਾਹਲੋਂ**

ਧਰਤੀ ਉੱਪਰ ਮਨੁੱਖ ਜਾਤੀ ਨੂੰ ਪੈਦਾ ਹੋਇਆਂ ਲਗਪਗ 14 ਲੱਖ ਸਾਲ ਹੋ ਗਏ ਹਨ ਤੇ ਸੱਭਿਆਤਾ ਨੂੰ ਹੋਂਦ ਵਿਚ ਆਇਆਂ ਵੀ ਲਗਪਗ ਏਨਾ ਹੀ ਸਮਾਂ ਹੋ ਗਿਆ ਹੈ। ਇਹ ਧਰਤੀ ਇੰਨੀ ਸੁੰਦਰ ਹੈ, ਇਸ ਉੱਤੇ ਕੋਈ ਵੀ ਆ ਜਾਵੇ ਤਾਂ ਉਸ ਦਾ ਇਥੋਂ ਜਾਣ ਨੂੰ ਦਿਲ ਨਹੀਂ ਕਰਦਾ। ਜਿਸ ਸਮੇਂ ਤੋਂ ਮਨੁੱਖ ਜਾਤੀ ਸੱਭਿਅਕ ਹੋਈ ਹੈ, ਉਸ ਸਮੇਂ ਤੋਂ ਹੀ ਅਰੋਗ ਤੇ ਲੰਬੀ ਉਮਰ ਭੋਗਣ ਦੇ ਕਲਪਾਂ ਦੀ ਖੋਜ ਕੀਤੀ ਜਾ ਰਹੀ ਹੈ। ਕਈ ਰਾਜਿਆਂ ਨੇ ਵੀ ਆਪਣੇ ਰਾਜ ਵੈਦਾਂ ਨੂੰ ਲੰਬੀ ਉਮਰ ਦੇ ਕਲਪਾਂ ਵਾਲੀਆਂ ਜੜ੍ਹੀ-ਬੂਟੀਆਂ ਦੀ ਖੋਜ ਕਰਨ ਵਾਸਤੇ ਬੜੀ ਦੂਰ-ਦੂਰ ਭੇਜਿਆ। ਭਾਰਤ ਨੂੰ ਕੁਦਰਤ ਨੇ ਭਰਪੂਰ ਲੰਬੀ ਉਮਰ ਪ੍ਰਦਾਨ ਕਰਨ ਵਾਲੀਆਂ ਅਨਮੁੱਲੀਆਂ ਜੜ੍ਹੀ-ਬੂਟੀਆਂ ਦੀ ਦਾਤ ਬਖ਼ਸ਼ੀ ਹੈ। ਵੈਦਿਕ ਕਾਲ ਵਿਚ ਦੇਸ਼ ਦੇ ਰਿਸ਼ੀਆਂ ਮੁਨੀਆਂ ਨੇ ਅਰੋਗ ਤੇ ਲੰਬੀ ਉਮਰ ਦੇ ਕਲਪਾਂ ਦੀ ਖੋਜ ਕਰ ਕੇ ਆਪਣੇ ਗ੍ਰੰਥਾਂ ਵਿਚ ਇਸ ਦਾ ਜ਼ਿਕਰ ਸ਼ਾਮਲ ਕੀਤਾ।

### ਗ੍ਰੰਥਾਂ 'ਚ ਦਰਜ ਵੇਰਵੇ

ਮਾਰਕੰਡੇ ਰਿਸ਼ੀ ਨੇ 18 ਪੁਰਾਣਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿੱਚੋਂ ਇਕ 'ਅਗਨੀ ਪੁਰਾਣ' ਹੈ। ਅਗਨੀ ਪੁਰਾਣ ਵਿਚ ਕੁੱਝ ਇਕ ਇਸ ਤਰ੍ਹਾਂ ਦੇ ਕਲਪ ਦਰਜ ਹਨ, ਜਿਨ੍ਹਾਂ ਦੀ ਵਰਤੋਂ ਕਰਨ ਵਾਲਾ ਵਿਅਕਤੀ ਅਰੋਗ ਤੇ ਬੜੀ ਲੰਬੀ ਉਮਰ ਭੋਗ ਸਕਦਾ ਹੈ। ਇਸ ਪੁਰਾਣ ਵਿਚ ਲਿਖਿਆ ਹੈ, 'ਅਨੇਕ ਕਲਪ ਇਸ ਤਰ੍ਹਾਂ ਦੇ ਹਨ, ਜਿਹੜੇ ਲੰਬੀ ਉਮਰ ਦੇਣ ਵਾਲੇ ਹਨ ਅਤੇ ਰੋਗਾਂ ਦਾ ਨਾਸ਼ ਵੀ ਕਰਦੇ ਹਨ। ਰੋਗੀ ਵਿਅਕਤੀ ਲੰਬੀ ਉਮਰ ਭੋਗ ਨਹੀਂ ਸਕਦਾ। ਕੁੱਝ ਇਕ ਕਲਪਾਂ ਦਾ ਜ਼ਿਕਰ ਇਨ੍ਹਾਂ ਗ੍ਰੰਥਾਂ ਵਿਚ ਇਸ ਪ੍ਰਕਾਰ ਕੀਤਾ ਗਿਆ ਹੈ :

### ਗੰਭੀਰ ਬਿਮਾਰੀਆਂ ਤੋਂ ਬਚਾਅ

ਘਿਓ ਅਤੇ ਸ਼ਹਿਦ ਦਾ ਰੋਜ਼ਾਨਾ ਸੇਵਨ ਕਰਨ ਵਾਲਿਆਂ ਦੇ ਰੋਗ ਨਾਸ਼ ਹੁੰਦੇ ਹਨ ਤੇ ਉਮਰ ਵੀ ਲੰਬੀ ਹੁੰਦੀ ਹੈ। ਤ੍ਰਿਫਲਾ ਚੂਰਨ (ਹਰੜ-ਬਹੇੜੇ-ਆਂਵਲਾ) ਦੀ ਦੁੱਧ ਨਾਲ ਵਰਤੋਂ ਕਰਨ ਤੇ ਸਤਾਵਰ ਦੇ ਚੂਰਨ ਨੂੰ ਸ਼ਹਿਦ ਤੇ ਘਿਓ ਨਾਲ ਮਿਲਾ ਕੇ ਖਾਣ ਵਾਲਾ ਗਹਿਰ ਗੰਭੀਰ ਬਿਮਾਰੀਆਂ ਨੂੰ ਵੀ ਜਿੱਤ ਲੈਂਦਾ ਹੈ।

### ਵਾਲ਼ ਰਹਿਣਗੇ ਕਾਲੇ

ਪੁਰਾਤਨ ਗ੍ਰੰਥਾਂ ਅਨੁਸਾਰ ਸੁੰਢ ਅਤੇ ਪੀਪਰ (ਮਘਾਂ) ਦਾ ਚੂਰਨ ਬਣਾ ਕੇ ਵਰਤੋਂ ਕਰਨ ਵਾਲੇ ਦੀ ਉਮਰ 300 ਸਾਲ ਤਕ ਹੋ ਸਕਦੀ ਹੈ। ਜੇ ਇਸ ਵਿਚ ਸਤਾਵਰ ਦਾ ਚੂਰਨ ਵੀ ਪਾਇਆ ਜਾਵੇ ਤਾਂ ਉਮਰ ਬੇਹੱਦ ਲੰਬੀ ਹੋ ਸਕਦੀ ਹੈ। ਰੋਜ਼ਾਨਾ ਸ਼ਹਿਦ ਅਤੇ ਹਰੜ ਖਾ ਕੇ ਹਲਕਾ ਭੋਜਨ ਖਾਣ ਨਾਲ ਵਿਅਕਤੀ ਨਿਰੋਗ ਰਹਿੰਦਾ ਹੈ ਤੇ ਵਾਲ਼ ਵੀ ਲੰਬੇ ਸਮੇਂ ਤਕ ਕਾਲੇ ਰਹਿੰਦੇ ਹਨ। ਇਸ ਤੋਂ ਇਲਾਵਾ ਗ੍ਰੰਥਾਂ ਵਿਚ ਇਹ ਵੀ ਜ਼ਿਕਰ ਮਿਲਦਾ ਹੈ ਕਿ ਸਤਾਵਰ, ਵਾ-ਵੜਿੰਗ ਤੇ ਬਹੇੜੇ ਦੇ ਚੂਰਨ ਵਿਚ ਘਿਓ ਤੇ ਸ਼ਹਿਦ ਮਿਲਾ ਕੇ ਰੋਜ਼ਾਨਾ ਸੇਵਨ ਕਰਨ ਵਾਲੇ ਨਿਰੋਗ ਰਹਿੰਦੇ ਹਨ ਤੇ ਲੰਬੀ ਉਮਰ ਭੋਗਦੇ ਹਨ।

### ਜੜ੍ਹੀ-ਬੂਟੀਆਂ 'ਚ ਲੁਕੇ ਲੰਬੀ ਉਮਰ ਦੇ ਭੇਤ

ਰੋਜ਼ਾਨਾ 4 ਤੋਲੇ ਤ੍ਰਿਫਲਾ (ਜਾਂ ਇਕ ਹਰੜ, ਇਕ ਬਹੇੜਾ ਤੇ ਇਕ ਆਮਲਾ) ਸ਼ਹਿਦ ਅਤੇ ਘਿਓ ਨਾਲ ਸੇਵਨ ਕਰਨ ਨਾਲ, ਤਥਾ ਵਿਲਵਾ ਦੇ ਬੀਜ ਦਾ ਤੇਲ ਹਰ ਰੋਜ਼ ਇਕ ਮਹੀਨਾ ਸੇਵਨ ਕਰਨ ਨਾਲ ਕਾਫ਼ੀ ਲੰਬੀ ਉਮਰ ਭੋਗੀ ਜਾ ਸਕਦੀ ਹੈ।

ਹਰ ਰੋਜ਼ ਇਕ ਤੋਲਾ ਸੁੰਢ, ਸ਼ਹਿਦ ਅਤੇ ਘਿਓ ਨਾਲ ਸੇਵਨ ਕਰਨ ਵਾਲਾ ਮੌਤ ਦਾ ਕਾਰਨ ਬਣਨ ਵਾਲੀਆਂ ਕਈ ਬਿਮਾਰੀਆਂ ਤੋਂ ਦੂਰ ਰਹਿੰਦਾ ਹੈ। ਅੰਬ ਦੀ ਗਿੱਟਕ, ਗਰੂਚੀ, ਨਿਸੋਦ ਅਤੇ ਗੰਧਕ ਬਰਾਬਰ ਵਜ਼ਨ ਨੂੰ ਕੰਵਾਰ ਗੰਦਲ ਦੇ ਰਸ ਨੂੰ ਸੁਕਾ ਕੇ ਹਰ ਰੋਜ਼ 2 ਰੱਤੀ ਘਿਓ 'ਚ ਮਿਲਾ ਕੇ ਖਾਣ ਨਾਲ ਉਮਰ ਲੰਬੀ ਹੁੰਦੀ ਹੈ।

### ਧਮੂਰੀ, ਸ਼ਹਿਦ, ਪਲਾਸ ਦੇ ਗੁਣ

ਇਨ੍ਹਾਂ ਪੁਰਾਤਨ ਗ੍ਰੰਥਾਂ ਅਨੁਸਾਰ ਹਰ ਰੋਜ਼ ਧਮੂਰੀ ਦੀ ਜੜ੍ਹ ਇਕ ਤੋਲਾ, ਸ਼ਹਿਦ ਨਾਲ ਸੇਵਨ ਕਰ ਕੇ ਦੁੱਧ ਪੀਣ ਵਾਲਾ ਵਿਅਕਤੀ ਲੰਬੇ ਸਮੇਂ ਤਕ ਅਰੋਗ ਰਹਿੰਦਾ ਹੈ। ਪਲਾਸ ਦੇ ਬੀਜ ਦਾ ਤੇਲ ਇਕ ਤੋਲਾ ਹਰ ਰੋਜ਼ ਸੇਵਨ ਕਰਨ ਵਾਲਾ, ਜਿਸ ਸਮੇਂ ਭੁੱਖ ਲੱਗੇ ਸਿਰਫ਼ ਦੁੱਧ ਹੀ ਪੀਵੇ, ਉਸ ਵਿਅਕਤੀ ਤੋਂ ਮੌਤ ਲੰਬਾ ਸਮਾਂ ਦੂਰ ਰਹਿੰਦੀ ਹੈ। ਪਲਾਸ ਦੇ ਰੁੱਖ ਦੱਖਣੀ ਭਾਰਤ ਵਿਚ ਸਮੁੰਦਰ ਦੇ ਪੱਛਮੀ ਕੰਢੇ ਵੱਲ ਪੈਦਾ ਹੁੰਦੇ ਹਨ। ਬਿਧਾਰਾ ਤੇ ਸਤਾਵਰ ਵਿਚ ਲੋਹ ਭਸਮ ਮਿਲਾ ਕੇ ਹਰ ਰੋਜ਼ ਇਕ ਤੋਲਾ, ਘਿਓ ਅਤੇ ਸ਼ਹਿਦ ਨਾਲ ਖਾਣ ਵਾਲਾ ਵਿਅਕਤੀ ਲੰਬੀ ਉਮਰ ਭੋਗ ਸਕਦਾ ਹੈ।



### *100 ਸਾਲ ਤੋਂ ਲੰਬੀ ਉਮਰ*

*ਅਸਗੰਧ, ਸ਼ਹਿਦ ਅਤੇ ਘਿਓ ਖਾਣ ਨਾਲ ਸਰੀਰ ਵਿਚੋਂ ਰੋਗ ਖ਼ਤਮ ਹੋ ਕੇ ਉਮਰ 100 ਤੋਂ ਵੀ ਲੰਬੀ ਹੋ ਸਕਦੀ ਹੈ। ਬਧਾਰਾ ਅਤੇ ਸਤਾਵਰ ਵਿਚ ਲੋਹ ਭਸਮ ਮਿਲਾ ਕੇ ਰੋਜ਼ਾਨਾ ਇਕ ਤੋਲਾ, ਘਿਓ ਅਤੇ ਸ਼ਹਿਦ ਨਾਲ ਖਾਣ ਵਾਲਾ ਵਿਅਕਤੀ ਕਾਫ਼ੀ ਲੰਬੀ ਉਮਰ ਭੋਗ ਸਕਦਾ ਹੈ। ਤ੍ਰਿਫਲਾ ਪਾਊਡਰ ਤੇ ਆਮਲਾ ਪਾਊਡਰ ਨੂੰ ਬਰਾਬਰ ਵਜ਼ਨ ਵਿਚ ਥੋੜ੍ਹਾ ਜਿਹਾ ਮਿੱਠਾ ਜਾਂ ਕੌੜਾ ਤੇਲ ਪਾ ਕੇ ਚੰਗੀ ਤਰ੍ਹਾਂ ਮਿਲਾ ਕੇ ਭੂਰਾ ਕਰ ਲਵੋ। ਤ੍ਰਿਫਲਾ ਸਰੀਰ ਨੂੰ ਰੋਗਾਂ ਤੋਂ ਬਚਾਉਂਦਾ ਹੈ ਅਤੇ ਆਮਲਾ ਲੰਮੀ ਉਮਰ ਪ੍ਰਦਾਨ ਕਰਦਾ ਹੈ।*

### ਖਾਣ ਦੀ ਵਿਧੀ

ਅਗਨੀ ਪੁਰਾਣ ਵਿਚ ਦਵਾਈ ਬਣਾਉਣ ਤੇ ਸੇਵਨ ਕਰਨ ਦੀ ਵਿਧੀ ਨਹੀਂ ਲਿਖੀ ਗਈ। ਵਿਅਕਤੀ ਆਪਣੀ ਸੂਝ-ਬੂਝ ਨਾਲ ਦਵਾਈ ਬਣਾ ਕੇ ਜਿਸ ਤਰ੍ਹਾਂ ਉਹ ਮਾਫਿਕ ਆਏ, ਸੇਵਨ ਕਰ ਸਕਦਾ ਹੈ। ਤ੍ਰਿਫਲਾ ਪਾਊਡਰ ਬਾਜ਼ਾਰ ਵਿੱਚੋਂ ਬਣਿਆ-ਬਣਾਇਆ ਵੀ ਮਿਲ ਜਾਂਦਾ ਹੈ ਤੇ ਆਪ ਵੀ ਬਣਾਇਆ ਜਾ ਸਕਦਾ ਹੈ। ਇਸ ਦੀ ਖ਼ੁਰਾਕ ਇਕ ਚਮਚ ਹੀ ਠੀਕ ਰਹਿੰਦੀ ਹੈ।

### ਕੁੱਝ ਅਹਿਮ ਗੱਲਾਂ


- ਹਰੜ, ਬਹੇੜੇ ਅਤੇ ਆਮਲੇ ਨੂੰ ਗਿਟਕਾਂ ਕੱਢ ਕੇ ਬਰਾਬਰ ਵਜ਼ਨ 'ਚ ਮਿਲਾ ਲਵੋ, ਇਸ ਨੂੰ ਤ੍ਰਿਫਲਾ ਆਖਦੇ ਹਨ।
- ਘਿਓ ਤੋਂ ਭਾਵ ਦੇਸੀ ਘਿਓ ਦੀ ਵਰਤੋਂ ਤੋਂ ਹੈ।
- ਉਕਤ ਕਿਸੇ ਵੀ ਕਲਪ ਵਿਚ ਕੋਈ ਵੀ ਜ਼ਹਿਰੀਲਾ ਤੱਤ ਜਾਂ ਨਸ਼ੇ ਵਾਲੀ ਸਮੱਗਰੀ ਨਹੀਂ ਹੈ, ਇਸ ਲਈ ਇਨ੍ਹਾਂ ਦਾ ਸਰੀਰ ਉੱਤੇ ਕੋਈ ਮਾੜਾ ਅਸਰ ਨਹੀਂ ਪੈਂਦਾ।
- ਪੁਰਾਣ ਵਿਚ ਉਕਤ ਕਲਪਾਂ ਦੀ ਵਰਤੋਂ ਕਰਨ ਨਾਲ ਉਮਰ ਦੇ 300 ਤੋਂ 1,000 ਸਾਲ ਤਕ ਵੱਧ ਜਾਣ ਤੇ ਮੌਤ ਉੱਪਰ ਜਿੱਤ ਪ੍ਰਾਪਤ ਕਰ ਲੈਣ ਦਾ ਵੀ ਜ਼ਿਕਰ ਆਉਂਦਾ ਹੈ ਪਰ ਵਿਗਿਆਨਕ ਤੌਰ 'ਤੇ ਇਹ ਗੱਲ ਮੰਨਣ ਵਿਚ ਨਹੀਂ ਆਉਂਦੀ। ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਉਕਤ ਜੜ੍ਹੀ-ਬੂਟੀਆਂ ਜਾਂ ਕਿਸੇ ਇਕ ਕਲਪ ਦੀ ਰੋਜ਼ਾਨਾ ਵਰਤੋਂ ਕਰਨ ਨਾਲ ਬਿਮਾਰੀਆਂ ਨੂੰ ਆਪਣੇ ਆਪ ਤੋਂ ਦੂਰ ਰੱਖਿਆ ਜਾ ਸਕਦਾ ਹੈ ਤੇ ਮਨੁੱਖ ਲੰਬੀ ਉਮਰ ਭੋਗ ਸਕਦਾ ਹੈ।
- ਜੇ ਪੇਟ ਜਾਂ ਛਾਤੀ ਵਿਚ ਜਲਨ ਰਹਿੰਦੀ ਹੋਵੇ ਤਾਂ ਇਸ ਦਾ ਇਲਾਜ ਕਰਨ ਤੋਂ ਬਾਅਦ ਹੀ ਕਿਸੇ ਕਲਪ ਦਾ ਸੇਵਨ ਕਰੋ।

### ਪਰਹੇਜ਼

ਅਰੋਗ ਤੇ ਲੰਮੀ ਉਮਰ ਭੋਗਣ ਲਈ ਖਾਣ-ਪੀਣ ਦਾ ਪਰਹੇਜ਼ ਕਰਨਾ ਵੀ ਬੇਹੱਦ ਜ਼ਰੂਰੀ ਹੈ। ਮਾਸ, ਸ਼ਰਾਬ, ਹਰ ਪ੍ਰਕਾਰ ਦੇ ਨਸ਼ੇ, ਤੰਬਾਕੂ, ਚਾਹ ਅਤੇ ਕੌਫ਼ੀ ਕੁਦਰਤੀ ਭੋਜਨ ਨਹੀਂ ਹਨ ਅਤੇ ਇਹ ਹੀ ਰੋਗਾਂ ਦਾ ਕਾਰਨ ਬਣਦੇ ਹਨ। ਇਨ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਦੁੱਧ, ਘਿਓ, ਮੱਖਣ, ਦਹੀਂ ਅਤੇ ਲੱਸੀ ਕੁਦਰਤੀ ਭੋਜਨ ਹਨ, ਇਨ੍ਹਾਂ ਦੀ ਵੱਧ ਤੋਂ ਵੱਧ ਵਰਤੋਂ ਕਰੋ। ਇਸ ਸਮੇਂ ਚਾਹ ਵੀ ਕਈ ਲਾਇਲਾਜ ਰੋਗਾਂ ਦਾ ਕਾਰਨ ਬਣੀ ਹੋਈ ਹੈ। ਚਾਹ ਦੇ ਬਦਲ ਦੇ ਰੂਪ 'ਚ ਤੁਸੀਂ ਦੇਸੀ ਚਾਹ ਜਾਂ ਗਰਮ ਪਾਣੀ ਦੀ ਵਰਤੋਂ ਕਰ ਸਕਦੇ ਹੋ। ਦੇਸੀ ਚਾਹ ਵਿਚ ਬਹੁਤ ਸਾਰੇ ਗੁਣ ਹਨ। ਇਹ ਕਈ ਰੋਗਾਂ ਤੋਂ ਬਚਾਉਂਦੀ ਹੈ। ਇਸ ਦੀ ਵਰਤੋਂ ਹਰ ਉਮਰ ਵਰਗ ਦਾ ਇਨਸਾਨ ਕਰ ਸਕਦਾ ਹੈ। •

86993-51060





# ਇਨ੍ਹਾਂ ਬੀਜਾਂ ਨਾਲ ਦੂਰ ਹੁੰਦੀਆਂ ਹਨ ਕਈ ਬਿਮਾਰੀਆਂ

ਬਦਲਦੇ ਲਾਇਫ਼ ਸਟਾਈਲ ਜਾਂ ਖਾਣ-ਪੀਣ ਕਾਰਨ ਲੋਕ ਕਈ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਤੰਦਰੁਸਤ ਰਹਿਣ ਲਈ ਦਵਾਈਆਂ ਦਾ ਇਸਤੇਮਾਲ ਕਰਦੇ ਹਨ ਜਾਂ ਫਿਰ ਹਰੀ ਸਬਜ਼ੀਆਂ ਤੇ ਫਲਾਂ ਦਾ ਸੇਵਨ ਕਰਦੇ ਹਨ। ਆਓ ਅੱਜ ਬੀਜਾਂ ਦੇ ਸੇਵਨ ਤੋਂ ਹੋਣ ਵਾਲੇ ਫ਼ਾਇਦਿਆਂ ਬਾਰੇ ਗੱਲ ਕਰਦੇ ਹਾਂ। ਇਨ੍ਹਾਂ ਬੀਜਾਂ ਦਾ ਥੋੜ੍ਹਾ ਜਿਹਾ ਸੇਵਨ ਕਰਨਾ ਸਿਹਤ ਲਈ ਫ਼ਾਇਦੇਮੰਦ ਹੈ।

**ਕੱਦੂ :** ਇਸ ਦੇ ਬੀਜ ਸਰੀਰ ਲਈ ਬਹੁਤ ਲਾਭਕਾਰੀ ਹਨ। ਇਸ 'ਚ ਮੌਜੂਦ ਆਇਰਨ, ਵਿਟਾਮਿਨ ਸੀ, ਈ, ਪੋਟੈਸ਼ਿਅਮ ਕੈਲਸ਼ੀਅਮ ਤੇ ਫਾਇਬਰ ਵਰਗੇ ਗੁਣ ਪੇਟ ਤੇ ਖ਼ੂਨ ਨੂੰ ਸਾਫ਼ ਕਰਦੇ ਹਨ।

**ਤਿਲ :** ਇਸ 'ਚ ਕੈਲਸ਼ੀਅਮ, ਐਂਟੀ ਔਕਸੀਡੇਂਟ੍ਰਸ ਤੇ ਅਨਸੈਚੁਰੇਟੇਡ ਫੈਟਸ ਕਾਫ਼ੀ ਮਾਤਰਾ 'ਚ ਮੌਜੂਦ ਹੁੰਦੇ ਹਨ। ਜਿਸ ਦੇ ਸੇਵਨ ਨਾਲ ਕੈਂਸਰ ਤੇ ਡਾਇਬਟੀਜ਼ ਵਰਗੀਆਂ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

**ਅਲਸੀ ਦੇ ਬੀਜ :** ਇਸ 'ਚ ਪ੍ਰੋਟੀਨ, ਪੋਟੈਸ਼ਿਅਮ, ਜ਼ਿੰਕ, ਐਸਿਡ, ਫਾਇਬਰ ਕਾਫ਼ੀ ਮਾਤਰਾ 'ਚ ਪਾਏ ਜਾਂਦੇ ਹਨ। ਇਸ ਦੇ ਸੇਵਨ ਨਾਲ ਸਰੀਰ ਨੂੰ ਊਰਜਾ ਪ੍ਰਾਪਤ ਹੁੰਦੀ ਹੈ। ਇਸ ਦੇ ਇਲਾਵਾ ਬੁਖ਼ਾਰ, ਖ਼ਾਂਸੀ ਤੇ ਜ਼ੁਕਾਮ ਆਦਿ ਰੋਗਾਂ ਤੋਂ ਬਚਿਆ ਜਾ ਸਕਦਾ ਹੈ।

**ਮੇਥੀ :** ਮੇਥੀ ਦੇ ਬੀਜਾਂ ਦਾ ਸੇਵਨ ਕਰਨ ਨਾਲ ਬੁਖ਼ਾਰ, ਖ਼ਾਂਸੀ, ਉਲਟੀਆਂ, ਬਵਾਸੀਰ ਤੇ ਕੈਂਸਰ ਵਰਗੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। •

# ਜ਼ਿਆਦਾ ਚਾਹ ਪੀਣ ਵਾਲੇ ਹੋ ਜਾਓ ਸਾਵਧਾਨ

ਜ਼ਿਆਦਾਤਰ ਲੋਕ ਚਾਹ ਪੀਣ ਦੇ ਸ਼ੌਕੀਨ ਹੁੰਦੇ ਹਨ ਤੇ ਉਹ ਦਿਨ 'ਚ 1-2 ਵਾਰ ਤੋਂ ਵੱਧ ਚਾਹ ਦਾ ਸੇਵਨ ਕਰਦੇ ਹਨ। ਜਿਸ ਨਾਲ ਉਨ੍ਹਾਂ ਨੂੰ ਕਾਫ਼ੀ ਨੁਕਸਾਨ ਹੁੰਦਾ ਹੈ। ਕਈ ਲੋਕ ਚਾਹ ਦਾ ਘੱਟ ਸੇਵਨ ਕਰਦੇ ਹਨ ਜਿਸ ਨਾਲ ਕੋਈ ਨੁਕਸਾਨ ਨਹੀਂ ਹੁੰਦਾ। ਇਸ ਨਾਲ ਤੇਜ਼ਾਬ ਤੇ ਗੈਸ ਆਦਿ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਓ ਜਾਣਦੇ ਹਾਂ ਕਿ ਜ਼ਿਆਦਾ ਚਾਹ ਪੀਣੀ ਸਿਹਤ ਲਈ ਕਿੰਨੀ ਕੁ ਖ਼ਤਰਨਾਕ ਹੈ।

### ਡੀਹਾਈਡ੍ਰੇਸ਼ਨ ਤੇ ਕਬਜ਼

ਕਈ ਲੋਕ ਮੰਨਦੇ ਹਨ ਕਿ ਸਵੇਰ ਦੀ ਚਾਹ ਪੀਣ ਨਾਲ ਪੇਟ ਸਾਫ਼ ਹੁੰਦਾ ਹੈ ਪਰ ਘੱਟ ਹੀ ਲੋਕਾਂ ਨੂੰ ਪਤਾ ਹੈ ਕਿ ਜ਼ਿਆਦਾ ਚਾਹ ਪੀਣ ਨਾਲ ਕਬਜ਼ ਦੀ ਪਰੇਸ਼ਾਨੀ ਹੋ ਸਕਦੀ ਹੈ। ਚਾਹ 'ਚ ਮੌਜੂਦ ਇਕ ਰਾਸਾਇਣ ਥਿਓਫਿਲਾਇਨ ਨਾਲ ਸਰੀਰ 'ਚ ਡੀਹਾਈਡ੍ਰੇਸ਼ਨ ਹੋ ਜਾਂਦੀ ਹੈ ਜੋ ਬਾਅਦ 'ਚ ਕਬਜ਼ ਦਾ ਕਾਰਨ ਬਣ ਜਾਂਦੀ ਹੈ।



### ਪ੍ਰੋਸਟੇਟ ਕੈਂਸਰ

ਚਾਹ ਪ੍ਰੋਸਟੇਟ ਲਈ ਵਧੀਆ ਨਹੀਂ ਹੈ ਦੇਖਿਆ ਗਿਆ ਹੈ ਕਿ ਦਿਨ 'ਚ ਜ਼ਿਆਦਾ ਮਾਤਰਾ 'ਚ ਚਾਹ ਪੀਣ ਵਾਲੇ ਲੋਕਾਂ ਨੂੰ ਪ੍ਰੋਸਟੇਟ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ।

### ਸੋਜ

ਜ਼ਿਆਦਾ ਚਾਹ ਪੀਣ ਨਾਲ ਪੇਟ ਫੁਲਿਆ ਹੋਇਆ ਮਹਿਸੂਸ ਹੋਵੇਗਾ। ਕੁੱਝ ਲੋਕਾਂ ਨੂੰ ਕੈਫਿਨ ਕਾਰਨ ਸੋਜ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਤੋਂ ਬਾਅਦ ਸੋਜ ਮਹਿਸੂਸ ਹੁੰਦੀ ਹੈ।

### ਹੱਡੀਆਂ ਕਮਜ਼ੋਰ ਹੋਣੀਆਂ

ਚਾਹ ਤੁਹਾਡੀਆਂ ਹੱਡੀਆਂ ਤੇ ਦੰਦਾਂ ਨੂੰ ਕਮਜ਼ੋਰ ਕਰ ਸਕਦੀ ਹੈ ਇਸ ਕਰ ਕੇ ਆਪਣੀ ਸਿਹਤ ਨੂੰ ਸਹੀ ਸਲਾਮਤ ਰੱਖਣ ਲਈ ਚਾਹ ਦਾ ਜ਼ਿਆਦਾ ਸੇਵਨ ਨਾ ਕਰੋ। •

## ਸਿਹਤ ਦੇ ਲਈ ਫ਼ਾਇਦੇਮੰਦ ਹੈ

# ਹਰੀ ਮਿਰਚ

ਜ਼ਿਆਦਾ ਤਿੱਖਾ ਜਾਂ ਮਸਾਲੇਦਾਰ ਖਾਣਾ ਖਾਣ ਨਾਲ ਤੁਹਾਡੇ ਪੇਟ ਤੇ ਸੀਨੇ 'ਚ ਜਲਣ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿਸ ਕਰ ਕੇ ਹੋਰ ਵੀ ਅਨੇਕਾਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਜੇ ਤੁਸੀ ਹਰੀ ਮਿਰਚ ਦਾ ਸੇਵਨ ਕਰਦੇ ਹੋ ਤਾਂ ਇਹ ਸਿਹਤ ਲਈ ਬਹੁਤ ਹੀ ਲਾਭਕਾਰੀ ਹੈ। ਹਰੀ ਮਿਰਚ 'ਚ ਕਈ ਤਰ੍ਹਾਂ ਦੇ ਤੱਤ ਪਾਏ ਜਾਂਦੇ ਹਨ ਜਿਵੇਂ-ਵਿਟਾਮਿਨ ਈ, ਬੀ-6, ਸੀ, ਆਇਰਨ, ਪ੍ਰੋਟੀਨ ਤੇ ਕਾਰਬਨਹਾਈਡਰੇਟ ਮੌਜੂਦ ਹੁੰਦੇ ਹਨ। ਆਓ ਜਾਣਦੇ ਹਾਂ ਕਿ ਹਰੀ ਮਿਰਚ ਖਾਣ ਨਾਲ ਤੁਹਾਨੂੰ ਕੀ-ਕੀ ਫ਼ਾਇਦੇ ਮਿਲਦੇ ਹਨ।



### *ਚਮੜੀ ਲਈ ਲਾਭਕਾਰੀ*

*ਹਰੀ ਮਿਰਚ 'ਚ ਬਹੁਤ ਸਾਰੇ ਵਿਟਾਮਿਨ ਪਾਏ ਜਾਂਦੇ ਹਨ ਜੋ ਚਮੜੀ ਦੇ ਲਈ ਫ਼ਾਇਦੇਮੰਦ ਹੁੰਦੇ ਹਨ ਜੇ ਤੁਸੀਂ ਹਰੀ ਮਿਰਚ ਦਾ ਸੇਵਨ ਕਰਦੇ ਹੋ ਤਾਂ ਇਸ ਨਾਲ ਸੁੰਦਰਤਾ 'ਚ ਵੀ ਨਿਖ਼ਾਰ ਆਉਂਦਾ ਹੈ।*

### ਕੈਂਸਰ ਦਾ ਖ਼ਤਰਾ ਘੱਟ

ਹਰੀ ਮਿਰਚ ਖਾਣ ਨਾਲ ਫੇਫੜਿਆਂ ਦੇ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ। ਮਰਦਾਂ ਨੂੰ ਹਰੀ ਮਿਰਚ ਜ਼ਿਆਦਾ ਖਾਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਨੂੰ ਪ੍ਰੋਸਟੇਟ ਕੈਂਸਰ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਹਰੀ ਮਿਰਚ ਖਾਣ ਨਾਲ ਪ੍ਰੋਸਟੇਟ ਦੀ ਸਮੱਸਿਆ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾਇਆ ਜਾ ਸਕਦਾ ਹੈ।

### ਦਰਦ, ਦਮਾ

ਹਰੀ ਤਾਜ਼ੀ ਮਿਰਚ ਦਾ ਇਕ ਚਮਚ ਰਸ ਸ਼ਹਿਦ 'ਚ ਮਿਲਾ ਕੇ ਖ਼ਾਲੀ ਪੇਟ ਖਾਣ ਨਾਲ ਦਮੇ ਦੇ ਰੋਗ ਤੋਂ ਰਾਹਤ ਮਿਲਦੀ ਹੈ। ਇਸ ਦੀ ਵਰਤੋਂ 10 ਦਿਨ ਤਕ ਕਰਨ ਨਾਲ ਲਾਭ ਮਿਲਦਾ ਹੈ। ਹਰੀ ਮਿਰਚ ਖਾਣ ਨਾਲ ਗਰਮੀ ਨਿਕਲਦੀ ਹੈ।

### ਖ਼ੂਨ ਦੇ ਵਹਾਅ ਨੂੰ ਰੋਕਣਾ

ਸੱਟ ਲੱਗਣ 'ਤੇ ਜ਼ਿਆਦਾ ਖ਼ੂਨ ਨਿਕਲਦਾ ਹੈ ਤਾਂ ਹਰੀ ਮਿਰਚ ਖਾਣੀ ਸ਼ੁਰੂ ਕਰ ਦਿਓ। ਇਸ 'ਚ ਵਿਟਾਮਿਨ ਮੌਜੂਦ ਹੁੰਦੇ ਹਨ ਜੋ ਖ਼ੂਨ ਨੂੰ ਜਮਾਉਣ 'ਚ ਮਦਦ ਕਰਦੇ ਹਨ।

### ਆਇਰਨ ਵਧਾਉਣ 'ਚ ਮਦਦਗਾਰ

ਔਰਤਾਂ 'ਚ ਅਕਸਰ ਹੀ ਆਇਰਨ ਦੀ ਘਾਟ ਹੁੰਦੀ ਹੈ ਪਰ ਜੇ ਤੁਸੀ ਹਰ ਰੋਜ਼ ਹਰੀ ਮਿਰਚ ਖਾਓਗੇ ਤਾਂ ਇਹ ਘਾਟ ਦੂਰ ਹੋ ਜਾਵੇਗੀ। ਇਸ 'ਚ ਵਿਟਾਮਿਨ ਸੀ ਵੀ ਹੁੰਦਾ ਹੈ। ਇਸ ਨੂੰ ਠੰਢੀ ਜਗ੍ਹਾ 'ਤੇ ਹੀ ਰੱਖਣਾ ਚਾਹੀਦਾ ਹੈ ਕਿਉਂਕਿ ਗਰਮੀ ਨਾਲ ਹਰੀ ਮਿਰਚ ਦੇ ਤੱਤ ਖ਼ਤਮ ਹੋ ਜਾਂਦੇ ਹਨ। • **ਫੀਚਰ ਡੈਸਕ**

**ਕਿਸੇ ਦੇ ਜੀਵਨ ਵਿਚ ਅਚਾਨਕ ਹੋਈ ਅਲਹੋਲੀ ਬਰੋਕਨ ਹਾਰਟ ਸਿੰਡਰੋਮ ਦਾ ਮੁੱਖ ਕਾਰਨ ਬਲਦੀ ਹੈ। ਸਟ੍ਰੈੱਸ ਕਹੋ ਜਾਂ ਤਣਾਅ, ਇਹ ਸਿੰਡਰੋਮ ਦਾ ਹੀ ਕਾਰਨ ਹੁੰਦਾ ਹੈ ...**

# ਬਰੋਕਨ ਹਾਰਟ ਸਿੰਡਰੋਮ



ਡਾ. ਰਿਪੁਦਮਨ ਸਿੰਘ
*ਮੋਬਾਈਲ 98152-00134*

ਡਾਕਟਰੀ ਭਾਸ਼ਾ ਵਿਚ ਸਿੰਡਰੋਮ 'ਚ ਅਸਲ ਬਿਮਾਰੀ ਵਰਗੇ ਲੱਛਣ ਵਿਖਾਈ ਦਿੰਦੇ ਹਨ। ਇਹ ਲੱਛਣ ਹਕੀਕੀ ਬਿਮਾਰੀ ਨਾਲ ਅਜਿਹੇ ਮਿਲਦੇ ਹੁੰਦੇ ਹਨ ਕਿ ਬੰਦਾ ਤਾਂ ਕੀ, ਡਾਕਟਰ ਵੀ ਚੱਕਰ ਵਿਚ ਫਸ ਜਾਂਦੇ ਹਨ ਅਤੇ ਦਵਾਈਆਂ ਦੇ-ਦੇ ਕੇ ਬਿਮਾਰੀ ਖੜ੍ਹੀ ਕਰ ਦਿੰਦੇ ਹਨ। 'ਜਬ ਦਿਲ ਹੀ ਟੂਟ ਗਿਆ ਤੋ ਜੀ ਕਰ ਕਯਾ ਕਰੇਗੇ' ਦੇ ਬੋਲ ਸੱਚ ਹੋਣ ਲੱਗਦੇ ਹਨ। ਕਿਸੇ ਦੇ ਜੀਵਨ ਵਿਚ ਅਚਾਨਕ ਹੋਈ ਅਣਹੋਣੀ ਬਰੋਕਨ ਹਾਰਟ ਸਿੰਡਰੋਮ ਦਾ ਮੁੱਖ ਕਾਰਨ ਬਣਦੀ ਹੈ। ਸਟ੍ਰੈੱਸ ਕਹੋ ਜਾਂ ਤਣਾਅ, ਇਹ ਸਿੰਡਰੋਮ ਦਾ ਕਾਰਨ ਹੁੰਦਾ ਹੈ ਅਤੇ ਮਾੜੀ ਖ਼ਬਰ ਦੇ ਚੱਲਦਿਆਂ ਬੰਦੇ ਅੰਦਰ ਸਟ੍ਰੈੱਸ ਦੀ ਲਹਿਰ ਪੈਦਾ ਹੁੰਦੀ ਹੈ ਅਤੇ ਦਿਲ ਚੰਗੀ ਤਰ੍ਹਾਂ ਪੰਪ ਨਹੀਂ ਕਰਦਾ ਪਰ ਬਾਕੀ ਸਾਰੇ ਕੰਮ ਪਹਿਲਾਂ ਨਾਲੋਂ ਵਧੇਰੇ ਤਾਕਤ ਨਾਲ ਹੁੰਦੇ ਹਨ। ਇਹ ਸਥਿਤੀ ਆਰਜ਼ੀ ਹੁੰਦੀ ਹੈ ਤੇ ਸਮੇਂ ਨਾਲ ਠੀਕ ਵੀ ਹੋ ਜਾਂਦੀ ਹੈ। ਇਸ ਨੂੰ ਪਹਿਲਾਂ ਟੈਕਟੋਸੁਬੋ ਕਾਰਡੀਓ-ਮਾਇਓਪੈਥੀ ਆਖਦੇ ਸਨ ਪਰ ਅੱਜਕੱਲ੍ਹ ਇਸ ਨੂੰ 'ਸਟ੍ਰੈੱਸ ਕਾਰਡੀਓ-ਮਾਇਓਪੈਥੀ' ਜਾਂ 'ਏਪੀਕਲ ਬਲੂਨਿੰਗ ਸਿੰਡਰੋਮ' ਆਖਿਆ ਜਾਣ ਲੱਗਾ ਹੈ। ਬਹੁਤ ਚੰਗੀ ਗੱਲ ਇਸ ਸਿੰਡਰੋਮ ਦੀ ਇਹ ਹੈ ਕਿ ਇਹ ਲਾਇਲਾਜ ਨਹੀਂ ਹੈ।



### ਲੱਛਣ

ਬੰਦੇ ਅੰਦਰ ਹੂ-ਬ-ਹੂ ਦਿਲ ਦੀ ਬਿਮਾਰੀ ਵਰਗੇ ਲੱਛਣ ਨਜ਼ਰ ਆਉਣ ਲੱਗ ਪੈਂਦੇ ਹਨ ਅਤੇ ਜਾਪਦਾ ਹੈ ਕਿ ਕੁੱਝ ਹੋ ਰਿਹਾ ਹੈ-ਦਿਲ ਵਾਲੇ ਪਾਸੇ ਤੇਜ਼ ਦਰਦ, ਦਿਲ ਦੀ ਧੜਕਣ ਦਾ ਤੇਜ਼ ਹੋ ਜਾਣਾ ਜਾਂ ਇਕ ਦਮ ਘੱਟ ਜਾਣਾ, ਮੂੰਹ ਤੇ ਬੁੱਲ੍ਹ ਸੁਕਣ ਲੱਗਣੇ, ਪਿਸ਼ਾਬ ਨਿਕਲ ਜਾਣਾ ਅਤੇ ਇਥੋਂ ਤਕ ਕੇ ਖਾਣੇ ਦਾ ਠੀਕ ਤਰ੍ਹਾਂ ਨਾ ਪਚਣਾ, ਚੱਕਰ ਜਿਹੇ ਆਉਣੇ, ਬਾਹਰ ਨੂੰ ਭੱਜਣਾ, ਸਾਹ ਦਾ ਔਖਾ ਹੋਣਾ ਤੇ ਸਰੀਰਕ ਕਮਜ਼ੋਰੀ ਹੋਣੀ ਅਤੇ ਇਸ ਦੇ ਨਾਲ ਹੀ ਇਹ ਵੀ ਲੱਗਦਾ ਕਿ ਪ੍ਰਾਣ ਨਿਕਲਣ ਵਾਲੀ ਸਥਿਤੀ ਪੈਦਾ ਹੋ ਗਈ ਹੋਵੇ। ਲੱਖ ਕੋਸ਼ਿਸ਼ ਕਰਨ ਤੇ ਰੋਟੀ-ਪਾਣੀ ਅੰਦਰ ਨਹੀਂ ਲੰਘਦੇ। ਈਸੀਜੀ ਵਿਚ ਵੀ ਤਬਦੀਲੀਆਂ ਨਜ਼ਰੀਂ ਪੈਂਦੀਆਂ ਹਨ, ਭਾਵ ਐੱਮਆਈ ਜਿਹਾ ਲੱਗਣ ਲੱਗਦਾ ਹੈ। ਇਹ ਧਿਆਨ ਯੋਗ ਗੱਲ ਹੈ ਕਿ ਕੋਈ ਵੀ ਲੰਬੇ ਸਮੇਂ ਤਕ ਰਹਿਣ ਵਾਲਾ ਛਾਤੀ ਦਾ ਦਰਦ, ਦਿਲ ਦੀ ਤਕਲੀਫ਼ ਹੋ ਸਕਦੀ ਹੈ ਅਤੇ ਜੇ ਕਿਸੇ ਨਾਲ ਇੰਜ ਹੋ ਰਿਹਾ ਹੈ ਤਾਂ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ।

### ਕਿੰਨਾ ਘਾਤਕ ਹੈ ਸਿੰਡਰੋਮ?

ਵੇਖਣ ਵਿਚ ਆਇਆ ਹੈ ਕਿ ਇਹ ਸਿੰਡਰੋਮ ਔਰਤਾਂ ਵਿਚ ਵਧੇਰੇ ਪਾਇਆ ਜਾਂਦਾ ਹੈ। ਅਜਿਹਾ ਕਿਉਂ ਹੈ, ਇਸ ਬਾਰੇ ਖੋਜ ਚੱਲ ਰਹੀ ਹੈ ਪਰ ਮਨੋਵਿਗਿਆਨਿਕ ਤੌਰ 'ਤੇ ਮਰਦਾਂ ਦੇ ਮੁਕਾਬਲੇ ਔਰਤਾਂ ਦੇ ਵਧੇਰੇ ਸੰਵੇਦਨਸ਼ੀਲ ਹੋਣ ਨੂੰ ਵੀ ਇਸ ਦਾ ਇਕ ਕਾਰਨ ਮੰਨਿਆ ਜਾਂਦਾ। ਪੰਦਰਾਂ ਸਾਲ ਦੀ ਉਮਰ ਤੋ ਲਗਪਗ 55 ਸਾਲ ਦੀ ਉਮਰ ਤਕ ਔਰਤਾਂ ਦੀ ਮਾਨਸਿਕ ਹਾਲਤ ਉੱਪਰ ਬਹੁਤ ਅਸਰ ਪੈਂਦਾ ਹੈ। ਬਹੁਤ ਘੱਟ ਅੰਕੜੇ ਹਨ ਕਿ ਇਸ ਨਾਲ ਕਿਸੇ ਦੀ ਮੌਤ ਹੋਈ ਹੋਵੇ, ਇਸ ਲਈ ਬਹੁਤੀ ਫ਼ਿਕਰ ਵਾਲੀ ਗੱਲ ਨਹੀਂ ਹੈ ਪਰ ਇਸ ਨੂੰ ਅਣਗੌਲਿਆਂ ਕਰਨਾ ਘਾਤਕ ਹੋ ਸਕਦਾ ਹੈ। ਇਸ ਨਾਲ ਦਿਲ ਦੀ ਧੜਕਣ ਅਨਿਯਮਿਤ ਹੋ ਸਕਦੀ ਹੈ, ਧੜਕਮ ਮਿਸ ਹੋ ਸਕਦੀ ਹੈ, ਜਿਸ ਨੂੰ ਆਮ ਭਾਸ਼ਾ ਵਿਚ ਹੌਲ ਜਾਂ ਗੋਤਾ ਪੈਣਾ ਵੀ ਆਖਦੇ ਹਨ। ਧੜਕਣ ਵੱਧ ਵੀ ਰਹਿਣ ਲੱਗ ਸਕਦੀ ਹੈ। ਮਾੜੀ ਗੱਲ ਇਹ ਹੈ ਕਿ ਫ਼ੇਫੜਿਆਂ ਵਿਚ ਤਰਲ ਜਮ੍ਹਾਂ ਹੋਣ ਲੱਗ ਸਕਦਾ ਹੈ ਜਿਸ ਨੂੰ 'ਪਲਮੋਨਰੀ ਓਡੀਮਾ' ਆਖਦੇ ਹਨ। ਇਸ ਨਾਲ ਸਾਹ ਛੋਟਾ ਹੋ ਸਕਦਾ ਹੈ, ਗਲ਼ਾ ਵੀ ਸੁੱਕਾ ਹੋ ਸਕਦਾ ਹੈ।

ਇਹ ਸਿੰਡਰੋਮ ਦੀ ਨਿਸ਼ਾਨੀ ਹੈ। ਜੇ ਕੋਈ ਇਸ ਦੌਰ ਵਿਚੋ ਲੰਘ ਰਿਹਾ ਹੋਵੇ ਤਾਂ ਉਹ ਜਾਂ ਉਸ ਦੇ ਘਰ-ਪਰਿਵਾਰ ਤੇ ਦੋਸਤਾਂ ਦਾ ਫਰਜ਼ ਹੈ ਕਿ ਡਾਕਟਰ ਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ। ਜਿਵੇਂ ਕਿ, ਬੰਦੇ ਦੀ ਮਨੋਸਥਿਤੀ ਕਿਹੋ ਜਿਹੀ ਹੈ? ਕੀ ਕਦੇ ਪਹਿਲਾਂ ਵੀ ਅਜਿਹਾ ਵਾਪਰਿਆ ਹੈ? ਛਾਤੀ ਦੀ ਕੋਈ ਤਕਲੀਫ਼ ਹੋਈ ਹੋਵੇ ਆਦਿ। ਆਪਣੇ ਆਪ ਨੂੰ ਸਮਾਂ ਦੇਣਾ ਚਾਹੀਦਾ ਹੈ। ਰੱਬ ਵੱਲ ਧਿਆਨ ਕਰਨਾ ਵੀ ਲਾਹੇਵੰਦ ਰਹਿੰਦਾ ਹੈ। ਫ਼ਿਕਰ ਦੀ ਲੋੜ ਨਹੀਂ, ਡਾਕਟਰੀ ਇਲਾਜ ਤੇ ਪਰਹੇਜ਼ ਕਰਨਾ ਚਾਹੀਦਾ ਹੈ। •

### ਕੀ ਹਨ ਕਾਰਨ?

*ਭਾਵੇਂ ਸੰਸਾਰ ਭਰ ਦੇ ਸਿਹਤ ਵਿਗਿਆਨੀਆਂ ਨੂੰ ਬਰੋਕਨ ਹਾਰਟ ਸਿੰਡਰੋਮ ਦਾ ਅਸਲ ਕਾਰਨ ਅੱਜ ਤਕ ਪਤਾ ਨਹੀਂ ਲੱਗ ਸਕਿਆ ਪਰ ਫਿਰ ਵੀ ਮੰਨਿਆ ਜਾਂਦਾ ਹੈ ਕਿ ਇਹ ਇਕਦਮ ਪੈਦਾ ਹੋਈ ਤਣਾਅ ਦੀ ਲਹਿਰ ਨਾਲ ਪੈਦਾ ਹੋਏ ਐਡਰਨਾਲੀਨ ਹਾਰਮੋਨ ਕਾਰਨ ਦਿਲ ਨੂੰ ਹੋਣ ਵਾਲੇ ਨੁਕਸਾਨ ਦਾ ਇਕ ਆਧਾਰ ਜਿਹਾ ਲਗਦਾ ਹੈ। ਇਸ ਤਕਲੀਫ਼ ਲਈ ਕੋਈ ਅਸਹਿਣਯੋਗ ਘਰੇਲੂ ਹਾਲਾਤ, ਨਾ ਵਿਚਾਰਨਯੋਗ ਘਟਨਾ, ਇਕਦਮ ਕਿਸੇ ਬੇਸ਼ਕੀਮਤੀ ਵਸਤੂ ਦਾ ਗੁੰਮ ਹੋ ਜਾਣਾ, ਸਰੀਰਕ ਤਕਲੀਫ਼ ਜਿਵੇਂ ਦਮਾ, ਇਨਫੈਕਸ਼ਨ, ਐਕਸੀਡੈਂਟ ਆਦਿ ਜ਼ਿੰਮੇਵਾਰ ਹੋ ਸਕਦੇ ਹਨ।*

# ਪੰਜਾਬ ਦੇ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖ਼ਲ ਹੋਣ ਵਾਲੇ ਪੀੜਤਾਂ ਦੀ ਗਿਣਤੀ ਇੱਕ ਸਾਲ 'ਚ 164 ਫੀਸਦ ਤੱਕ ਵਧੀ

**➢ ਪੰਜਾਬ ਦੇ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਢਾਂਚੇ 'ਤੇ ਲੋਕਾਂ ਦਾ ਭਰੋਸਾ ਲਗਾਤਾਰ ਵਧ ਰਿਹੈ ➢ ਦਾਖ਼ਲ ਹੋਣ ਵਾਲੇ ਪੀੜਤਾਂ ਦੀ ਗਿਣਤੀ ਵਿੱਚ ਇਹ ਵਾਧਾ ਇਲਾਜ ਢਾਂਚੇ 'ਚ ਲੋਕਾਂ ਦੇ ਵਧਦੇ ਭਰੋਸੇ ਦਾ ਸਬੂਤ: ਡਾ. ਬਲਬੀਰ ਸਿੰਘ**

**ਚੰਡੀਗੜ੍ਹ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਭਗਵੰਤ ਮਾਨ ਸਰਕਾਰ ਦੇ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਵਿੱਚ ਦਾਖ਼ਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਲਗਾਤਾਰ ਹੋ ਰਿਹਾ ਵਾਧਾ ਸੂਬੇ ਦੇ ਇਲਾਜ ਢਾਂਚੇ ਪ੍ਰਤੀ ਲੋਕਾਂ ਦੇ ਵਧਦੇ ਭਰੋਸੇ ਦਾ ਮਜ਼ਬੂਤ ਸੰਕੇਤ ਹੈ।

ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖ਼ਲ ਹੋਣ ਵਾਲੇ ਪੀੜਤਾਂ ਦੀ ਗਿਣਤੀ ਸਾਲ 2024 ਵਿੱਚ 9,577 ਸੀ, ਜੋ ਸਾਲ 2025 ਵਿੱਚ ਵਧ ਕੇ 25,290 ਹੋ ਗਈ, ਜੋ 164 ਫ਼ੀਸਦੀ ਤੋਂ ਵੱਧ ਦੇ ਵਾਧੇ ਨੂੰ ਦਰਸਾਉਂਦਾ ਹੈ। ਇਹ ਰੁਝਾਨ ਸਾਲ 2026 ਵਿੱਚ ਵੀ ਜਾਰੀ ਰਿਹਾ ਅਤੇ ਇਸ ਸਾਲ ਜੁਲਾਈ ਮਹੀਨੇ ਤੱਕ 14,000 ਤੋਂ ਵੱਧ ਨਸ਼ਾ ਪੀੜਤ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖ਼ਲ ਹੋ ਚੁੱਕੇ ਸਨ।

ਜ਼ਿਕਰਯੋਗ ਹੈ ਕਿ ਨਸ਼ਾ ਪੀੜਤਾਂ ਦੇ ਦਾਖ਼ਲਿਆਂ ਵਿੱਚ ਇਹ ਵਾਧਾ ਵਿਸ਼ੇਸ਼ ਕਰਕੇ ਮਾਰਚ 2025 ਵਿੱਚ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤੋਂ ਬਾਅਦ ਦੇਖਣ ਨੂੰ ਮਿਲਿਆ ਹੈ। ਇਹ ਵਾਧਾ ਇਸ ਗੱਲ ਦਾ ਮਜ਼ਬੂਤ ਸੰਕੇਤ ਹੈ ਕਿ ਵੱਧ ਤੋਂ ਵੱਧ ਪਰਿਵਾਰ ਅਤੇ ਵਿਅਕਤੀ ਨਸ਼ੇ ਦੀ ਸਮੱਸਿਆ ਨਾਲ ਜੂਝ ਰਹੇ ਆਪਣੇ ਨਜਦੀਕੀਆਂ ਜਾਂ ਖ਼ੁਦ ਨੂੰ ਸਮਾਜਿਕ ਕਲੰਕ ਦੇ ਹਨੇਰੇ ਵਿੱਚ ਰੱਖਣ ਦੀ ਬਜਾਏ ਇਲਾਜ ਕੇਂਦਰਾਂ ਤੱਕ ਪਹੁੰਚਣ ਲਈ ਅੱਗੇ ਆ ਰਹੇ ਹਨ।

ਅਜਿਹੇ ਸੂਬੇ, ਜਿੱਥੇ ਨਸ਼ੇ ਦੀ ਲਤ ਨਾਲ ਜੂਝ ਰਹੇ ਲੋਕਾਂ ਨੂੰ ਸਹੀ ਇਲਾਜ ਢਾਂਚਾ ਮਿਲਣ ਤੱਕ ਸਾਲਾਂ ਬੱਧੀ ਇਸ ਸਮੱਸਿਆ ਨਾਲ ਜੂਝਣਾ ਪਿਆ ਹੋਵੇ, ਵਿੱਚ ਅਜਿਹੀ ਪਹਿਲਕਦਮੀ ਦਾ ਵਧਦਾ ਪ੍ਰਭਾਵ ਕਾਫ਼ੀ ਮਹੱਤਵ ਰੱਖਦਾ ਹੈ। ਜਿਵੇਂ-ਜਿਵੇਂ ਇਲਾਜ ਅਤੇ ਮੁੜ ਵਸੇਬਾ ਸਹੂਲਤਾਂ ਨਸ਼ਾ ਵਿਰੋਧੀ ਇਸ ਪਹਿਲਕਦਮੀ ਦਾ ਵਿਸ਼ੇਸ਼ ਹਿੱਸਾ ਬਣ ਰਹੀਆਂ ਹਨ, ਉਵੇਂ-ਉਵੇਂ ਧਿਆਨ ਸਿਰਫ਼ ਸਮੱਸਿਆ ਦੀ ਪਛਾਣ ਕਰਨ ਤੋਂ ਅੱਗੇ ਵਧ ਕੇ ਪ੍ਰਭਾਵਿਤ ਲੋਕਾਂ ਨੂੰ ਸਰਗਰਮੀ ਨਾਲ ਇਲਾਜ ਨਾਲ ਜੋੜਨ ਅਤੇ ਉਨ੍ਹਾਂ ਦੇ ਮੁੜ ਵਸੇਬੇ ਵਿੱਚ ਸਹਿਯੋਗ ਦੇਣ 'ਤੇ ਕੇਂਦਰਿਤ ਹੋ ਰਿਹਾ ਹੈ।

ਸੂਬੇ ਦੇ ਮੁੜ ਵਸੇਬਾ ਢਾਂਚੇ ਵਿੱਚ ਵੀ ਇਸੇ ਤਰ੍ਹਾਂ ਦਾ ਮਹੱਤਵਪੂਰਨ ਵਾਧਾ ਦਰਜ ਕੀਤਾ ਗਿਆ ਹੈ। ਸਰਕਾਰੀ ਮੁੜ ਵਸੇਬਾ ਕੇਂਦਰਾਂ ਵਿੱਚ ਨਸ਼ਾ ਪੀੜਤਾਂ ਦੇ ਦਾਖ਼ਲਿਆਂ ਦੀ ਗਿਣਤੀ ਸਾਲ 2024



ਵਿੱਚ 2,644 ਸੀ, ਜੋ ਸਾਲ 2025 ਵਿੱਚ ਵਧ ਕੇ 8,574 ਹੋ ਗਈ, ਜੋ 224 ਫ਼ੀਸਦ ਤੋਂ ਵੱਧ ਵਾਧੇ ਨੂੰ ਦਰਸਾਉਂਦਾ ਹੈ। ਇਸ ਸਾਲ ਜੁਲਾਈ 2026 ਤੱਕ ਹੀ 5,800 ਤੋਂ ਵੱਧ ਪੀੜਤ ਇਨ੍ਹਾਂ ਕੇਂਦਰਾਂ ਵਿੱਚ ਦਾਖ਼ਲ ਹੋ ਚੁੱਕੇ ਸਨ, ਜੋ ਸਾਲ 2025 ਵਿੱਚ ਦਰਜ ਕੁੱਲ ਦਾਖ਼ਲ ਮਰੀਜ਼ਾਂ ਦਾ ਲਗਭਗ 68 ਫ਼ੀਸਦ ਬਣਦਾ ਹੈ।

ਇਲਾਜ ਦੀ ਵਧਦੀ ਪਹੁੰਚ ਪੰਜਾਬ ਦੇ ਆਊਟਪੇਸ਼ੈਂਟ ਓਪੀਓਇਡ-ਅਸਿਸਟਡ ਟ੍ਰੀਟਮੈਂਟ (ਓਓਏਟੀ) ਕਲੀਨਿਕ ਨੈੱਟਵਰਕ ਰਾਹੀਂ ਵੀ ਦਿਖਾਈ ਦਿੰਦੀ ਹੈ, ਜਿਸ ਤਹਿਤ ਨਵੀਆਂ ਰਜਿਸਟ੍ਰੇਸ਼ਨਾਂ ਸਾਲ 2024 ਵਿੱਚ 13,033 ਤੋਂ ਵਧ ਕੇ ਸਾਲ 2025 ਵਿੱਚ 17,702 ਹੋ ਗਈਆਂ, ਜਦਕਿ ਇਸ ਸਾਲ ਅਗਸਤ ਤੱਕ 12,500 ਤੋਂ ਵੱਧ ਨਵੇਂ ਮਰੀਜ਼ ਰਜਿਟਰਡ ਹੋ ਚੁੱਕੇ ਹਨ।

ਇਹ ਅੰਕੜੇ ਇੱਕ ਅਜਿਹੇ ਵਿਆਪਕ ਇਲਾਜ ਢਾਂਚੇ ਵੱਲ ਇਸ਼ਾਰਾ ਕਰਦੇ ਹਨ, ਜਿਸ ਵਿੱਚ ਨਸ਼ੀਲੇ ਪਦਾਰਥਾਂ 'ਤੇ ਨਿਰਭਰਤਾ ਨਾਲ ਜੂਝ ਰਹੇ ਲੋਕਾਂ ਲਈ ਮਦਦ ਹਾਸਲ ਕਰਨ ਦੇ ਕਈ ਵਿਕਲਪ—ਨਸ਼ਾ ਛੁਡਾਊ ਕੇਂਦਰਾਂ ਅਤੇ ਮੁੜ ਵਸੇਬਾ ਸਹੂਲਤਾਂ ਤੋਂ ਲੈ ਕੇ ਆਊਟਪੇਸ਼ੈਂਟ ਇਲਾਜ ਤੱਕ ਵੱਖ-ਵੱਖ ਸੁਵਿਧਾਵਾਂ ਉਪਲੱਬਧ ਹਨ।

ਸੂਬਾ ਸਰਕਾਰ ਨੇ ਕਾਨੂੰਨ ਤਹਿਤ ਉਪਲੱਬਧ ਰੀਹੈਬਲੀਟੇਸ਼ਨ ਵਿਵਸਥਾਵਾਂ ਦੀ ਵੀ ਢੁਕਵੀਂ ਵਰਤੋਂ ਕੀਤੀ ਹੈ। 27 ਅਗਸਤ 2026 ਤੱਕ 11,000 ਤੋਂ ਵੱਧ ਵਿਅਕਤੀਆਂ ਨੂੰ ਐਨਡੀਪੀਐਸ ਐਕਟ ਦੀ ਧਾਰਾ 64ਏ ਤਹਿਤ ਕਾਨੂੰਨੀ ਸੁਰੱਖਿਆ ਪ੍ਰਦਾਨ ਕੀਤੀ ਜਾ ਚੁੱਕੀ ਹੈ। ਇਸ ਐਕਟ ਤਹਿਤ ਨਸ਼ੇ ਦੀ ਲਤ ਤੋਂ ਪੀੜਤ ਜਾਂ ਨਸ਼ੀਲੇ ਪਦਾਰਥਾਂ ਦੇ ਸੇਵਨ ਦੇ ਦੋਸ਼ਾਂ ਵਿੱਚ ਨਾਮਜ਼ਦ ਵਿਅਕਤੀਆਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਦਾ ਉਪਬੰਧ ਹੈ।

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, ਪੰਜਾਬ ਲਈ, ਦਾਖ਼ਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਇਹ ਤੇਜ਼ ਵਾਧਾ, ਇਸ ਪਹਿਲਕਦਮੀ ਦੇ ਸਭ ਤੋਂ ਉਤਸ਼ਾਹਜਨਕ ਨਤੀਜਿਆਂ ਵਿੱਚੋਂ ਇੱਕ ਸਾਬਤ ਹੋ ਰਿਹਾ ਹੈ: ਲੋਕ ਲਗਾਤਾਰ ਅੱਗੇ ਆ ਰਹੇ ਹਨ, ਪਰਿਵਾਰ ਸੰਸਥਾਗਤ ਸਹਾਇਤਾ ਦੀ ਮੰਗ ਕਰ ਰਹੇ ਹਨ ਅਤੇ ਸੂਬੇ ਦਾ ਇਲਾਜ ਨੈੱਟਵਰਕ ਉਨ੍ਹਾਂ ਲੋਕਾਂ ਤੱਕ ਪਹੁੰਚ ਰਿਹਾ ਹੈ, ਜੋ ਖ਼ੁਦ ਇਲਾਜ ਲਈ ਚੱਲ ਕੇ ਆਉਣ ਤੋਂ ਅਸਮਰੱਥ ਹਨ।

ਉਨ੍ਹਾਂ ਕਿਹਾ, 'ਯੁੱਧ ਨਸ਼ਿਆਂ ਵਿਰੁੱਧ' ਤਿੰਨ ਥੰਮ੍ਹਾਂ 'ਤੇ ਆਧਾਰਿਤ ਹੈ—ਤਸਕਰਾਂ ਵਿਰੁੱਧ ਸਖ਼ਤ ਕਾਰਵਾਈ, ਪ੍ਰਭਾਵਿਤ ਲੋਕਾਂ ਲਈ ਇਲਾਜ ਅਤੇ ਮੁੜ ਵਸੇਬਾ ਅਤੇ ਸਾਡੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਰੋਕਥਾਮ, ਤਾਂ ਜੋ ਨਸ਼ੇ ਉਨ੍ਹਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਇਸ ਨੂੰ ਰੋਕਿਆ ਜਾ ਸਕੇ।

ਇਲਾਜ ਅਤੇ ਮੁੜ ਵਸੇਬੇ ਰਾਹੀਂ ਸਾਡਾ ਯਤਨ ਪੀੜਤਾਂ ਨੂੰ ਨਸ਼ਿਆਂ ਦੀ ਗ੍ਰਿਫ਼ਤ 'ਚੋਂ ਬਾਹਰ ਕੱਢਣਾ, ਪਰਿਵਾਰਾਂ ਨੂੰ ਆਪਸ ਵਿੱਚ ਜੋੜਨਾ ਅਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਨਾਲ ਜੂਝ ਰਹੇ ਲੋਕਾਂ ਨੂੰ ਸਿਹਤਯਾਬੀ ਵੱਲ ਇੱਕ ਉਸਾਰੂ ਰਾਹ ਪ੍ਰਦਾਨ ਕਰਨਾ ਹੈ।

# ਬਾਲ ਭਿੱਖਿਆ ਰੋਕੂ ਟਾਸਕ ਫੋਰਸ ਵਲੋਂ ਛਾਪੇਮਾਰੀ, ਭੀਖ ਮੰਗਦੀ ਇਕ ਬੱਚੀ ਨੂੰ ਛੁਡਵਾਇਆ



**ਜਲੰਧਰ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭੀਖ ਮੰਗਦੇ ਬੱਚਿਆਂ ਨੂੰ ਰੈਸਕਿਊ ਕਰਨ ਲਈ ਅੱਜ ਪ੍ਰਾਜੈਕਟ ਜੀਵਨਜੋਤ-2 'ਸੇਵ ਦਾ ਚਾਈਲਡਹੁੱਡ' ਤਹਿਤ ਬਾਲ ਭਿੱਖਿਆ ਰੋਕੂ ਟਾਸਕ ਫੋਰਸ ਦੀ ਟੀਮ, ਜਿਸ ਵਿੱਚ ਲੀਗਲ-ਕਮ-ਪ੍ਰੋਬੇਸ਼ਨ ਅਫ਼ਸਰ ਸੰਦੀਪ ਕੁਮਾਰ, ਸੋਸ਼ਲ ਵਰਕਰ ਰੇਨੂੰ ਬਾਲਾ, ਆਊਟਰੀਚ ਵਰਕਰ ਗੌਰਵ ਅਤੇ ਸੁਪਰਵਾਈਜ਼ਰ ਚਾਈਡਲਾਈਨ ਬੱਬਲਜੀਤ ਸ਼ਾਮਿਲ ਸਨ, ਵੱਲੋਂ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਅਤੇ ਇਸ ਦੌਰਾਨ ਕਪੂਰਥਲਾ ਚੌਂਕ ਤੋਂ ਭੀਖ ਮੰਗਦੀ ਬੱਚੀ ਨੂੰ ਛੁਡਵਾਇਆ ਗਿਆ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਲੀਗਲ-ਕਮ-ਪ੍ਰੋਬੇਸ਼ਨ ਅਫ਼ਸਰ ਸੰਦੀਪ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਲਬਹਾਰ ਸਿੰਘ ਅਤੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਜੈ ਭਾਰਤੀ ਦੀਆਂ ਹਦਾਇਤਾਂ ??'ਤੇ ਕੀਤੀ ਗਈ ਛਾਪੇਮਾਰੀ ਦੌਰਾਨ ਰੈਸਕਿਊ ਕੀਤੀ ਬੱਚੀ ਨੂੰ ਡੀ.ਡੀ.ਆਰ. ਕਰਵਾ ਕੇ ਬਾਲ ਭਲਾਈ ਕਮੇਟੀ, ਜਲੰਧਰ ਵਿਖੇ ਪੇਸ਼ ਕੀਤਾ ਗਿਆ, ਜਿਸ ਉਪਰੰਤ ਉਸਨੂੰ ਬਾਲ ਭਲਾਈ ਕਮੇਟੀ ਵੱਲੋਂ ਚਿਲਡਰਨ ਹੋਮ ਫਾਰ ਗਰਲਜ਼ ਵਿਖੇ ਭੇਜ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਟੀਮਾਂ ਵਲੋਂ ਆਮ ਲੋਕਾਂ ਨੂੰ ਬੱਚਿਆਂ ਦੇ ਅਧਿਕਾਰਾਂ, ਸਿੱਖਿਆ ਦੀ ਮਹੱਤਤਾ ਅਤੇ ਬੱਚਿਆਂ ਨਾਲ ਹੋ ਰਹੇ ਅਪਰਾਧਾਂ, ਬਾਲ ਮਜ਼ਦੂਰੀ, ਬਾਲ ਭਿੱਖਿਆ, ਬੱਚਿਆਂ ਨਾਲ ਛੇੜਛਾੜ ਅਤੇ ਜਿਣਸੀ ਸ਼ੋਸ਼ਣ ਵਰਗੀਆਂ ਬੁਰਾਈਆਂ ਬਾਰੇ ਵੀ ਜਾਗਰੂਕ ਕੀਤਾ ਜਾਂਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇ ਕਿਸੇ ਨੂੰ ਬਾਲ ਭਿੱਖਿਆ, ਕਿਸੇ ਵੀ ਮੁਸੀਬਤ ਵਿੱਚ ਫਸੇ ਬੱਚੇ ਬਾਰੇ ਜਾਣਕਾਰੀ ਮਿਲੇ, ਤਾਂ ਤੁਰੰਤ ਚਾਈਲਡ ਹੈਲਪਲਾਈਨ ਨੰਬਰ 1098 'ਤੇ ਜਾਂ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨੂੰ, ਦਫਤਰ, ਜ਼ਿਲ੍ਹਾ ਪ੍ਰੋਗਰਾਮ ਅਫਸਰ ਗਾਂਧੀ ਵਨੀਤਾ ਆਸ਼ਰਮ ਵਿਖੇ ਤਾਲਮੇਲ ਕਰਕੇ ਜਾਣਕਾਰੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਰੈਸਕਿਊ ਕੀਤੀ ਬੱਚੀ ਦੀ ਪੜ੍ਹਾਈ ਅਤੇ ਮੁੜ ਵਸੇਬੇ ਲਈ ਉਪਰਾਲੇ ਕੀਤੇ ਜਾਣਗੇ।

# ਖੇਡਾਂ ਵਤਨ ਪੰਜਾਬ ਦੀਆਂ: ਪੀਆਰਟੀਸੀ ਚੇਅਰਮੈਨ ਹਰਪਾਲ ਜੁਨੇਜਾ ਨੇ ਖਿਡਾਰੀਆਂ ਦੀ ਕੀਤੀ ਹੌਸਲਾ-ਅਫ਼ਜ਼ਾਈ



**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਡਾਂ ਵਤਨ ਪੰਜਾਬ ਦੀਆਂ ਦੇ ਦੂਜੇ ਦਿਨ ਪੋਲੋ ਗਰਾਊਂਡ ਵਿਖੇ ਕਰਵਾਏ ਜਾ ਰਹੇ ਖੇਡ ਮੁਕਾਬਲਿਆਂ ਵਿੱਚ ਪੀਆਰਟੀਸੀ ਦੇ ਚੇਅਰਮੈਨ ਸ਼੍ਰੀ ਹਰਪਾਲ ਜੁਨੇਜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਖਿਡਾਰੀਆਂ ਦੀ ਹੌਸਲਾ-ਅਫ਼ਜ਼ਾਈ ਕੀਤੀ।

ਇਸ ਮੌਕੇ ਉਨ੍ਹਾਂ ਨੇ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਰਹੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਕਿਹਾ ਕਿ ਖੇਡਾਂ ਨੌਜਵਾਨਾਂ ਨੂੰ ਤੰਦਰੁਸਤ ਰੱਖਣ ਦੇ ਨਾਲ-ਨਾਲ ਉਨ੍ਹਾਂ ਵਿੱਚ ਅਨੁਸ਼ਾਸਨ, ਮਿਹਨਤ ਅਤੇ ਟੀਮ ਭਾਵਨਾ ਪੈਦਾ ਕਰਦੀਆਂ ਹਨ।


ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ।

ਚੇਅਰਮੈਨ ਹਰਪਾਲ ਜੁਨੇਜਾ ਨੇ ਖਿਡਾਰੀਆਂ ਨੂੰ ਪੂਰੇ ਉਤਸ਼ਾਹ ਅਤੇ ਖੇਡ ਭਾਵਨਾ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ ਅਜਿਹੇ ਖੇਡ ਸਮਾਗਮ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਉਨ੍ਹਾਂ ਦੀ ਊਰਜਾ ਨੂੰ ਉਸਾਰੂ ਦਿਸ਼ਾ ਵੱਲ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਇਸ ਦੌਰਾਨ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵਿੱਚ ਵੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਸ਼੍ਰੀ ਜੁਨੇਜਾ ਨੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

# ਸਿਵਲ ਵੈਟਰਨਰੀ ਹਸਪਤਾਲ ਤਲ੍ਹਣ ਵਿਖੇ ਪਸ਼ੂ ਭਲਾਈ ਕੈਂਪ ਲਗਾਇਆ; ਪਸ਼ੂਆਂ ਦੀਆਂ ਬਿਮਾਰੀਆਂ, ਰੋਕਥਾਮ, ਸਮੇਂ ਸਿਰ ਟੀਕਾਕਰਨ, ਸੰਭਾਲ ਤੇ ਸੰਤੁਲਿਤ ਖ਼ੁਰਾਕ ਬਾਰੇ ਕੀਤਾ ਜਾਗਰੂਕ



**ਜਲੰਧਰ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਸ਼ੂ ਪਾਲਕਾਂ ਨੂੰ ਪਸ਼ੂਆਂ ਦੀ ਸਿਹਤ ਸੰਭਾਲ, ਪਸ਼ੂ ਭਲਾਈ, ਰੋਗਾਂ ਦੀ ਰੋਕਥਾਮ ਅਤੇ ਸਰਕਾਰ ਵੱਲੋਂ ਪਸ਼ੂ ਪਾਲਕਾਂ ਦੀ ਭਲਾਈ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਸਿਵਲ ਵੈਟਰਨਰੀ ਹਸਪਤਾਲ ਤਲ੍ਹਣ ਵਿਖੇ ਪਸ਼ੂ ਭਲਾਈ ਅਤੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।

ਕੈਂਪ ਦੌਰਾਨ ਪਸ਼ੂ ਪਾਲਕਾਂ ਨੂੰ ਪਸ਼ੂਆਂ ਦੀਆਂ ਵੱਖ-ਵੱਖ ਬਿਮਾਰੀਆਂ ਦੀ ਪਛਾਣ, ਰੋਕਥਾਮ, ਸਮੇਂ ਸਿਰ ਟੀਕਾਕਰਨ, ਸਫ਼ਾਈ ਤੇ ਸੰਭਾਲ, ਸੰਤੁਲਿਤ ਖੁਰਾਕ ਅਤੇ ਵਿਗਿਆਨਕ ਢੰਗ ਨਾਲ ਪਸ਼ੂ ਪਾਲਣ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਪਸ਼ੂ ਪਾਲਕਾਂ ਨੂੰ ਪਸ਼ੂ ਵਿੱਚ ਬਿਮਾਰੀ ਦੇ ਲੱਛਣ ਦਿਖਾਈ ਦੇਣ 'ਤੇ ਆਪਣੇ ਪੱਧਰ 'ਤੇ ਇਲਾਜ ਕਰਨ ਦੀ ਬਜਾਏ ਤੁਰੰਤ ਸਰਕਾਰੀ ਵੈਟਰਨਰੀ ਹਸਪਤਾਲ ਜਾਂ ਵੈਟਰਨਰੀ ਅਧਿਕਾਰੀ ਨਾਲ ਸੰਪਰਕ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਵਿਭਾਗੀ ਅਧਿਕਾਰੀਆਂ ਨੇ ਪਸ਼ੂ ਪਾਲਕਾਂ ਨੂੰ ਪਸ਼ੂਪਾਲਣ ਨੂੰ ਆਮਦਨ ਦਾ ਮਜ਼ਬੂਤ ਸਰੋਤ ਬਣਾਉਣ, ਪਸ਼ੂਆਂ ਦੀ ਉਤਪਾਦਕਤਾ ਵਧਾਉਣ ਅਤੇ ਪਸ਼ੂ ਭਲਾਈ ਦੇ ਮਿਆਰਾਂ ਨੂੰ ਯਕੀਨੀ ਬਣਾਉਣ ਲਈ ਵਿਗਿਆਨਕ ਪਸ਼ੂ ਪਾਲਣ ਤਕਨੀਕਾਂ ਅਪਣਾਉਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਪਸ਼ੂ ਪਾਲਕਾਂ ਨੂੰ ਸਰਕਾਰੀ ਪੱਧਰ 'ਤੇ ਉਪਲਬਧ ਸਿਹਤ ਸੇਵਾਵਾਂ, ਟੀਕਾਕਰਨ ਅਤੇ ਵੱਖ-ਵੱਖ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਉਤਸ਼ਾਹਿਤ ਕੀਤਾ ਗਿਆ।

ਇਸ ਮੌਕੇ ਡਿਪਟੀ ਡਾਇਰੈਕਟਰ ਡਾ. ਰਾਮ ਮੂਰਤੀ ਨੇ ਕਿਹਾ ਕਿ ਪਸ਼ੂਆਂ ਦੀ ਸਿਹਤ ਸਿੱਧੇ ਤੌਰ 'ਤੇ ਪਸ਼ੂ ਪਾਲਕਾਂ ਦੀ ਆਮਦਨ ਅਤੇ ਪਰਿਵਾਰ ਦੀ ਆਰਥਿਕ ਖ਼ੁਸ਼ਹਾਲੀ ਨਾਲ ਜੁੜੀ ਹੋਈ ਹੈ। ਇਸ ਲਈ ਪਸ਼ੂ ਪਾਲਕਾਂ ਨੂੰ ਰੋਗਾਂ ਦੀ ਰੋਕਥਾਮ, ਟੀਕਾਕਰਨ ਅਤੇ ਸਮੇਂ ਸਿਰ ਇਲਾਜ ਪ੍ਰਤੀ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਪਸ਼ੂ ਪਾਲਕਾਂ ਨੂੰ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਵੈਟਰਨਰੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ। ਕੈਂਪ ਵਿੱਚ ਸਹਾਇਕ ਡਾਇਰੈਕਟਰ ਡਾ. ਕੁਲਵਿੰਦਰ, ਸੀਨੀਅਰ ਵੈਟਰਨਰੀ ਅਫ਼ਸਰ ਡਾ. ਜਸਬੀਰ, ਵੈਟਰਨਰੀ ਅਫ਼ਸਰ ਸਿਵਲ ਵੈਟਰਨਰੀ ਹਸਪਤਾਲ ਤਲ੍ਹਣ ਡਾ. ਭਾਰਤੀ ਰਾਜ, ਵੈਟਰਨਰੀ ਅਫ਼ਸਰ ਡਾ. ਸੁਮਿਤ ਅਤੇ ਸਰਪੰਚ ਗ੍ਰਾਮ ਪੰਚਾਇਤ ਤਲ੍ਹਣ ਹੰਸ ਰਾਜ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਸ਼ਿਵ ਸੈਨਾ ਹਿੰਦੁਸਤਾਨ ਨੇ ਪਟਿਆਲਾ ਵਿੱਚ ਆਪਣੇ ਸੰਗਠਨ ਦਾ ਵਿਸਥਾਰ



**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਨੇ ਪਟਿਆਲਾ ਵਿੱਚ ਆਪਣੇ ਸੰਗਠਨ ਦਾ ਵਿਸਥਾਰ ਕੀਤਾ, ਪਟਿਆਲਾ ਦੀਆਂ ਸਾਰੀਆਂ ਕਲੋਨੀਆਂ ਵਿੱਚ ਇੱਕ ਮੁਹਿੰਮ ਸ਼ੁਰੂ ਕੀਤੀ। ਦਰਸ਼ਨ ਸਿੰਘ ਨਗਰ ਇਕਾਈ ਦੇ ਗਠਨ ਦਾ ਐਲਾਨ ਇਸ ਪ੍ਰਕਾਰ ਕੀਤਾ ਗਿਆ:

1) ਸ਼੍ਰੀ ਅਨੁਜ ਚਤੁਰਵੇਦੀ, ਚੇਅਰਮੈਨ, ਸ਼ਿਵ ਸੈਨਾ ਹਿੰਦੁਸਤਾਨ, ਦਰਸ਼ਨ ਸਿੰਘ ਨਗਰ ਇਕਾਈ
2) ਸ਼੍ਰੀ ਸ਼ਿਆਮ ਸੁੰਦਰ, ਪ੍ਰਧਾਨ, ਸ਼ਿਵ ਸੈਨਾ ਹਿੰਦੁਸਤਾਨ, ਦਰਸ਼ਨ ਸਿੰਘ ਨਗਰ ਇਕਾਈ
3) ਸ਼੍ਰੀ ਕਮਲਜੀਤ ਸਿੰਘ ਫੌਜੀ, ਉਪ ਪ੍ਰਧਾਨ, ਦਰਸ਼ਨ ਸਿੰਘ ਨਗਰ ਸ਼ਿਵ ਸੈਨਾ ਹਿੰਦੁਸਤਾਨ
4) ਸ਼੍ਰੀ ਰਮੇਸ਼ ਕੁਮਾਰ ਸੋਨੂੰ, ਜਨਰਲ ਸਕੱਤਰ, ਸ਼ਿਵ ਸੈਨਾ ਹਿੰਦੁਸਤਾਨ, ਦਰਸ਼ਨ ਸਿੰਘ ਨਗਰ ਇਕਾਈ
5) ਸ਼੍ਰੀ ਜੈਸ਼ੰਕਰ, ਸਕੱਤਰ, ਸ਼ਿਵ ਸੈਨਾ ਹਿੰਦੁਸਤਾਨ, ਦਰਸ਼ਨ ਸਿੰਘ ਨਗਰ ਇਕਾਈ

ਇਹਨਾਂ ਸਾਰਿਆਂ ਨੂੰ ਅੱਜ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ, ਸ਼੍ਰੀ ਪਵਨ ਗੁਪਤਾ ਦੀ ਅਗਵਾਈ ਹੇਠ ਪਟਿਆਲਾ ਵਿੱਚ ਦਰਸ਼ਨ ਸਿੰਘ ਨਗਰ ਮੀਟਿੰਗ ਵਿੱਚ ਨਿਯੁਕਤ ਕੀਤਾ ਗਿਆ। ਇਹ ਅਧਿਕਾਰੀ ਬਾਕੀ ਕਲੋਨੀਆਂ ਲਈ ਸ਼ਿਵ ਸੈਨਾ ਹਿੰਦੁਸਤਾਨ ਦੇ ਅਧਿਕਾਰੀਆਂ ਦੀ ਨਿਯੁਕਤੀ ਵਿੱਚ ਸਹਾਇਤਾ ਕਰਨਗੇ।

# ਗੁਰੂਕੁਲ ਗਲੋਬਲ ਕਰੇਜ਼ਾਂ ਸਕੂਲ ਵਿੱਚ ਉਤਸ਼ਾਹ ਨਾਲ ਮਨਾਇਆ ਅਧਿਆਪਕ ਦਿਵਸ



**ਪਾਤੜਾਂ, 13 ਸਤੰਬਰ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂਕੁਲ ਗਲੋਬਲ ਕਰੇਜ਼ਾਂ ਸਕੂਲ ਵਿਖੇ ਅਧਿਆਪਕ ਦਿਵਸ ਬੜੇ ਉਤਸ਼ਾਹ, ਸਤਿਕਾਰ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਚੇਅਰਮੈਨ ਸ਼ਮਸ਼ੇਰ ਸਿੰਘ ਹੁੰਦਲ ਅਤੇ ਮੈਡਮ ਅਮਨਦੀਪ ਕੌਰ ਹੁੰਦਲ ਨੇ ਸਕੂਲ ਦੇ ਸਮੂਹ ਅਧਿਆਪਕਾਂ ਸਮੇਤ ਦੇਸ਼ ਭਰ ਦੇ ਅਧਿਆਪਕ ਵਰਗ ਨੂੰ ਅਧਿਆਪਕ ਦਿਵਸ ਦੀ ਦਿਲੋਂ ਵਧਾਈ ਦਿੱਤੀ। ਚੇਅਰਮੈਨ ਸ਼ਮਸ਼ੇਰ ਸਿੰਘ ਹੁੰਦਲ ਨੇ ਕਿਹਾ ਕਿ ਅਧਿਆਪਕ ਵਿਦਿਆਰਥੀਆਂ ਦੇ ਜੀਵਨ ਵਿੱਚ ਸੱਚੇ ਮਾਰਗਦਰਸ਼ਕ ਅਤੇ ਰੋਲ ਮਾਡਲ ਦੀ ਅਹਿਮ ਭੂਮਿਕਾ ਨਿਭਾਉਂਦੇ ਹਨ। ਅਧਿਆਪਕਾਂ ਦਾ ਨਿਸ਼ਕਾਮ ਮਾਰਗਦਰਸ਼ਨ ਹੀ ਬੱਚਿਆਂ ਦੇ ਉੱਜਵਲ ਭਵਿੱਖ ਦੀ ਮਜ਼ਬੂਤ ਨੀਂਹ ਰੱਖਦਾ ਹੈ। ਉਨ੍ਹਾਂ ਕਿਹਾ ਕਿ ਅਧਿਆਪਕ ਸਿਰਫ਼ ਗਿਆਨ ਹੀ ਨਹੀਂ ਦਿੰਦੇ, ਸਗੋਂ ਵਿਦਿਆਰਥੀਆਂ ਨੂੰ ਚੰਗੇ ਇਨਸਾਨ ਬਣਨ ਲਈ ਵੀ ਪ੍ਰੇਰਿਤ ਕਰਦੇ ਹਨ।

**ਪ੍ਰਿੰਸੀਪਲ ਦੇ ਪ੍ਰੇਰਣਾਦਾਇਕ ਸੰਬੋਧਨ ਨੇ ਭਰਿਆ ਨਵਾਂ ਜੋਸ਼** ਸਮਾਗਮ ਦੌਰਾਨ ਸਕੂਲ ਦੇ ਪ੍ਰਿੰਸੀਪਲ ਨੇ ਜੋਸ਼ੀਲਾ ਅਤੇ ਪ੍ਰੇਰਣਾਦਾਇਕ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਅਧਿਆਪਕਾਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਵੱਲੋਂ ਦਿਖਾਏ ਸਹੀ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੇ ਸੰਬੋਧਨ ਨੇ ਵਿਦਿਆਰਥੀਆਂ ਵਿੱਚ ਨਵਾਂ ਉਤਸ਼ਾਹ ਭਰਿਆ।

**ਸ੍ਰੀਮਤੀ ਪੂਜਾ ਰਾਣੀ ਨੂੰ 'ਬੈਸਟ ਟੀਚਰ ਆਫ਼ ਦ ਸਕੂਲ' ਐਵਾਰਡ**

ਅਧਿਆਪਕ ਦਿਵਸ ਸਮਾਗਮ ਦੀ ਖਾਸ ਉਪਲਬਧੀ ਉਸ ਸਮੇਂ ਸਾਹਮਣੇ ਆਈ ਜਦੋਂ ਸਕੂਲ ਦੀ ਅਧਿਆਪਕਾ ਸ੍ਰੀਮਤੀ ਪੂਜਾ ਰਾਣੀ ਨੂੰ ਰੋਟਰੀ ਕਲੱਬ ਆਫ਼ ਪਾਤੜਾਂ ਵੱਲੋਂ 'ਬੈਸਟ ਟੀਚਰ ਆਫ਼ ਦ ਸਕੂਲ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਸ਼ਮਸ਼ੇਰ ਸਿੰਘ ਹੁੰਦਲ ਨੇ ਸ੍ਰੀਮਤੀ ਪੂਜਾ ਰਾਣੀ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

**ਵਿਦਿਆਰਥੀਆਂ ਨੇ ਅਧਿਆਪਕਾਂ ਪ੍ਰਤੀ ਪ੍ਰਗਟਾਇਆ ਆਭਾਰ**

ਸਮਾਰੋਹ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਭਾਸ਼ਣਾਂ ਰਾਹੀਂ ਆਪਣੇ ਪਸੰਦੀਦਾ ਅਧਿਆਪਕਾਂ ਪ੍ਰਤੀ ਡੂੰਘਾ ਆਭਾਰ ਅਤੇ ਸਤਿਕਾਰ ਪ੍ਰਗਟ ਕੀਤਾ। ਇਸੇ ਦੌਰਾਨ ਅਧਿਆਪਕਾਂ ਨੇ ਵੀ ਆਪਣੇ ਸੰਬੋਧਨਾਂ ਵਿੱਚ ਆਪਣੇ ਗੁਰੂਆਂ ਨੂੰ ਯਾਦ ਕਰਦਿਆਂ ਉਨ੍ਹਾਂ ਵੱਲੋਂ ਦਿਖਾਏ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਸਾਂਝੀ ਕੀਤੀ। ਅਧਿਆਪਕਾਂ ਦੇ ਸਨਮਾਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਨਾਲ ਪ੍ਰੋਗਰਾਮ ਯਾਦਗਾਰੀ ਬਣ ਗਿਆ। ਸਮਾਗਮ ਦਾ ਸਮਾਪਨ ਵਿਸ਼ੇਸ਼ ਸਨਮਾਨ ਸਮਾਰੋਹ ਨਾਲ ਕੀਤਾ ਗਿਆ, ਜਿਸ ਦੌਰਾਨ ਅਧਿਆਪਕਾਂ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।

# 12 ਸਤੰਬਰ ਨੂੰ ਸ਼ਿਵਾ ਪੈਲਸ ਮਾਛੀਵਾੜਾ ਵਿੱਚ ਹੋਵੇਗਾ ਸੂਫੀ ਸੰਤ ਸੰਮੇਲਨ

**ਮਾਛੀਵਾੜਾ ਸਾਹਿਬ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਫੀ ਸੰਤ ਸਮਾਜ ਭਲਾਈ ਬੋਰਡ ਪੰਜਾਬ ਸਰਕਾਰ ਅਤੇ ਸੂਫੀ ਸੰਤ ਸਮਾਜ ਮਿਸ਼ਨ ਪੰਜਾਬ ਵੱਲੋਂ 12 ਸਤੰਬਰ ਨੂੰ ਮਾਛੀਵਾੜਾ ਸਾਹਿਬ ਵਿਖੇ ਸੂਫੀ ਸੰਤ ਸੰਮੇਲਨ ਕਰਵਾਇਆ ਜਾ ਰਿਹਾ ਹੈ, ਜਿਸ ਸੰਬੰਧੀ ਜਾਣਕਾਰੀ ਦਿੰਦਿਆਂ ਬਾਬਾ ਸੁਖਦੇਵ ਸਿੰਘ ਈਸਾਪੁਰ ਵਾਲਿਆਂ ਨੇ ਦੱਸਿਆ ਕਿ 12 ਸਤੰਬਰ ਦਿਨ ਸ਼ਨੀਵਾਰ ਨੂੰ ਸਮਰਾਲਾ ਰੋਡ ਮਾਛੀਵਾੜਾ ਸਾਹਿਬ ਦੇ ਸਿਵਾ ਪੈਲਸ ਵਿੱਚ ਸੋਫੀ ਸੰਤ ਸਮਾਜ ਭਲਾਈ ਬੋਰਡ ਪੰਜਾਬ ਸਰਕਾਰ ਅਤੇ ਸੂਫੀ ਸੰਤ ਸਮਾਜ ਮਿਸ਼ਨ ਪੰਜਾਬ ਵੱਲੋਂ ਵਿਸ਼ਾਲ ਸੂਫੀ ਸੰਤ ਸੰਮੇਲਨ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਵੱਡੇ ਪੱਧਰ ਤੇ ਸੂਫੀ ਸੰਤ ਸਮਾਜ ਦੀਆਂ ਫ਼ਕੀਰ ਸ਼ਖਸ਼ੀਅਤਾਂ ਪੁੱਜ ਰਹੀਆਂ ਹਨ। ਜਿਸ ਵਿੱਚ ਮੁੱਖ ਤੌਰ ਤੇ ਸੂਫੀ ਸੰਤ ਸਮਾਜ ਭਲਾਈ ਬੋਰਡ ਪੰਜਾਬ ਚੇਅਰਮੈਨ ਬਾਬਾ ਦੀਪਕ ਸ਼ਾਹ, ਬਾਬਾ ਪਰਮਜੀਤ ਸਿੰਘ ਦੁਆਬਾ ਜੋਨ ਜਨਰਲ ਸਕੱਤਰ, ਬਾਬਾ ਪਰਮਿੰਦਰ ਸਿੰਘ ਸਰਹਾਲੀ, ਬਾਬਾ ਸੰਜੀਵ ਸ਼ਾਹ, ਸਾਈ ਕ੍ਰਿਸ਼ਨ ਲਾਲ ,ਬਾਬਾ ਅਮਰਜੀਤ ਸਿੰਘ, ਰੀਨਾ ਦੇਵਾ ਜੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕਰਨਗੇ।

# ਸਵਾਮੀ ਸ਼ਿਵਾਨੰਦਾ ਸਕੂਲ ਦੀ ਵਿਦਿਆਰਥਣ ਸ਼ਿਵਾਲੀ ਨੂੰ MBBS ਵਿੱਚ ਮਿਲਿਆ ਦਾਖਲਾ



**ਮੋਰਿੰਡਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵਾਮੀ ਸ਼ਿਵਾਨੰਦਾ ਸਰਵਹਿੱਤਕਾਰੀ ਸੀ ਸੈ ਸਕੂਲ ਦੀ ਵਿਦਿਆਰਥਣ ਸ਼ਿਵਾਲੀ ਨੂੰ ਨੀਟ ਦੀ ਪ੍ਰੀਖਿਆ ਪਾਸ ਕਰਨ ਮਗਰੋਂ ਡਾ ਅੰਬੇਡਕਰ ਇੰਸੀਚਿਊਟ ਆਫ਼ ਮੈਡੀਕਲ ਸਾਇੰਸ ਮੋਹਾਲੀ ਕਾਲਜ ਵਿੱਚ ਐਮ ਬੀ ਬੀ ਐਸ ਵਿੱਚ ਦਾਖਲਾ ਮਿਲ ਗਿਆ ਹੈ।ਅੱਜ ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ ਨੇ ਸ਼ਿਵਾਲੀ ਨੂੰ ਸਨਮਾਨਿਤ ਕੀਤਾ।

ਪ੍ਰਿੰਸੀਪਲ ਸ੍ਰੀ ਰਾਜੇਸ਼ ਕੁਮਾਰ ਨੇ ਸ਼ਿਵਾਲੀ ਦੇ ਮਾਤਾ ਪਿਤਾ ਅਤੇ ਸਮੁੱਚੇ ਸਟਾਫ ਨੂੰ ਵਧਾਈ ਦਿੱਤੀ। ਸ਼ਿਵਾਲੀ ਦੇ ਪਿਤਾ ਸ ਗੁਰਿੰਦਰ ਸਿੰਘ ਅਤੇ ਮਾਤਾ ਜਸਵਿੰਦਰ ਕੌਰ ਨੇ ਸਾਰੇ ਅਧਿਆਪਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਧਿਆਪਕਾਂ ਦੀ ਅਣਥੱਕ ਮਿਹਨਤ ਸਦਕਾ ਹੀ ਅੱਜ ਸਾਡੀ ਬੱਚੀ ਇਸ ਮੁਕਾਮ ਤੇ ਪਹੁੰਚੀ ਹੈ। ਇਸ ਮੌਕੇ ਤੇ ਲਕਸ਼ਮਣ ਰਾਵਤ, ਸੁਖਵੀਰ ਸਿੰਘ,ਸੁਖਵਿੰਦਰ ਸਿੰਘ,ਰਾਕੇਸ਼ ਭੋਲਾ ,ਸੰਜਨਾ ਕੱਕੜ, ਸੁਮਨ,ਰਾਮ ਕੁਮਾਰ,ਸੰਦੀਪ,ਰੇਨੂੰ,ਪੰਕਜ, ਕੁਲਵਿੰਦਰ ਕੌਰ,ਕੁਲਵੰਤ ਕੌਰ ਆਦਿ ਹਾਜਿਰ ਸਨ।

# ਖੇਡਾਂ ਵਤਨ ਪੰਜਾਬ ਦੀਆਂ-2026: ਪਟਿਆਲਾ ਦੇ ਚਾਰ ਬਲਾਕਾਂ ਵਿੱਚ ਬਲਾਕ ਪੱਧਰੀ ਖੇਡਾਂ ਦਾ ਦੂਜਾ ਦਿਨ ਉਤਸ਼ਾਹ ਨਾਲ ਸੰਪੰਨ



**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਦੂਸਰੇ ਦਿਨ ਦੀਆਂ ਬਲਾਕ ਪੱਧਰੀ ਖੇਡਾਂ ਕਰਵਾਈਆਂ ਗਈਆਂ। ਦੂਸਰੇ ਦਿਨ, ਪਟਿਆਲਾ ਦੇ ਚਾਰ ਬਲਾਕਾਂ ਪਟਿਆਲਾ ਸ਼ਹਿਰੀ, ਪਟਿਆਲਾ ਦਿਹਾਤੀ, ਰਾਜਪੁਰਾ ਅਤੇ ਨਾਭਾ ਵਿਖੇ ਬਲਾਕ ਪੱਧਰੀ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਜਿਹਨਾਂ ਵਿੱਚ ਵੱਖ-ਵੱਖ ਉਮਰ ਵਰਗ ਵਿੱਚ ਐਥਲੈਟਿਕਸ, ਫੁੱਟਬਾਲ, ਖੋ-ਖੋ, ਕਬੱਡੀ ਨੈਸ਼ਨਲ ਸਟਾਇਲ, ਕਬੱਡੀ ਸਰਕਲ ਸਟਾਇਲ, ਵਾਲੀਬਾਲ ਸ਼ੂਟਿੰਗ ਅਤੇ ਵਾਲੀਬਾਲ ਸਮੈਸ਼ਿੰਗ ਖੇਡਾਂ ਕਰਵਾਈਆਂ ਜਾ ਰਹੀਆਂ ਹਨ।

ਇਹਨਾਂ ਖੇਡਾਂ ਬਾਰੇ ਜਾਣਕਾਰੀ ਦਿੰਦਿਆਂ ਜਿਲ੍ਹਾ ਖੇਡ ਅਫਸਰ, ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਬਲਾਕ ਪੱਧਰੀ ਖੇਡਾਂ ਦੇ ਦੂਸਰੇ ਦਿਨ ਪੋਲੋ ਗਰਾਊਂਡ ਪਟਿਆਲਾ ਵਿਖੇ ਪਟਿਆਲਾ ਸ਼ਹਿਰੀ ਬਲਾਕ ਦੀਆਂ ਹੋ ਰਹੀਆਂ ਖੇਡਾਂ ਵਿੱਚ ਸ੍ਰੀ ਹਰਪਾਲ ਜੁਨੇਜਾ, ਚੇਅਰਮੈਨ ਪੀ.ਆਰ.ਟੀ.ਸੀ. ਨੇ ਸ਼ਿਰਕਤ ਕੀਤੀ। ਇਸੇ ਤਰ੍ਹਾਂ ਹੀ ਬਲਾਕ ਨਾਭਾ ਵਿਖੇ ਜੱਸੀ ਸੋਹੀਆਂ, ਚੇਅਰਮੈਨ ਨਾਭਾ ਇੰਮਪਰੂਵਮੈਂਟ ਟਰੱਸਟ ਨੇ ਬਲਾਕ ਪੱਧਰੀ ਖੇਡਾਂ ਵਿੱਚ ਪਹੁੰਚ ਕੇ ਖਿਡਾਰੀਆਂ ਨੂੰ ਆਪਣਾ ਆਸ਼ੀਰਵਾਦ ਦਿੱਤਾ।

ਬਲਾਕ ਪਟਿਆਲਾ ਦਿਹਾਤੀ ਉਮਰ ਵਰਗ ਅੰਡਰ -17 ਲੜਕਿਆਂ ਵਿੱਚ ਆਜਾਦ ਫੁੱਟਬਾਲ ਕਲੱਬ ਦੀ ਟੀਮ ਨੇ ਅਕਾਲ ਅਕੈਡਮੀ ਸਕੂਲ ਦੀ ਟੀਮ ਨੂੰ 6/0 ਨਾਲ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਵਾਲੀਬਾਲ ਅੰਡਰ-14 ਲੜਕਿਆਂ ਵਿੱਚ ਨੰਦਪੁਰ ਸੇਖੋਂ ਦੀ ਟੀਮ ਨੇ ਪਹਿਲਾ ਸਥਾਨ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲਿਆਣ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਇਸੇ ਤਰ੍ਹਾਂ ਅੰਡਰ-17 ਲੜਕਿਆਂ ਵਿੱਚ ਨੰਦਪੁਰ ਸੇਖੋਂ ਨੇ ਪਹਿਲਾ ਸਥਾਨ, ਮਲਟੀਪਰਪਜ ਸਕੂਲ ਦੀ ਟੀਮ ਨੇ ਦੂਸਰਾ ਸਥਾਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਟੀਮ ਨੇ ਤੀਸਰਾ ਸਥਾਨ ਅਤੇ ਰੋੜਗੜ੍ਹ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 21-30 ਲੜਕਿਆਂ ਵਿੱਚ ਇਲਾਇਟ ਕਲੱਬ ਨੇ ਪਹਿਲਾ ਸਥਾਨ ਅਤੇ ਫਿਜੀਕਲ ਕਾਲਜ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਬਲਾਕ ਪਟਿਆਲਾ ਸ਼ਹਿਰੀ ਵਾਲੀਬਾਲ ਸਮੈਸ਼ਿੰਗ ਅੰਡਰ-14 ਲੜਕੀਆਂ ਵਿੱਚ ਪਹਿਲਾ ਸਥਾਨ ਕੋਚਿੰਗ ਸੈਂਟਰ ਏ ਪੋਲੋ ਗਰਾਊਂਡ ਨੇ, ਦੂਸਰਾ ਸਥਾਨ ਸਿਵਲ ਲਾਈਨਜ ਸਕੂਲ ਪਟਿਆਲਾ ਨੇ, ਤੀਸਰਾ ਸਥਾਨ ਪੁਰਾਣੀ ਪੁਲਿਸ ਲਾਈਨ ਪਟਿਆਲਾ ਦੀ ਟੀਮ ਨੇ ਅਤੇ ਚੌਥਾ ਸਥਾਨ ਕੋਚਿੰਗ ਸੈਂਟਰ ਬੀ ਪੋਲੋ ਗਰਾਊਂਡ ਪਟਿਆਲਾ ਦੀ ਟੀਮ ਨੇ ਹਾਸਲ ਕੀਤਾ।

ਬਲਾਕ ਨਾਭਾ ਵਿਖੇ ਗੇਮ ਖੋ-ਖੋ ਉਮਰ ਵਰਗ ਅੰਡਰ - 21 ਲੜਕੀਆਂ ਵਿੱਚ ਨਵਨੀਤ ਪਬਲਿਕ ਸਕੂਲ ਨਰਮਾਣਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕਿਆਂ ਵਿੱਚ ਸਾਧੋਹੇੜੀ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਐਥਲੈਟਿਕਸ ਮੈਨ ਅੰਡਰ-21, ਈਵੈਂਟ 1500 ਮੀਟਰ ਵਿੱਚ ਅਕਾਸ਼ਦੀਪ ਸਿੰਘ ਨੇ ਪਹਿਲਾ ਅਤੇ ਸਿਮਰਨਜੀਤ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਅਤੇ ਅੰਡਰ-21 ਲੜਕੀਆਂ ਵਿੱਚ ਗਗਨਪ੍ਰੀਤ ਕੌਰ ਨੇ ਪਹਿਲਾ ਅਤੇ ਸਿਮਰਨ ਕੌਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਲੌਂਗ ਜੰਪ ਅੰਡਰ-21 ਲੜਕਿਆਂ ਵਿੱਚ ਅੰਜਾਮ ਅਲੀ ਨੇ ਪਹਿਲਾ, ਯੁਵਰਾਜ ਸਿੰਘ ਨੇ ਦੂਸਰਾ ਅਤੇ ਅਰਸ਼ਦੀਪ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ 5000 ਮੀਟਰ ਲੜਕੇ ਉਮਰ ਵਰਗ ਅੰਡਰ-21 ਵਿੱਚ ਦਵਿੰਦਰ ਸਿੰਘ ਨੇ ਪਹਿਲਾ, ਗੁਰਸੇਵਕ ਸਿੰਘ ਨੇ ਦੂਸਰਾ ਅਤੇ ਦਲਜੀਤ ਦਾਸ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 400ਮੀਟਰ ਅੰਡਰ-21 ਲੜਕੀਆਂ ਵਿੱਚ ਪਹਿਲਾ ਸਥਾਨ ਜਸ਼ਨਦੀਪ ਕੌਰ ਨੇ, ਦੂਸਰਾ ਸਥਾਨ ਲਵਦੀਪ ਕੌਰ ਨੇ ਪ੍ਰਾਪਤ ਕੀਤਾ।

ਬਲਾਕ ਰਾਜਪੁਰਾ ਐਥਲੈਟਿਕਸ ਉਮਰ ਵਰਗ ਅੰਡਰ - 21, 100 ਮੀਟਰ ਲੜਕਿਆਂ ਵਿੱਚ ਗੁਰਜੋਤ ਸਿੰਘ ਨੇ ਪਹਿਲਾ ਸਥਾਨ, ਰਮੀਜ ਰਾਜਾ ਨੇ ਦੂਸਰਾ ਸਥਾਨ, ਨਮਨ ਅਹੂਜਾ ਨੇ ਤੀਸਰਾ ਸਥਾਨ ਅਤੇ ਤਨਿਕਸ਼ ਨੇ ਕ੍ਰਮਵਾਰ ਚੌਥਾ ਸਥਾਨ ਪ੍ਰਾਪਤ ਕੀਤਾ। ਉਮਰ ਵਰਗ ਅੰਡਰ-17, 800 ਮੀਟਰ ਵਿੱਚ ਲੜਕਿਆਂ ਵਿੱਚ ਪਰਮਿੰਦਰ ਸਿੰਘ ਨੇ ਪਹਿਲਾ, ਦਵਿੰਦਰ ਸਿੰਘ ਨੇ ਦੂਸਰਾ ਅਤੇ ਮਾਨਵ ਕਸੂਰੀਆ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕੀਆਂ ਉਮਰ ਵਰਗ ਅੰਡਰ-20 ਵਿੱਚ ਮਹਿਕ ਦੇਵੀ ਨੇ ਪਹਿਲਾ, ਜਸਪ੍ਰੀਤ ਕੌਰ ਨੇ ਦੂਸਰਾ ਅਤੇ ਸੰਦੀਪ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਬਾਜੀ ਮਾਰੀ।

# ਪ੍ਰਿੰਸੀਪਲ ਵਿਜੈ ਕਪੂਰ ਨੂੰ ਪਟਿਆਲਾ ਪੁੱਜਣ ਤੇ ਸਨਮਾਨਿਤ ਕੀਤਾ



**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ ਦਲਜੀਤ ਸਿੰਘ ਅਤੇ ਬਲਵਿੰਦਰ ਸਿੰਘ ਜੱਸਲ ਜੋਨਲ ਸਕੱਤਰ ਪਟਿਆਲਾ-2 ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਲਟੀਪਰਪਜ਼ ਪਾਸੀ ਰੋਡ ਪਟਿਆਲਾ ਵਿਖੇ ਪਹੁੰਚ ਕੇ ਪ੍ਰਿੰਸੀਪਲ ਵਿਜੈ ਕਪੂਰ ਜੀ ਨੂੰ ਪੰਜਾਬ ਸਰਕਾਰ ਵੱਲੋਂ ਮਿਲੇ ਸਟੇਟ ਅਵਾਰਡ ਲਈ ਵਧਾਈਆਂ ਦਿੱਤੀਆਂ ਅਤੇ ਬੁੱਕੇ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ ਦਲਜੀਤ ਸਿੰਘ ਨੇ ਦੱਸਿਆ ਕੀ ਇਹ ਪਟਿਆਲੇ ਜ਼ਿਲ੍ਹੇ ਲਈ ਬੜੀ ਮਾਣ ਵਾਲੀ ਗੱਲ ਹੈ ਕੀ ਪ੍ਰਿੰਸੀਪਲ ਵਿਜੈ ਕਪੂਰ ਨੇ ਜ਼ਿਲ੍ਹੇ ਦਾ ਨਾਮ ਸਟੇਟ ਪੱਧਰ ਤੇ ਚਮਕਾਇਆ ਹੈ। ਇਹ ਬਹੁਤ ਹੀ ਮਿਹਨਤੀ ਪ੍ਰਿੰਸੀਪਲ ਹਨ। ਸਟੇਟ ਅਵਾਰਡੀ ਪ੍ਰਿੰਸੀਪਲ ਵਿਜੇ ਕਪੂਰ ਨੇ ਦੱਸਿਆ ਕਿ ਉਨ੍ਹਾ ਦੇ ਸਕੂਲ ਦੇ ਖਿਡਾਰੀਆਂ ਨੇ ਸਕੂਲ ਦਾ ਨਾਮ ਸਟੇਟ ਪੱਧਰ/ਰਾਸ਼ਟਰੀ ਪੱਧਰ ਤੇ ਬਹੁਤ ਵਾਰ ਚਮਕਾਇਆ ਹੈ।ਇਸ ਮੌਕੇ ਤੇ ਸਮੂਹ ਸਟਾਫ ਅਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜਰ ਸਨ।

# ਜ਼ਿਲ੍ਹਾ ਸਕੂਲ ਖੇਡਾਂ 'ਚ ਬਾਕਸਿੰਗ ਦੇ ਮੁਕਾਬਲੇ ਕਰਵਾਏ ਗਏ




**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਿੱਖਿਆ ਅਫਸਰ ਸ਼ਾਲੂ ਮਹਿਰਾ ਦੀ ਯੋਗ ਅਗਵਾਈ ਤੇ ਉਪ ਜਿਲ੍ਹਾ ਸਿੱਖਿਆ ਅਫਸਰ ਡਾ ਰਵਿੰਦਰਪਾਲ ਸ਼ਰਮਾਂ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਡਾ.ਦਲਜੀਤ ਸਿੰਘ ਤੇ ਜ਼ਿਲ੍ਹਾ ਸਕੂਲ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ ਅੰਡਰ 14/17/19 ਲੜਕੇ/ ਲੜਕੀਆਂ ਦੇ ਬਾਕਸਿੰਗ ਦੇ ਮੁਕਾਬਲੇ ਪੀਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਲਟੀਪਰਪਜ਼ ਪਾਸੀ ਰੋਡ ਪਟਿਆਲਾ ਵਿਖੇ ਕਰਵਾਏ ਗਏ।ਸੰਤੋਸ਼ ਦੱਤਾ (ਸੈਕਟਰੀ ਪੰਜਾਬ ਬਾਕਸਿੰਗ ਐਸੋਸੀਏਸ਼ਨ) ਅਤੇ ਦਵਿੰਦਰ ਪਾਲ ਸ਼ਰਮਾ ਨੇ ਉਚੇਚੇ ਤੌਰ ਤੇ ਪਹੁੰਚ ਕੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ।ਇਸ ਮੌਕੇ ਤੇ ਮਨਜੀਤ ਸਿੰਘ,ਗੁਰਵਿੰਦਰ ਸਿੰਘ ਸੰਧੂ,ਦਿਨੇਸ਼ ਕੁਮਾਰ ਅਨਿਲ ਕੁਮਾਰ,ਬਿਕਰਮਜੀਤ ਸਿੰਘ ਅਮਰਦੀਪ ਸਿੰਘ ਅਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜਰ ਸਨ।

# ਕਿਸੇ ਵੀ ਦੇਸ਼ ਦੇ ਖ਼ਿਲਾਫ਼ ਨਹੀਂ BRICS, ਪਿਛਲੇ 20 ਸਾਲਾਂ 'ਚ ਵਿਸ਼ਵ ਪੱਧਰ 'ਤੇ ਬਣਾਈ ਆਪਣੀ ਵੱਖਰੀ ਪਛਾਣ: ਮੋਦੀ

## ਸ਼ੀ ਜਿਨਪਿੰਗ ਦੇ ਭਾਰਤ ਦੌਰੇ ਵਿਚਾਲੇ ਵੱਡਾ ਐਲਾਨ, 21 ਸਤੰਬਰ ਤੋਂ ਗੁਆਂਗਜ਼ੂ-ਦਿੱਲੀ ਸਿੱਧੀ ਉਡਾਣ ਮੁੜ ਸ਼ੁਰੂ; ਹੁਣ ਚੱਲਣਗੀਆਂ ਡਾਇਰੈਕਟ ਫਲਾਈਟਾਂ

**ਨਵੀਂ ਦਿੱਲੀ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਏ 18ਵੇਂ ਬ੍ਰਿਕਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਨੀਵਾਰ ਨੂੰ ਨਵੀਂ ਦਿੱਲੀ ਦੇ Bharat Mandapam ਪਹੁੰਚ ਗਏ ਹਨ। ਉਨ੍ਹਾਂ ਦੇ ਨਾਲ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਵੀ ਮੌਜੂਦ ਸਨ। ਇਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਆਬੂ ਧਾਬੀ ਦੇ ਕ੍ਰਾਊਨ ਪ੍ਰਿੰਸ ਖਾਲਿਦ ਬਿਨ ਮੁਹੰਮਦ ਅਲ ਨਾਹਯਾਨ ਵੀ ਸਮਾਗਮ ਵਾਲੀ ਥਾਂ 'ਤੇ ਪਹੁੰਚ ਚੁੱਕੇ ਹਨ। ਸੰਮੇਲਨ ਹਾਲ ਵਿੱਚ ਵੱਖ-ਵੱਖ ਬ੍ਰਿਕਸ ਦੇਸ਼ਾਂ ਦੇ ਨੁਮਾਇੰਦੇ 'ਸਮਾਵੇਸ਼ੀ ਗਲੋਬਲ ਗਵਰਨੈਂਸ ਅਤੇ ਬਹੁਪੱਖੀਵਾਦ ਨੂੰ ਮਜ਼ਬੂਤ ਕਰਨ' (Inclusive Global Governance and Strengthening Multilateralism) ਵਿਸ਼ੇ 'ਤੇ ਇੱਕ ਅਹਿਮ ਬੰਦ ਕਮਰਾ ਬੈਠਕ ਕਰਨਗੇ। ਇਸ ਤੋਂ ਇਲਾਵਾ ਸੰਮੇਲਨ 'ਚ ਸ਼ਿਰਕਤ ਕਰਨ ਵਾਲੇ ਆਗੂ 'ਭਾਰਤ ਇਨੋਵੇਟਸ ਪ੍ਰਦਰਸ਼ਨੀ' ਦਾ ਵੀ ਨਿਰੀਖਣ ਕਰਨਗੇ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 18ਵੇਂ ਬ੍ਰਿਕਸ ਸੰਮੇਲਨ ਦੇ ਮੌਕੇ 'ਤੇ ਸ਼ਨਿਚਰਵਾਰ ਨੂੰ ਨਵੀਂ ਦਿੱਲੀ ਵਿੱਚ ਹੈਦਰਾਬਾਦ ਹਾਊਸ ਵਿਖੇ ਇਥੋਪੀਆ ਦੇ ਪ੍ਰਧਾਨ ਮੰਤਰੀ



ਅਬੀ ਅਹਿਮਦ ਅਲੀ ਨਾਲ ਦੁਵੱਲੀ ਮੀਟਿੰਗ ਕੀਤੀ। ਗੌਰਤਲਬ ਹੈ ਕਿ ਮਿਸਰ, ਇਥੋਪੀਆ, ਇਰਾਨ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਜਨਵਰੀ 2024 ਤੋਂ ਬ੍ਰਿਕਸ ਦੇ ਪੂਰੇ ਮੈਂਬਰ ਬਣ ਗਏ ਹਨ ਅਤੇ ਇੰਡੋਨੇਸ਼ੀਆ ਜਨਵਰੀ 2025 ਵਿੱਚ ਬਣਿਆ ਹੈ।

ਬ੍ਰਿਕਸ ਵਿੱਚ ਸ਼ਾਮਲ ਹੋਣ ਨਾਲ, ਇਥੋਪੀਆ ਨੂੰ ਮੈਂਬਰ ਦੇਸ਼ਾਂ ਦੇ ਬਾਜ਼ਾਰਾਂ ਤੱਕ ਪਹੁੰਚ ਮਿਲ ਗਈ ਹੈ, ਜਿਸ ਨਾਲ ਇਸ ਦੇ ਨਿਰਯਾਤ ਦੇ ਮੌਕੇ ਵਧਣੇ ਚਾਹੀਦੇ ਹਨ।

ਇਥੋਪੀਆ ਦੇ ਪ੍ਰਧਾਨ ਮੰਤਰੀ ਦਾ ਸਵਾਗਤ ਰੱਖਿਆ ਰਾਜ ਮੰਤਰੀ ਸੰਜੇ ਸੇਠ ਨੇ ਕੀਤਾ। ਜਹਾਜ਼ ਤੋਂ ਉਤਰਨ ਤੋਂ ਤੁਰੰਤ ਬਾਅਦ, ਆਪਣੇ ਸਟਾਫ਼ ਦੇ ਨਾਲ, ਇਥੋਪੀਆ ਦੇ ਪ੍ਰਧਾਨ ਮੰਤਰੀ ਦਾ ਹਥਿਆਰਬੰਦ ਸੈਨਾਵਾਂ ਦੇ ਜਵਾਨਾਂ ਵੱਲੋਂ ਸਵਾਗਤ ਕੀਤਾ ਗਿਆ। ਇਥੋਪੀਆ ਦੇ ਪ੍ਰਧਾਨ ਮੰਤਰੀ ਦੇ ਨਾਲ, ਇਥੋਪੀਆ ਦੇ ਵਿਦੇਸ਼ ਮੰਤਰੀ ਗੇਡੀਓਨ ਤਿਮੋਥੇਓਸ ਵੀ ਸੰਮੇਲਨ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਵੀਰਵਾਰ ਨੂੰ ਕੌਮੀ ਰਾਜਧਾਨੀ ਪਹੁੰਚੇ ਸਨ।

ਗੱਲਬਾਤ ਨੂੰ ਉਸਾਰੂ ਕਰਦੇ ਹੋਏ, ਰੱਖਿਆ ਮੰਤਰਾਲੇ ਨੇ 'ਐਕਸ' 'ਤੇ ਪੋਸਟ ਕੀਤਾ, ਉਨ੍ਹਾਂ ਨੇ ਸਿਖਲਾਈ, ਰੱਖਿਆ ਉਦਯੋਗ ਸਹਿਯੋਗ ਅਤੇ ਸੰਯੁਕਤ ਰਾਸ਼ਟਰ ਸ਼ਾਂਤੀ ਰੱਖਿਆ ਸਮੇਤ ਭਾਰਤ-ਇਥੋਪੀਆ ਰੱਖਿਆ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਰਸਤਿਆਂ 'ਤੇ ਚਰਚਾ ਕੀਤੀ, ਜਿਸ ਵਿੱਚ ਨਵੇਂ ਅਤੇ ਉੱਭਰਦੇ ਖੇਤਰਾਂ 'ਤੇ ਫੋਕਸ ਕੀਤਾ ਗਿਆ।

÷ਭਾਰਤ ਅਤੇ ਚੀਨ ਦੇ ਰਿਸ਼ਤਿਆਂ ਵਿੱਚ ਹੌਲੀ-ਹੌਲੀ ਆ ਰਹੇ ਸੁਧਾਰ ਦਰਮਿਆਨ ਇੱਕ ਵੱਡਾ ਕਦਮ ਸਾਹਮਣੇ ਆਇਆ ਹੈ। ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਨਵੀਂ ਦਿੱਲੀ ਪਹੁੰਚਣ ਵਾਲੇ ਦਿਨ ਹੀ China Southern Airlines ਨੇ ਗੁਆਂਗਜ਼ੂ ਅਤੇ ਨਵੀਂ ਦਿੱਲੀ ਵਿਚਕਾਰ ਸਿੱਧੀ ਯਾਤਰੀ ਉਡਾਣ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਏਅਰਲਾਈਨ ਮੁਤਾਬਕ ਇਹ ਸੇਵਾ 21 ਸਤੰਬਰ 2026 ਤੋਂ ਸ਼ੁਰੂ ਹੋਵੇਗੀ। ਇਹ ਰੂਟ ਲਗਭਗ ਛੇ ਸਾਲ ਦੇ ਵਕਫ਼ੇ ਤੋਂ ਬਾਅਦ ਮੁੜ ਚਾਲੂ ਹੋ ਰਿਹਾ ਹੈ। ਇਸ ਐਲਾਨ ਨੂੰ ਸਿਰਫ਼ ਹਵਾਈ ਯਾਤਰਾ ਨਾਲ ਜੁੜਿਆ ਫੈਸਲਾ ਨਹੀਂ ਮੰਨਿਆ ਜਾ ਰਿਹਾ, ਸਗੋਂ ਇਸਨੂੰ ਭਾਰਤ ਅਤੇ ਚੀਨ ਵਿਚਕਾਰ ਕੂਟਨੀਤਕ, ਵਪਾਰਕ ਅਤੇ ਲੋਕਾਂ ਵਿਚਕਾਰ ਸੰਪਰਕ ਮੁੜ ਮਜ਼ਬੂਤ ਕਰਨ ਦੀ ਵੱਡੀ ਕੋਸ਼ਿਸ਼ ਵਜੋਂ ਵੀ ਦੇਖਿਆ ਜਾ ਰਿਹਾ ਹੈ।

ਛੇ ਸਾਲ ਬਾਅਦ ਮੁੜ ਜੁੜੇਗਾ ਗੁਆਂਗਜ਼ੂ-ਦਿੱਲੀ ਹਵਾਈ ਰੂਟ: China Southern Airlines ਵੱਲੋਂ 21 ਸਤੰਬਰ ਤੋਂ ਗੁਆਂਗਜ਼ੂ-ਦਿੱਲੀ ਸੇਵਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਏਅਰਲਾਈਨ ਨੇ ਦੱਸਿਆ ਹੈ ਕਿ ਇਹ ਸੇਵਾ ਦੱਖਣੀ ਏਸ਼ੀਆ ਵਿੱਚ ਉਸ ਦੇ 100 ਤੋਂ ਵੱਧ ਹਫ਼ਤਾਵਾਰੀ ਰਿਟਰਨ ਫਲਾਈਟਾਂ ਵਾਲੇ ਨੈੱਟਵਰਕ ਦਾ ਹਿੱਸਾ ਹੋਵੇਗੀ। ਇਹ ਰੂਟ ਲੰਬੇ ਸਮੇਂ ਤੋਂ ਬੰਦ ਸੀ। ਕੋਵਿਡ-19 ਮਹਾਮਾਰੀ ਤੋਂ ਬਾਅਦ ਭਾਰਤ-ਚੀਨ ਹਵਾਈ ਸੰਪਰਕ 'ਤੇ ਰੋਕ ਅਤੇ ਇਸ ਤੋਂ ਬਾਅਦ 2020 ਦੇ ਗਲਵਾਨ ਟਕਰਾਅ ਕਾਰਨ ਦੋਵੇਂ ਦੇਸ਼ਾਂ ਦੇ ਸਬੰਧਾਂ ਵਿੱਚ ਤਣਾਅ ਵਧ ਗਿਆ ਸੀ। ਇਸ ਦਾ ਸਿੱਧਾ ਅਸਰ ਦੋਵੇਂ ਦੇਸ਼ਾਂ ਵਿਚਕਾਰ ਹਵਾਈ ਯਾਤਰਾ, ਵੀਜ਼ਾ ਅਤੇ ਲੋਕਾਂ ਦੇ ਆਉਣ-ਜਾਣ 'ਤੇ ਪਿਆ।

ਸਿਰਫ਼ ਇੱਕ ਰੂਟ ਨਹੀਂ—ਸਿੱਧੀਆਂ ਉਡਾਣਾਂ ਦਾ ਨੈੱਟਵਰਕ ਵਧ ਰਿਹਾ: ਗੁਆਂਗਜ਼ੂ-ਦਿੱਲੀ ਸੇਵਾ ਤੋਂ ਇਲਾਵਾ ਭਾਰਤ ਅਤੇ ਚੀਨ ਵਿਚਕਾਰ ਹੋਰ ਸਿੱਧੀਆਂ ਉਡਾਣਾਂ ਵੀ ਮੁੜ ਚਾਲੂ ਹੋ ਰਹੀਆਂ ਹਨ। ਇਸ ਸਾਲ ਅਪ੍ਰੈਲ ਵਿੱਚ China Eastern Airlines ਨੇ ਕੁਨਮਿੰਗ-ਕੋਲਕਾਤਾ ਸਿੱਧੀ ਸੇਵਾ ਮੁੜ ਸ਼ੁਰੂ ਕੀਤੀ ਸੀ, ਜਦਕਿ IndiGo ਨੇ ਵੀ ਕੋਲਕਾਤਾ-ਸ਼ੰਘਾਈ ਅਤੇ ਦਿੱਲੀ ਤੋਂ ਚੀਨ ਲਈ ਸਿੱਧੀਆਂ ਸੇਵਾਵਾਂ ਸ਼ੁਰੂ ਕੀਤੀਆਂ ਹਨ। ਇਸ ਤਰ੍ਹਾਂ ਹੁਣ ਭਾਰਤ-ਚੀਨ ਹਵਾਈ ਸੰਪਰਕ ਹੌਲੀ-ਹੌਲੀ ਉਸ ਪੱਧਰ ਵੱਲ ਵਧ ਰਿਹਾ ਹੈ ਜਿੱਥੇ ਦੋਵੇਂ ਦੇਸ਼ਾਂ ਦੇ ਯਾਤਰੀਆਂ, ਕਾਰੋਬਾਰੀਆਂ ਅਤੇ ਵਿਦਿਆਰਥੀਆਂ ਲਈ ਸਿੱਧੀ ਯਾਤਰਾ ਦੇ ਹੋਰ ਵਿਕਲਪ ਉਪਲਬਧ ਹੋ ਸਕਣ।

ਸ਼ੀ ਜਿਨਪਿੰਗ ਦਾ ਦੌਰਾ—ਸਬੰਧਾਂ ਵਿੱਚ ਨਵੀਂ ਗਰਮੀ ?: ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ 12 ਸਤੰਬਰ ਨੂੰ BRICS ਸਿਖਰ ਸੰਮੇਲਨ ਵਿੱਚ ਸ਼ਾਮਲ ਹੋਣ ਲਈ ਨਵੀਂ ਦਿੱਲੀ ਪਹੁੰਚੇ ਹਨ। ਇਹ ਉਨ੍ਹਾਂ ਦਾ 2019 ਤੋਂ ਬਾਅਦ ਪਹਿਲਾ ਭਾਰਤ ਦੌਰਾ ਹੈ। ਉਹ ਪ੍ਰਧਾਨ





ਮੰਤਰੀ ਨਰਿੰਦਰ ਮੋਦੀ ਨਾਲ ਦੁਵੱਲੀ ਮੁਲਾਕਾਤ ਵੀ ਕਰਨਗੇ। ਇਹ ਦੌਰਾ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ 2020 ਦੇ ਗਲਵਾਨ ਟਕਰਾਅ ਤੋਂ ਬਾਅਦ ਭਾਰਤ-ਚੀਨ ਸਬੰਧ ਲੰਬੇ ਸਮੇਂ ਤੱਕ ਤਣਾਅਪੂਰਨ ਰਹੇ। ਦੋਵੇਂ ਦੇਸ਼ਾਂ ਨੇ ਅਕਤੂਬਰ 2024 ਵਿੱਚ ਸਰਹੱਦੀ ਇਲਾਕਿਆਂ ਵਿੱਚ ਡਿਸਇੰਗੇਜਮੈਂਟ ਸਬੰਧੀ ਸਮਝੌਤਾ ਕੀਤਾ, ਜਿਸ ਤੋਂ ਬਾਅਦ ਸਬੰਧਾਂ ਨੂੰ ਹੌਲੀ-ਹੌਲੀ ਸਥਿਰ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਈ।

ਮੋਦੀ-ਸ਼ੀ ਮੁਲਾਕਾਤ ਵਿੱਚ ਕੀ ਮੁੱਦੇ ਹੋ ਸਕਦੇ ਹਨ ?: ਦੋਵੇਂ ਆਗੂਆਂ ਦੀ ਮੁਲਾਕਾਤ ਵਿੱਚ ਸਿਰਫ਼ ਸਰਹੱਦੀ ਮਸਲਾ ਹੀ ਨਹੀਂ, ਸਗੋਂ ਵਪਾਰ, ਨਿਵੇਸ਼, ਵੀਜ਼ਾ, ਤਕਨਾਲੋਜੀ, ਸਪਲਾਈ ਚੇਨ ਅਤੇ ਲੋਕਾਂ ਵਿਚਕਾਰ ਸੰਪਰਕ ਵਰਗੇ ਮੁੱਦੇ ਵੀ ਮਹੱਤਵਪੂਰਨ ਰਹਿਣ ਦੀ ਸੰਭਾਵਨਾ ਹੈ। ਭਾਰਤ ਅਤੇ ਚੀਨ ਵਿਚਕਾਰ ਵਪਾਰਕ ਸਬੰਧ ਬਹੁਤ ਵੱਡੇ ਹਨ। ਰਾਇਟਰਜ਼ ਮੁਤਾਬਕ 2025-26 ਵਿੱਚ ਚੀਨ ਭਾਰਤ ਦਾ ਸਭ ਤੋਂ ਵੱਡਾ ਆਯਾਤ ਸਰੋਤ ਰਿਹਾ ਅਤੇ ਚੀਨ ਤੋਂ ਭਾਰਤ ਦਾ ਆਯਾਤ ਲਗਭਗ 132 ਅਰਬ ਡਾਲਰ ਰਿਹਾ। ਇਸ ਲਈ ਸਿੱਧੀਆਂ ਉਡਾਣਾਂ ਦੀ ਬਹਾਲੀ ਕਾਰੋਬਾਰੀ ਆਵਾਜਾਈ ਲਈ ਵੀ ਮਹੱਤਵਪੂਰਨ ਹੈ।

ਕਾਰੋਬਾਰੀਆਂ ਲਈ ਕੀ ਬਦਲੇਗਾ: ਸਿੱਧੀਆਂ ਉਡਾਣਾਂ ਮੁੜ ਸ਼ੁਰੂ ਹੋਣ ਨਾਲ ਭਾਰਤ ਅਤੇ ਚੀਨ ਵਿਚਕਾਰ ਵਪਾਰ ਕਰਨ ਵਾਲੇ ਕਾਰੋਬਾਰੀਆਂ ਨੂੰ ਸਭ ਤੋਂ ਵੱਡਾ ਫਾਇਦਾ ਯਾਤਰਾ ਦਾ ਸਮਾਂ ਅਤੇ ਕਨੈਕਟਿੰਗ ਫਲਾਈਟਾਂ ਦੀ ਨਿਰਭਰਤਾ ਘਟਣ ਦੇ ਰੂਪ ਵਿੱਚ ਮਿਲ ਸਕਦਾ ਹੈ।

ਚੀਨੀ ਮਸ਼ੀਨਰੀ, ਇਲੈਕਟ੍ਰਾਨਿਕਸ, ਉਦਯੋਗਿਕ ਉਪਕਰਨ ਅਤੇ ਹੋਰ ਉਤਪਾਦਾਂ ਨਾਲ ਜੁੜੇ ਭਾਰਤੀ ਕਾਰੋਬਾਰੀਆਂ ਲਈ ਚੀਨ ਦੀ ਯਾਤਰਾ ਆਸਾਨ ਹੋ ਸਕਦੀ ਹੈ। ਇਸੇ ਤਰ੍ਹਾਂ ਭਾਰਤੀ ਕੰਪਨੀਆਂ ਅਤੇ ਨਿਰਯਾਤਕਾਰਾਂ ਲਈ ਚੀਨੀ ਬਾਜ਼ਾਰ ਤੱਕ ਪਹੁੰਚ ਵਿੱਚ ਵੀ ਸੁਵਿਧਾ ਵਧ ਸਕਦੀ ਹੈ।

ਵਿਦਿਆਰਥੀਆਂ, ਸੈਲਾਨੀਆਂ ਅਤੇ ਪਰਿਵਾਰਾਂ ਲਈ ਵੀ ਰਾਹ ਆਸਾਨ: ਸਿੱਧੀਆਂ ਉਡਾਣਾਂ ਦਾ ਪ੍ਰਭਾਵ ਸਿਰਫ਼ ਕਾਰੋਬਾਰ ਤੱਕ ਸੀਮਿਤ ਨਹੀਂ ਰਹੇਗਾ। ਵਿਦਿਆਰਥੀ, ਖੋਜਕਰਤਾ, ਸੈਲਾਨੀ ਅਤੇ ਦੋਵੇਂ ਦੇਸ਼ਾਂ ਵਿੱਚ ਰਹਿੰਦੇ ਪਰਿਵਾਰਾਂ ਲਈ ਵੀ ਸਿੱਧੀ ਹਵਾਈ ਕਨੈਕਟੀਵਿਟੀ ਮਹੱਤਵਪੂਰਨ ਹੈ। ਭਾਰਤ ਅਤੇ ਚੀਨ ਵਿਚਕਾਰ ਲੋਕਾਂ ਦੇ ਆਉਣ-ਜਾਣ ਨੂੰ ਵਧਾਉਣਾ ਦੋਵੇਂ ਦੇਸ਼ਾਂ ਦੇ ਸਬੰਧਾਂ ਨੂੰ ਸਿਰਫ਼ ਸਰਕਾਰੀ ਪੱਧਰ 'ਤੇ ਨਹੀਂ, ਸਗੋਂ people-to-people ties ਦੇ ਪੱਧਰ 'ਤੇ ਵੀ ਮਜ਼ਬੂਤ ਕਰ ਸਕਦਾ ਹੈ।

ਪਰ ਸਾਰੀਆਂ ਸਮੱਸਿਆਵਾਂ ਖਤਮ ਨਹੀਂ ਹੋਈਆਂ: ਹਵਾਈ ਸੇਵਾਵਾਂ ਦੀ ਬਹਾਲੀ ਨੂੰ ਭਾਰਤ-ਚੀਨ ਸਬੰਧਾਂ ਵਿੱਚ ਸਕਾਰਾਤਮਕ ਕਦਮ ਮੰਨਿਆ ਜਾ ਰਿਹਾ ਹੈ, ਪਰ ਦੋਵੇਂ ਦੇਸ਼ਾਂ ਵਿਚਕਾਰ ਅਜੇ ਵੀ ਕਈ ਵੱਡੇ ਮੁੱਦੇ ਮੌਜੂਦ ਹਨ। *13 'ਤੇ ਫੌਜੀ ਤਾਇਨਾਤੀ, ਅਰੁਣਾਚਲ ਪ੍ਰਦੇਸ਼ 'ਤੇ ਚੀਨ ਦੇ ਦਾਅਵੇ, ਚੀਨੀ ਨਿਵੇਸ਼ 'ਤੇ ਰੋਕ ਤੇ ਭਾਰਤ ਦੀਆਂ ਸੁਰੱਖਿਆ ਚਿੰਤਾਵਾਂ ਅਤੇ ਵਪਾਰਕ ਅਸੰਤੁਲਨ ਵਰਗੇ ਮੁੱਦੇ ਅਜੇ ਵੀ ਸੰਵੇਦਨਸ਼ੀਲ ਹਨ।

ਇਸ ਲਈ ਸਿੱਧੀਆਂ ਉਡਾਣਾਂ ਦੀ ਬਹਾਲੀ ਨੂੰ ਭਾਰਤ-ਚੀਨ ਰਿਸ਼ਤਿਆਂ ਵਿੱਚ ਪੂਰਨ ਸਧਾਰਨਤਾ ਨਹੀਂ ਕਿਹਾ ਜਾ ਸਕਦਾ। ਇਹ ਵਧੇਰੇ ਇੱਕ ਅਜਿਹਾ ਕਦਮ ਹੈ ਜੋ ਦੋਵੇਂ ਦੇਸ਼ਾਂ ਵਿਚਕਾਰ ਸੰਪਰਕ ਅਤੇ ਭਰੋਸੇ ਨੂੰ ਹੌਲੀ-ਹੌਲੀ ਮੁੜ ਬਣਾਉਣ ਵਿੱਚ ਮਦਦ ਕਰ ਸਕਦਾ ਹੈ।

ਵੱਡਾ ਸੰਕੇਤ- ਸੰਪਰਕ ਵਧਾਓ, ਰਿਸ਼ਤੇ ਸੰਭਾਲੋ: ਸ਼ੀ ਜਿਨਪਿੰਗ ਦੇ ਦਿੱਲੀ ਦੌਰੇ ਅਤੇ China Southern ਦੀ ਸਿੱਧੀ ਉਡਾਣ ਦੀ ਘੋਸ਼ਣਾ ਦਾ ਸਮਾਂ ਖਾਸ ਧਿਆਨ ਖਿੱਚ ਰਿਹਾ ਹੈ।

# ਯੂਰਪ ਤੋਂ ਪਹਿਲੀ ਹਵਾਲਗੀ: ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਭਗੌੜੇ ਅਪਰਾਧੀ ਅੰਮ੍ਰਿਤ ਦਾਲਮ ਨੂੰ ਮੋਲਦੋਵਾ ਤੋਂ ਵਾਪਸ ਲਿਆਂਦਾ



**ਚੰਡੀਗੜ੍ਹ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿੱਢੀ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੌਰਾਨ ਅੰਤਰ-ਰਾਸ਼ਟਰੀ ਸੰਗਠਿਤ ਅਪਰਾਧ ਵਿਰੁੱਧ ਵੱਡੀ ਸਫ਼ਲਤਾ ਹਾਸਲ ਕਰਦਿਆਂ, ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਅਤੇ ਓਵਰਸੀਜ਼ ਫਿਊਜਿਟਿਵ ਟਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ (ਓ.ਐਫ.ਟੀ.ਈ.ਸੀ.) ਨੇ ਕੇਂਦਰੀ ਏਜੰਸੀਆਂ ਦੀ ਸਹਾਇਤਾ ਨਾਲ ਜੱਗੂ ਭਗਵਾਨਪੁਰੀਆ ਗੈਂਗ ਦੇ ਅਹਿਮ ਗੁਰਗੇ ਅਤੇ ਭਗੌੜੇ ਅਪਰਾਧੀ ਅੰਮ੍ਰਿਤਪਾਲ ਸਿੰਘ ਉਰਫ਼ ਅੰਮ੍ਰਿਤ ਦਾਲਮ ਦੀ ਮੋਲਦੋਵਾ ਗਣਰਾਜ ਤੋਂ ਹਵਾਲਗੀ ਪ੍ਰਾਪਤ ਕੀਤੀ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਇਹ ਮੁਲਜ਼ਮ ਕਤਲ, ਇਰਾਦਾ ਕਤਲ, ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂਏਪੀਏ), ਅਸਲਾ ਐਕਟ, ਨਸ਼ੀਲੇ ਪਦਾਰਥਾਂ ਨਾਲ ਸਬੰਧਤ ਕਈ ਮਾਮਲਿਆਂ ਵਿੱਚ ਲੋੜੀਂਦਾ ਹੈ।

ਜ਼ਿਕਰਯੋਗ ਹੈ ਕਿ ਦੋਸ਼ੀ ਅੰਮ੍ਰਿਤ ਦਾਲਮ ਨੂੰ 24 ਫਰਵਰੀ, 2026 ਨੂੰ ਮੋਲਦੋਵਾ ਦੇ ਅਧਿਕਾਰੀਆਂ ਨੇ ਉਸ ਸਮੇਂ ਹਿਰਾਸਤ ਵਿੱਚ ਲਿਆ ਸੀ, ਜਦੋਂ ਉਹ ਓਟਾਸੀ ਰਾਜ ਦੀ ਸਰਹੱਦ ਪਾਰ ਕਰਕੇ ਯੂਕਰੇਨ ਵੱਲ ਜਾਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਉਪਰੰਤ, ਓ.ਐਫ.ਟੀ.ਈ.ਸੀ. ਪੰਜਾਬ ਰਾਹੀਂ ਉਸ ਦੀ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ। ਇਨ੍ਹਾਂ ਕਾਰਵਾਈਆਂ ਦੌਰਾਨ, 'ਕੋਰਟ ਆਫ਼ ਚਿਸੀਨਾਉ' ਨੇ 26 ਮਈ, 2026 ਨੂੰ ਅੰਮ੍ਰਿਤਪਾਲ ਸਿੰਘ ਨੂੰ ਭਾਰਤ ਵਾਪਸ ਭੇਜਣ ਬਾਰੇ ਮਨਜ਼ੂਰੀ ਦੇ ਦਿੱਤੀ। ਹਵਾਲਗੀ ਦੇ ਹੁਕਮਾਂ ਵਿਰੁੱਧ ਉਸ ਦੀ ਅਪੀਲ ਨੂੰ 'ਕੋਰਟ ਆਫ਼ ਅਪੀਲ ਸੈਂਟਰੂ' ਵੱਲੋਂ 16 ਜੁਲਾਈ, 2026 ਨੂੰ ਰੱਦ ਕਰ ਦਿੱਤਾ ਗਿਆ, ਜਿਸ ਨਾਲ ਹਵਾਲਗੀ ਦੇ ਹੁਕਮ ਨੂੰ ਅੰਤਿਮ ਰੂਪ ਦਿੱਤਾ ਗਿਆ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਦੀ ਹਵਾਲਗੀ ਤੋਂ ਬਾਅਦ ਪੰਜਾਬ ਪੁਲੀਸ ਦੀ ਚਾਰ ਮੈਂਬਰੀ ਟੀਮ ਉਸ ਨੂੰ ਭਾਰਤ ਵਾਪਸ ਲਿਆਉਣ ਲਈ ਮੋਲਦੋਵਾ ਭੇਜੀ ਗਈ। ਐਸਪੀ ਏਜੀਟੀਐਫ ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਵਾਲੀ ਟੀਮ ਵਿੱਚ ਇੰਸਪੈਕਟਰ ਪੁਸ਼ਵਿੰਦਰ ਸਿੰਘ, ਐਸਆਈ ਜਸਪ੍ਰੀਤ ਸਿੰਘ ਅਤੇ ਏਐਸਆਈ ਵਰਿੰਦਰ ਕੁਮਾਰ ਸ਼ਾਮਲ ਸਨ। ਡੀਜੀਪੀ ਨੇ ਦੱਸਿਆ ਕਿ ਦੋਸ਼ੀ ਅੰਮ੍ਰਿਤ ਦਾਲਮ ਨੂੰ ਪੰਜਾਬ ਪੁਲਿਸ ਦੀ ਟੀਮ ਨੇ ਸ਼ੁੱਕਰਵਾਰ ਨੂੰ ਚਿਸੀਨਾਉ ਏਅਰਪੋਰਟ, ਮੋਲਦੋਵਾ ਤੋਂ ਹਿਰਾਸਤ ਵਿਚ ਲਿਆ ਅਤੇ ਟੀਮ ਸ਼ਨੀਵਾਰ ਸਵੇਰੇ ਨਵੀਂ ਦਿੱਲੀ ਦੇ ਆਈਜੀਆਈ ਏਅਰਪੋਰਟ 'ਤੇ ਪਹੁੰਚੀ। ਉਨ੍ਹਾਂ ਕਿਹਾ ਕਿ ਦੋਸ਼ੀ ਨੂੰ ਪੰਜਾਬ ਵਿਚ ਕਾਨੂੰਨੀ ਕਾਰਵਾਈ ਲਈ ਵਾਪਸ ਲਿਆਂਦਾ ਜਾ ਰਿਹਾ ਹੈ। ਡੀਜੀਪੀ ਨੇ ਕਿਹਾ, ÷ਇਹ ਪੰਜਾਬ ਪੁਲਿਸ ਵੱਲੋਂ ਕਿਸੇ ਯੂਰਪੀ ਦੇਸ਼ ਤੋਂ ਹਾਸਲ ਕੀਤੀ ਗਈ ਪਹਿਲੀ ਹਵਾਲਗੀ ਹੈ, ਜੋ ਸੰਗਠਿਤ ਅਪਰਾਧ ਵਿਰੁੱਧ ਸਾਡੀ ਲੜਾਈ ਵਿੱਚ ਇੱਕ ਅਹਿਮ ਮੀਲ-ਪੱਥਰ ਸਾਬਤ ਹੋਈ ਹੈ।÷ ਉਨ੍ਹਾਂ ਦੱਸਿਆ ਕਿ ਇਹ ਕਾਰਵਾਈ 'ਆਪਰੇਸ਼ਨ ਈਸਟਰਨ ਰੀਚ' ਜੋ ਛੇ ਮਹੀਨੇ ਚੱਲਣ ਵਾਲੀ ਇੱਕ ਅੰਤਰਰਾਸ਼ਟਰੀ ਆਪਰੇਸ਼ਨ ਸੀ ਜੋ ਖੁਫੀਆ ਜਾਣਕਾਰੀ 'ਤੇ ਅਧਾਰਤ ਸੀ ਅਤੇ ਜਿਸ ਵਿੱਚ ਲਗਾਤਾਰ ਨਿਗਰਾਨੀ, ਰਣਨੀਤਕ ਖੁਫੀਆ ਜਾਣਕਾਰੀ ਇਕੱਠੀ ਕਰਨਾ ਅਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਏਜੰਸੀਆਂ ਨਾਲ ਤਾਲਮੇਲ ਬਣਾਉਣਾ ਸ਼ਾਮਲ ਸੀ, ਦੀ ਸਫਲਤਾਪੂਰਵਕ ਸਮਾਪਤੀ ਨੂੰ ਦਰਸਾਉਂਦੀ ਹੈ।

# ਚੰਡੀਗੜ੍ਹ ਨਿਰਮਾਣ ਕਾਮੇ ਭਲਾਈ ਬੋਰਡ ਵੱਲੋਂ ਧਨਾਸ ਵਿਖੇ ਰਜਿਸਟ੍ਰੇਸ਼ਨ ਅਤੇ ਜਾਗਰੂਕਤਾ ਕੈਂਪ ਦਾ ਆਯੋਜਨ

**ਚੰਡੀਗੜ੍ਹ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਬਿਲਡਿੰਗ ਅਤੇ ਹੋਰ ਨਿਰਮਾਣ ਕਾਮੇ ਭਲਾਈ ਬੋਰਡ ਨੇ ਅੱਜ ਧਨਾਸ ਵਿਖੇ ਇੱਕ ਰਜਿਸਟ੍ਰੇਸ਼ਨ ਅਤੇ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ। ਇਸ ਕੈਂਪ ਦਾ ਉਦੇਸ਼ ਨਿਰਮਾਣ ਕਾਮਿਆਂ ਨੂੰ ਵਿਭਿੰਨ ਭਲਾਈ ਸਕੀਮਾਂ ਬਾਰੇ ਜਾਣਕਾਰੀ ਦੇਣਾ ਅਤੇ ਬੋਰਡ ਵਿੱਚ ਉਨ੍ਹਾਂ ਦੀ ਰਜਿਸਟ੍ਰੇਸ਼ਨ ਦੀ ਸੁਵਿਧਾ ਪ੍ਰਦਾਨ ਕਰਨਾ ਸੀ।

ਕੈਂਪ ਦੌਰਾਨ ਕਾਮਿਆਂ ਨੂੰ ਰਜਿਸਟਰਡ ਲਾਭਾਰਥੀਆਂ ਲਈ ਉਪਲਬਧ ਵਿੱਤੀ ਸਹਾਇਤਾ, ਸਿਹਤ ਸੰਭਾਲ਼ ਸਹੂਲਤਾਂ ਅਤੇ ਸਮਾਜਿਕ ਸੁਰੱਖਿਆ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ। ਅਧਿਕਾਰੀਆਂ ਨੇ ਇਨ੍ਹਾਂ ਲਾਭਾਂ ਨੂੰ ਪ੍ਰਾਪਤ ਕਰਨ ਲਈ ਪਾਤਰਤਾ ਦੇ ਮਾਪਦੰਡਾਂ, ਰਜਿਸਟ੍ਰੇਸ਼ਨ ਪ੍ਰਕਿਰਿਆ ਅਤੇ ਜ਼ਰੂਰੀ ਦਸਤਾਵੇਜ਼ਾਂ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ।

ਵਿਸ਼ੇਸ਼ ਟੀਮਾਂ ਨੇ ਕਾਮਿਆਂ ਨੂੰ ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਮਾਰਗਦਰਸ਼ਨ ਦਿੱਤਾ ਅਤੇ ਵਿਭਿੰਨ ਭਲਾਈ ਸਕੀਮਾਂ ਬਾਰੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ। ਮੌਕੇ 'ਤੇ ਹੀ ਰਜਿਸਟ੍ਰੇਸ਼ਨ ਦੀ ਸਹੂਲਤ ਵੀ ਉਪਲਬਧ ਕਰਵਾਈ ਗਈ। ਦਿਨ ਭਰ ਵਿੱਚ ਲਗਭਗ 150 ਲੋਕਾਂ ਨੇ ਕੈਂਪ ਦਾ ਦੌਰਾ ਕੀਤਾ ਅਤੇ ਕਈ ਕਾਮਿਆਂ ਨੇ ਆਪਣੀ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕੀਤੀ।

ਬੋਰਡ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਸਾਰੇ ਪਾਤਰ ਨਿਰਮਾਣ ਕਾਮਿਆਂ ਤੱਕ ਪਹੁੰਚ ਸੁਨਿਸ਼ਚਿਤ ਕਰਨ ਅਤੇ ਉਨ੍ਹਾਂ ਨੂੰ ਉਪਲਬਧ ਕਲਿਆਣਕਾਰੀ ਲਾਭ ਅਤੇ ਸਮਾਜਿਕ ਸੁਰੱਖਿਆ ਸਹਾਇਤਾ ਪ੍ਰਦਾਨ ਕਰਨ ਦੀ ਆਪਣੀ ਪ੍ਰਤੀਬੱਧਤਾ ਦੁਹਰਾਈ।

# ਹਾਈਕੋਰਟ ਦੇ ਮਾਣਯੋਗ ਜੱਜ ਜਸਟਿਸ ਅਲਕਾ ਸਰੀਨ ਵੱਲੋਂ ਪਟਿਆਲਾ ਵਿਖੇ ਰਾਸ਼ਟਰੀ ਲੋਕ ਅਦਾਲਤ ਦਾ ਨਿਰੀਖਣ

**ਪਟਿਆਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਅਤੇ ਜ਼ਿਲ੍ਹਾ ਅਦਾਲਤਾਂ, ਪਟਿਆਲਾ ਦੇ ਇੰਸਪੈਕਟਿੰਗ ਜੱਜ, ਮਾਣਯੋਗ ਜਸਟਿਸ ਅਲਕਾ ਸਰੀਨ ਨੇ ਅੱਜ ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਟੀ (ਨਾਲਸਾ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਟਿਆਲਾ ਵਿਖੇ ਲਗਾਈ ਗਈ ਰਾਸ਼ਟਰੀ ਲੋਕ ਅਦਾਲਤ ਦਾ ਨਿਰੀਖਣ ਕੀਤਾ।




ਆਪਣੇ ਦੌਰੇ ਦੌਰਾਨ, ਜਸਟਿਸ ਅਲਕਾ ਸਰੀਨ ਨੇ ਰਾਸ਼ਟਰੀ ਲੋਕ ਅਦਾਲਤ ਦੇ ਵੱਖ-ਵੱਖ ਬੈਂਚਾਂ ਦਾ ਨਿਰੀਖਣ ਕੀਤਾ ਅਤੇ ਅਪਣੇ ਮੁਕੱਦਮਿਆਂ 'ਚ ਪੇਸ਼ ਹੋਏ ਲੋਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਦੋਵਾਂ ਧਿਰਾਂ ਨੂੰ ਆਪਸੀ ਸਮਝੌਤੇ ਰਾਹੀਂ ਆਪਣੇ ਵਿਵਾਦਾਂ ਨੂੰ ਸੁਖਾਵੇਂ ਢੰਗ ਨਾਲ ਹੱਲ ਕਰਨ ਲਈ ਉਤਸ਼ਾਹਿਤ ਕਰਦਿਆਂ ਤੇਜ਼ ਤੇ ਆਸਾਨ ਨਿਆਂ ਪ੍ਰਦਾਨ ਕਰਨ ਵਿੱਚ ਲੋਕ ਅਦਾਲਤਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਉਨ੍ਹਾਂ ਦੇ ਨਾਲ ਪਟਿਆਲਾ ਦੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਤੇ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਅਵਤਾਰ ਸਿੰਘ ਅਤੇ ਸਿਵਲ ਜੱਜ (ਸੀਨੀਅਰ ਡਿਵੀਜ਼ਨ)-ਕਮ-ਇੰਚਾਰਜ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਮਿਸ ਸ਼ਿਲਪੀ ਗੁਪਤਾ ਵੀ ਮੌਜੂਦ ਸਨ।

# ਜਲੰਧਰ 'ਚ ਵੱਡਾ ਐਨਕਾਊਂਟਰ ! ਪੁਲਿਸ ਤੇ ਬਦਮਾਸ਼ ਵਿਚਾਲੇ ਚੱਲੀਆਂ ਗੋਲੀਆਂ, ਲੱਤ 'ਚ ਗੋਲੀ ਲੱਗਣ ਨਾਲ ਮੁਲਜ਼ਮ ਜ਼ਖ਼ਮੀ

## ਡੋਨੀ ਬਲ ਗੈਂਗ ਨਾਲ ਸਬੰਧਤ ਦੱਸਿਆ ਜਾ ਰਿਹਾ ਮੁਲਜ਼ਮ; ਪੁਲਿਸ ਨੇ ਪਿਸਤੌਲ ਵੀ ਕੀਤਾ ਬਰਾਮਦ

**ਜਲੰਧਰ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਵਿੱਚ ਸ਼ਨੀਵਾਰ ਸਵੇਰੇ ਪੁਲਿਸ ਅਤੇ ਇੱਕ ਕਥਿਤ ਬਦਮਾਸ਼ ਵਿਚਾਲੇ ਮੁੱਠਭੇੜ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਪੁਲਿਸ ਮੁਤਾਬਕ ਇਹ ਮੁੱਠਭੇੜ ਉਸ ਸਮੇਂ ਹੋਈ ਜਦੋਂ ਇੱਕ ਅਪਰਾਧਿਕ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਨੂੰ ਹਥਿਆਰ ਦੀ ਬਰਾਮਦਗੀ ਲਈ ਲਿਜਾਇਆ ਜਾ ਰਿਹਾ ਸੀ। ਪੁਲਿਸ ਦਾ ਦਾਅਵਾ ਹੈ ਕਿ ਮੁਲਜ਼ਮ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਪੁਲਿਸ ਪਾਰਟੀ 'ਤੇ ਗੋਲੀ ਚਲਾ ਦਿੱਤੀ, ਜਿਸ ਤੋਂ ਬਾਅਦ ਜਵਾਬੀ ਕਾਰਵਾਈ ਕੀਤੀ ਗਈ। ਇਸ ਦੌਰਾਨ ਕੁੱਲ ਤਿੰਨ ਰਾਊਂਡ ਗੋਲੀਆਂ ਚੱਲਣ ਦੀ ਜਾਣਕਾਰੀ ਸਾਹਮਣੇ ਆਈ ਹੈ। ਮੁੱਠਭੇੜ ਵਿੱਚ ਮੁਲਜ਼ਮ ਦੀ ਲੱਤ ਵਿੱਚ ਗੋਲੀ ਲੱਗੀ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਜਲੰਧਰ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

ਕੌਣ ਹੈ ਜ਼ਖ਼ਮੀ ਮੁਲਜ਼ਮ ?: ਪੁਲਿਸ ਅਨੁਸਾਰ ਜ਼ਖ਼ਮੀ ਮੁਲਜ਼ਮ ਦੀ ਪਛਾਣ ਸੁਖਜਿੰਦਰ ਸਿੰਘ ਉਰਫ਼ ਪ੍ਰਿੰਸ, ਵਾਸੀ ਤਰਨਤਾਰਨ, ਵਜੋਂ ਹੋਈ ਹੈ। ਪੁਲਿਸ ਵੱਲੋਂ ਉਸ ਨੂੰ ਕਥਿਤ ਤੌਰ 'ਤੇ ਡੋਨੀ ਬਲ ਗੈਂਗ ਨਾਲ ਸਬੰਧਤ ਦੱਸਿਆ ਗਿਆ ਹੈ। ਪੁਲਿਸ ਦੀ ਮੁੱਢਲੀ ਜਾਂਚ



ਅਨੁਸਾਰ ਮੁਲਜ਼ਮ ਕਿਸੇ ਅਪਰਾਧ ਨੂੰ ਅੰਜਾਮ ਦੇਣ ਦੀ ਕਥਿਤ ਯੋਜਨਾ ਬਣਾ ਰਿਹਾ ਸੀ। ਪੁਲਿਸ ਨੇ ਕੈਮਰੇ ਦੀ ਫੁਟੇਜ ਦੇ ਆਧਾਰ 'ਤੇ ਉਸ ਦੀ ਪਛਾਣ ਕਰਨ ਤੋਂ ਬਾਅਦ ਉਸ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ।

ਹਥਿਆਰ ਬਰਾਮਦ ਕਰਨ ਲਈ ਲੈ ਕੇ ਗਈ ਸੀ ਪੁਲਿਸ: ਜਾਣਕਾਰੀ ਮੁਤਾਬਕ ਪੁਲਿਸ ਨੇ ਮੁਲਜ਼ਮ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਉਸ ਨੂੰ ਸ਼ਨੀਵਾਰ ਸਵੇਰੇ ਕਰੀਬ 8 ਵਜੇ ਜਮਸ਼ੇਦਪੁਰ ਦੇ ਡੇਅਰੀ ਕੰਪਲੈਕਸ ਇਲਾਕੇ ਵਿੱਚ ਲਿਜਾਇਆ ਸੀ। ਪੁਲਿਸ ਦਾ ਮਕਸਦ ਉਸ ਦੀ ਨਿਸ਼ਾਨਦੇਹੀ 'ਤੇ ਹਥਿਆਰ ਬਰਾਮਦ ਕਰਨਾ ਸੀ। ਪੁਲਿਸ ਅਨੁਸਾਰ ਇਸੇ ਦੌਰਾਨ ਮੁਲਜ਼ਮ ਨੇ ਪੁਲਿਸ ਨੂੰ ਚਕਮਾ ਦੇ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਪੁਲਿਸ ਦਾ ਦਾਅਵਾ ਹੈ ਕਿ ਭੱਜਦੇ ਸਮੇਂ ਮੁਲਜ਼ਮ ਨੇ ਪੁਲਿਸ ਪਾਰਟੀ 'ਤੇ ਫਾਇਰਿੰਗ ਕੀਤੀ।

ਇਸ ਤੋਂ ਬਾਅਦ ਪੁਲਿਸ ਨੇ ਜਵਾਬੀ ਫਾਇਰਿੰਗ ਕੀਤੀ ਅਤੇ ਮੁੱਠਭੇੜ ਦੌਰਾਨ ਮੁਲਜ਼ਮ ਦੀ ਲੱਤ ਵਿੱਚ ਗੋਲੀ ਲੱਗ ਗਈ। ਮੌਕੇ ਤੋਂ ਪਿਸਤੌਲ ਅਤੇ ਗੋਲੀ ਦਾ ਖੋਲ ਬਰਾਮਦ: ਪੁਲਿਸ ਮੁਤਾਬਕ ਮੁੱਠਭੇੜ ਤੋਂ ਬਾਅਦ ਮੌਕੇ ਤੋਂ ਇੱਕ ਗੋਲੀ ਦਾ ਖੋਲ ਬਰਾਮਦ ਹੋਇਆ ਹੈ। ਇਸ ਤੋਂ ਇਲਾਵਾ ਜ਼ਖ਼ਮੀ ਮੁਲਜ਼ਮ ਦੇ ਕਬਜ਼ੇ ਵਿੱਚੋਂ ਇੱਕ ਪਿਸਤੌਲ ਵੀ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਹੁਣ ਪੁਲਿਸ ਵੱਲੋਂ ਬਰਾਮਦ ਕੀਤੇ ਹਥਿਆਰ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਸ ਹਥਿਆਰ ਦੀ ਵਰਤੋਂ ਪਹਿਲਾਂ ਕਿਸੇ ਅਪਰਾਧ ਵਿੱਚ ਹੋਈ ਹੈ ਜਾਂ ਨਹੀਂ।

CCTV ਫੁਟੇਜ ਨੇ ਜਾਂਚ ਨੂੰ ਦਿੱਤੀ ਦਿਸ਼ਾ: ਪੁਲਿਸ ਅਨੁਸਾਰ ਮੁਲਜ਼ਮ ਦੀ ਪਛਾਣ ਅਤੇ ਗ੍ਰਿਫ਼ਤਾਰੀ ਵਿੱਚ 33“੧ ਕੈਮਰਿਆਂ ਦੀ ਫੁਟੇਜ ਅਹਿਮ ਸਾਬਤ ਹੋਈ। ਪੁਲਿਸ ਨੇ ਫੁਟੇਜ ਦੇ ਆਧਾਰ 'ਤੇ ਮੁਲਜ਼ਮ ਦੀ ਪਛਾਣ ਕੀਤੀ ਅਤੇ ਉਸ ਨੂੰ ਕਾਬੂ ਕੀਤਾ। ਜਾਂਚ ਏਜੰਸੀਆਂ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਮੁਲਜ਼ਮ ਕਥਿਤ ਤੌਰ 'ਤੇ ਕਿਸ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਿਹਾ ਸੀ ਅਤੇ ਇਸ ਸਾਜ਼ਿਸ਼ ਵਿੱਚ ਉਸ ਦੇ ਨਾਲ ਹੋਰ ਕੌਣ-ਕੌਣ ਵਿਅਕਤੀ ਸ਼ਾਮਲ ਸਨ।

ਗੈਂਗ ਨਾਲ ਸਬੰਧਾਂ ਦੀ ਵੀ ਹੋਵੇਗੀ ਜਾਂਚ: ਮੁਲਜ਼ਮ ਨੂੰ ਡੋਨੀ ਬਲ ਗੈਂਗ ਨਾਲ ਸਬੰਧਤ ਦੱਸੇ ਜਾਣ ਤੋਂ ਬਾਅਦ ਪੁਲਿਸ ਵੱਲੋਂ ਉਸ ਦੇ ਕਥਿਤ ਗੈਂਗ ਕਨੈਕਸ਼ਨ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਜਾਂਚ ਦਾ ਇੱਕ ਅਹਿਮ ਪੱਖ ਇਹ ਹੋਵੇਗਾ ਕਿ ਮੁਲਜ਼ਮ ਨੂੰ ਹਥਿਆਰ ਕਿੱਥੋਂ ਮਿਲਿਆ, ਉਹ ਕਿਸ ਦੇ ਸੰਪਰਕ ਵਿੱਚ ਸੀ ਅਤੇ ਕੀ ਉਸ ਨੂੰ ਕਿਸੇ ਵੱਡੀ ਵਾਰਦਾਤ ਲਈ ਹਥਿਆਰ ਜਾਂ ਹੋਰ ਸਹਾਇਤਾ ਮੁਹੱਈਆ ਕਰਵਾਈ ਗਈ ਸੀ। ਪੁਲਿਸ ਦੀ ਕਾਰਵਾਈ 'ਤੇ ਉੱਠਣ ਵਾਲੇ ਸਵਾਲ ਵੀ ਮਹੱਤਵਪੂਰਨ: ਮੁੱਠਭੇੜ ਦੇ ਮਾਮਲਿਆਂ ਵਿੱਚ ਪੁਲਿਸ ਵੱਲੋਂ ਕੀਤੇ ਦਾਅਵਿਆਂ ਦੀ ਕਾਨੂੰਨੀ ਅਤੇ ਫੋਰੈਂਸਿਕ ਜਾਂਚ ਵੀ ਮਹੱਤਵਪੂਰਨ ਹੁੰਦੀ ਹੈ। ਇਸ ਮਾਮਲੇ ਵਿੱਚ ਵੀ ਬਰਾਮਦ ਹਥਿਆਰ, ਗੋਲੀ ਦੇ ਖੋਲ, ਫਾਇਰਿੰਗ ਦੀ ਦਿਸ਼ਾ, 33“੧ ਫੁਟੇਜ ਅਤੇ ਹੋਰ ਸਬੂਤ ਜਾਂਚ ਦਾ ਹਿੱਸਾ ਬਣਨਗੇ।

ਫਿਲਹਾਲ ਪੁਲਿਸ ਵੱਲੋਂ ਦਿੱਤੀ ਜਾਣਕਾਰੀ ਮੁੱਢਲੀ ਹੈ ਅਤੇ ਮਾਮਲੇ ਦੀ ਪੂਰੀ ਤਸਵੀਰ ਜਾਂਚ ਅੱਗੇ ਵਧਣ ਤੋਂ ਬਾਅਦ ਹੀ ਸਪਸ਼ਟ ਹੋਵੇਗੀ। ਜਲੰਧਰ ਵਿੱਚ ਗੈਂਗਸਟਰਾਂ ਖ਼ਿਲਾਫ਼ ਪੁਲਿਸ ਦਾ ਐਕਸ਼ਨ: ਜਲੰਧਰ ਪੁਲਿਸ ਕਮਿਸ਼ਨਰੇਟ ਵੱਲੋਂ ਗੈਂਗਸਟਰਾਂ ਅਤੇ ਸੰਗਠਿਤ ਅਪਰਾਧ ਨਾਲ ਜੁੜੇ ਮਾਮਲਿਆਂ 'ਤੇ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਕਮਿਸ਼ਨਰੇਟ ਦਾ ਮੁੱਖ ਫੋਕਸ ਅਪਰਾਧ ਦੀ ਰੋਕਥਾਮ ਅਤੇ ਪਤਾ ਲਗਾਉਣ ਦੇ ਨਾਲ-ਨਾਲ ਕਾਨੂੰਨ-ਵਿਵਸਥਾ ਕਾਇਮ ਰੱਖਣਾ ਹੈ। ਇਸ ਤਾਜ਼ਾ ਮੁੱਠਭੇੜ ਨੂੰ ਵੀ ਗੈਂਗਸਟਰ ਨੈੱਟਵਰਕ ਅਤੇ ਹਥਿਆਰਬੰਦ ਅਪਰਾਧ ਖ਼ਿਲਾਫ਼ ਪੁਲਿਸ ਦੀ ਕਾਰਵਾਈ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

# ਰਾਜਪਾਲ ਵੱਲੋਂ 2047 ਤੱਕ 'ਵਿਕਸਿਤ ਭਾਰਤ' ਦੀ ਸਿਰਜਣਾ ਲਈ ਆਰਟੀਫਿਸ਼ਲ ਇੰਟੈਲੀਜੈਂਸ-ਅਧਾਰਿਤ, ਨੈਤਿਕ ਅਤੇ ਉਦਯੋਗ-ਮੁਖੀ ਉਚੇਰੀ ਸਿੱਖਿਆ 'ਤੇ ਜ਼ੋਰ




**ਚੰਡੀਗੜ੍ਹ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ, ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਯੂਨੀਵਰਸਿਟੀਆਂ ਦੇ ਉਪ-ਕੁਲਪਤੀਆਂ ਨੂੰ ਸੱਦਾ ਦਿੱਤਾ ਕਿ ਉਹ ਉਚੇਰੀ ਸਿੱਖਿਆ, ਖੋਜ ਅਤੇ ਇਨੋਵੇਸ਼ਨ ਵਿੱਚ ਤਬਦੀਲੀ ਲਿਆਉਣ ਲਈ ਆਰਟੀਫਿਸ਼ਲ ਇੰਟੈਲੀਜੈਂਸ (ਏਆਈ) ਦੀ ਵਰਤੋਂ ਕਰਨ। ਉਨ੍ਹਾਂ ਨੇ ਕਿਹਾ ਕਿ ਇਹ ਟੈਕਨੋਲੋਜੀ ਮਨੁੱਖ-ਕੇਂਦ੍ਰਿਤ, ਨੈਤਿਕ, ਸਮਾਵੇਸ਼ੀ ਅਤੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਹੋਣੀ ਚਾਹੀਦੀ ਹੈ।

ਪੰਜਾਬ ਲੋਕ ਭਵਨ ਵਿਖੇ ÷ਆਰਟੀਫਿਸ਼ਲ ਇੰਟੈਲੀਜੈਂਸ ਅਤੇ ਉਚੇਰੀ ਸਿੱਖਿਆ÷ ਵਿਸ਼ੇ 'ਤੇ ਉਪ-ਕੁਲਪਤੀਆਂ ਦੀ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਕਟਾਰੀਆ ਨੇ ਕਿਹਾ ਕਿ ਆਰਟੀਫਿਸ਼ਲ ਇੰਟੈਲੀਜੈਂਸ (ਏਆਈ) ਕ੍ਰਾਂਤੀ ਲੋਕਾਂ ਦੇ ਸਿੱਖਣ, ਕੰਮ ਕਰਨ, ਖੋਜ ਕਰਨ ਅਤੇ ਫ਼ੈਸਲੇ ਲੈਣ ਦੇ ਤਰੀਕੇ ਨੂੰ ਬਦਲ ਰਹੀ ਹੈ। ਉਨ੍ਹਾਂ ਨੇ ਆਰਟੀਫਿਸ਼ਲ ਇੰਟੈਲੀਜੈਂਸ (ਏਆਈ) ਨੂੰ ਇੱਕ ਅਜਿਹੀ ਪਰਿਵਰਤਨਕਾਰੀ ਸ਼ਕਤੀ ਦੱਸਿਆ ਜੋ ਆਉਣ ਵਾਲੇ ਦਹਾਕਿਆਂ ਵਿੱਚ ਭਾਰਤ ਦੀ ਆਰਥਿਕਤਾ ਅਤੇ ਸਮਾਜ ਨੂੰ ਮਹੱਤਵਪੂਰਨ ਢੰਗ ਨਾਲ ਪ੍ਰਭਾਵਿਤ ਕਰ ਸਕਦੀ ਹੈ। ਕਾਨਫਰੰਸ ਦੌਰਾਨ ਪੰਜਾਬ ਦੇ ਰਾਜਪਾਲ ਦੇ ਐਡੀਸ਼ਨਲ ਮੁੱਖ ਸਕੱਤਰ ਸ਼੍ਰੀ ਵਿਵੇਕ ਪ੍ਰਤਾਪ ਸਿੰਘ, ਆਈਏਐੱਸ ਅਧਿਕਾਰੀ ਸ਼੍ਰੀ ਲਲਿਤ ਜੈਨ ਅਤੇ ਯੂ.ਟੀ. ਚੰਡੀਗੜ੍ਹ ਦੇ ਡਾਇਰੈਕਟਰ ਉਚੇਰੀ ਸਿੱਖਿਆ ਸੁਸ਼੍ਰੀ ਪਾਲਿਕਾ ਅਰੋੜਾ ਵੀ ਮੌਜੂਦ ਸਨ।

ਕਾਨਫਰੰਸ ਦੀ ਸ਼ੁਰੂਆਤ ਪ੍ਰੋਫੈਸਰ ਜਸਪਾਲ ਸਿੰਘ ਸੰਧੂ, ਉੱਘੇ ਸਿੱਖਿਆ ਸ਼ਾਸਤਰੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਉਪ-ਕੁਲਪਤੀ, ਵੱਲੋਂ ਮਾਣਯੋਗ ਰਾਜਪਾਲ ਨੂੰ ਇਸ ਵਿਸ਼ੇ ਬਾਰੇ ਜਾਣਕਾਰੀ ਦੇਣ ਨਾਲ ਹੋਈ। ਇਸ ਤੋਂ ਬਾਅਦ ਚੰਡੀਗੜ੍ਹ ਪ੍ਰਸ਼ਾਸਨ ਦੇ ਖੇਡ ਵਿਭਾਗ ਦੇ ਡਾਇਰੈਕਟਰ ਸ੍ਰੀ ਸੌਰਭ ਕੁਮਾਰ ਅਰੋੜਾ, ਪੀਸੀਐੱਸ ਵੱਲੋਂ ÷ਐੱਮਵਾਈ ਭਾਰਤ - ਮੇਰਾ ਯੁਵਾ ਭਾਰਤ÷ ਬਾਰੇ ਪੇਸ਼ਕਾਰੀ ਦਿੱਤੀ ਗਈ।

ਰਾਜਪਾਲ ਨੇ ਕਿਹਾ ਕਿ ਯੂਨੀਵਰਸਿਟੀਆਂ ਨੂੰ ਆਰਟੀਫਿਸ਼ਲ ਇੰਟੈਲੀਜੈਂਸ (ਏਆਈ) ਨੂੰ ਸਿਰਫ਼ ਇੰਜੀਨੀਅਰਿੰਗ ਅਤੇ ਕੰਪਿਊਟਰ ਸਾਇੰਸ ਦੇ ਵਿਸ਼ੇ ਵਜੋਂ ਨਹੀਂ ਦੇਖਣਾ ਚਾਹੀਦਾ, ਬਲਕਿ ਦਵਾਈ, ਖੇਤੀਬਾੜੀ, ਕਾਨੂੰਨ, ਵਿੱਤ, ਭਾਸ਼ਾਵਾਂ, ਸਮਾਜਿਕ ਵਿਗਿਆਨ ਅਤੇ ਹੋਰ ਖੇਤਰਾਂ ਵਿੱਚ ਬਹੁ-ਅਨੁਸ਼ਾਸਨੀ ਆਰਟੀਫਿਸ਼ਲ ਇੰਟੈਲੀਜੈਂਸ (ਏਆਈ) ਸਿੱਖਿਆ ਨੂੰ ਹੁਲਾਰਾ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਸੰਸਥਾਵਾਂ ਨੂੰ ਖੇਤੀਬਾੜੀ, ਸਿਹਤ ਸੰਭਾਲ਼, ਪਾਣੀ ਦੀ ਸੰਭਾਲ਼, ਸ਼ਾਸਨ ਅਤੇ ਵਾਤਾਵਰਣ ਸਬੰਧੀ ਬਿਹਤਰੀਨ ਪਿਰਤਾਂ ਬਾਰੇ ਸੈਸ਼ਨਾਂ ਵਿੱਚ ਡਾ. ਸੁਰੇਸ਼ ਕੁਮਾਰ, ਵਾਈਸ-ਚਾਂਸਲਰ, ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ, ਫਿਰੋਜ਼ਪੁਰ; ਡਾ. ਪੁਸ਼ਪਿੰਦਰ ਸਿੰਘ ਗਿੱਲ, ਵਾਈਸ-ਚਾਂਸਲਰ, ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ; ਅਤੇ ਡਾ. ਵਿਨੈ ਗੋਇਲ, ਵਾਈਸ-ਚਾਂਸਲਰ, ਸੀਜੀਸੀ ਯੂਨੀਵਰਸਿਟੀ ਦੁਆਰਾ ਪੇਸ਼ਕਾਰੀਆਂ ਕੀਤੀਆਂ ਗਈਆਂ।

ਕਾਨਫਰੰਸ ਵਿੱਚ ਡਾ. ਹਰਪਾਲ ਥੇਠੀ, ਪ੍ਰੋਫੈਸਰ ਅਤੇ ਐਡੀਸ਼ਨਲ ਡਾਇਰੈਕਟਰ, ਡਿਵੀਜ਼ਨ ਆਵ ? ਕਰੀਅਰ ਸਰਵਿਸਿਜ਼, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੁਆਰਾ ਯੂਨੀਵਰਸਿਟੀ-ਇੰਡਸਟ੍ਰੀ ਸਾਂਝੇਦਾਰੀ ਨੂੰ ਮਜ਼ਬੂਤ ਕਰਨ ਅਤੇ ਉਦਯੋਗ ਲਈ ਤਿਆਰ ਗ੍ਰੈਜੂਏਟ ਬਣਾਉਣ 'ਤੇ ਇੱਕ ਵਿਸ਼ੇਸ਼ ਭਾਸ਼ਣ ਵੀ ਦਿੱਤਾ ਗਿਆ। ਰਾਜਪਾਲ ਕਟਾਰੀਆ ਨੇ ਆਰਟੀਫਿਸ਼ਲ ਇੰਟੈਲੀਜੈਂਸ (ਏਆਈ) ਪ੍ਰਯੋਗਸ਼ਾਲਾਵਾਂ, ਬ੍ਰਿਜ ਕੋਰਸ, ਪ੍ਰਮਾਣੀਕਰਣ ਪ੍ਰੋਗਰਾਮਾਂ, ਰੀਸਕਿੱਲਿੰਗ ਅਤੇ ਪ੍ਰੈਕਟੀਕਲ ਲਰਨਿੰਗ ਦੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਰਾਸ਼ਟਰੀ ਸਿੱਖਿਆ ਨੀਤੀ-2020, ਇੰਡੀਆ ਏਆਈ ਮਿਸ਼ਨ, ਭਾਰਤਜੇਨ, ਅਨੁਸੰਧਾਨ ਨੈਸ਼ਨਲ ਰਿਸਰਚ ਫਾਊਂਡੇਸ਼ਨ ਅਤੇ ਵੰਨ ਨੇਸ਼ਨ ਵੰਨ ਸਬਸਕ੍ਰਿਪਸ਼ਨ ਨੂੰ ਭਾਰਤ ਦੀ ਖੋਜ ਅਤੇ ਤਕਨੀਕੀ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਪਹਿਲਾਂ ਵਜੋਂ ਵੀ ਉਜਾਗਰ ਕੀਤਾ।

# ਹਰਿਆਣਾ ਸਟਾਰਟਅੱਪ ਫੰਡ ਆਫ਼ ਫੰਡਜ਼ ਦੀ ਸਥਾਪਨਾ ਅਤੇ ਸੰਚਾਲਨ ਦੀ ਪ੍ਰਕਿਰਿਆ ਨੂੰ ਸਮਾਂਬੱਧ ਤਰੀਕੇ ਨਾਲ ਅੱਗੇ ਵਧਾਇਆ ਜਾਵੇ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਪ੍ਰਸਤਾਵਿਤ ਹਰਿਆਣਾ ਸਟਾਰਟਅੱਪ ਫੰਡ ਆਫ਼ ਫੰਡਜ਼ (6੦6) ਨੂੰ ਲੈ ਕੇ ਸਕੱਤਰੇਤ ਵਿੱਚ ਉੱਚ ਪੱਧਰੀ ਸਮੀਖਿਆ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ 2 ਹਜ਼ਾਰ ਕਰੋੜ ਰੁਪਏ ਦੇ ਫੰਡ ਨਾਲ ਪ੍ਰਸਤਾਵਿਤ ਫੰਡ ਨੂੰ ਅਮਲ ਵਿੱਚ ਲਿਆਉਣ ਦੀ ਦਿਸ਼ਾ ਵਿੱਚ ਹੋਈ ਪ੍ਰਗਤੀ ਦੀ ਸਮੀਖਿਆ ਕੀਤੀ ਗਈ ਅਤੇ ਸੂਬੇ ਵਿੱਚ ਤੇਜ਼ੀ ਨਾਲ ਵਿਕਸਤ ਹੋ ਰਹੇ ਸਟਾਰਟਅੱਪ ਈਕੋਸਿਸਟਮ ਉੱਤੇ ਵਿਸਥਾਰ ਵਿਚਾਰ-ਵਟਾਂਦਰਾ ਹੋਇਆ।



ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਵਿੱਚ ਇਨੋਵੇਸ਼ਨ ਅਤੇ ਉੱਦਮਤਾ ਦੇ ਖੇਤਰ ਵਿੱਚ ਲਗਾਤਾਰ ਹੋ ਰਹੀ ਤਰੱਕੀ ਨੂੰ ਦੇਖਦਿਆਂ ਸਟਾਰਟਅੱਪਸ ਨੂੰ ਉਨ੍ਹਾਂ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ ਵਿੱਚ ਵਿੱਤੀ ਸਹਾਇਤਾ ਉਪਲਬਧ ਕਰਵਾਉਣ ਲਈ ਇੱਕ ਮਜ਼ਬੂਤ ਵਿੱਤੀ ਤੰਤਰ ਤਿਆਰ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਟਾਰਟਅੱਪਸ ਦੀ ਸਫਲਤਾ ਵਿੱਚ ਸਮੇਂ ਸਿਰ ਪੂੰਜੀ ਦੀ ਉਪਲਬਧਤਾ ਇੱਕ ਮਹੱਤਵਪੂਰਨ ਕਾਰਕ ਹੈ। ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਹਰਿਆਣਾ ਸਟਾਰਟਅੱਪ ਫੰਡ ਆਫ਼ ਫੰਡਜ਼ ਦੀ ਸਥਾਪਨਾ ਅਤੇ ਸੰਚਾਲਨ ਦੀ ਪ੍ਰਕਿਰਿਆ ਨੂੰ ਸਮਾਂਬੱਧ ਤਰੀਕੇ ਨਾਲ ਅੱਗੇ ਵਧਾਇਆ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਫੰਡ ਸੂਬੇ ਵਿੱਚ ਨਿਵੇਸ਼ ਨੂੰ ਪ੍ਰੋਤਸਾਹਨ ਦੇਣ, ਨਵੀਨਤਾ ਨੂੰ ਉਤਸ਼ਾਹਿਤ ਕਰਨ, ਨਿੱਜੀ ਪੂੰਜੀ ਨੂੰ ਆਕਰਸ਼ਿਤ ਕਰਨ ਅਤੇ ਹਰਿਆਣਾ ਤੋਂ ਉੱਭਰ ਰਹੇ ਉੱਚ ਸਮਰੱਥਾ ਵਾਲੇ ਸਟਾਰਟਅੱਪਸ ਨੂੰ ਸਹਿਯੋਗ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਉੱਦਮਤਾ ਅਤੇ ਨਵੀਨਤਾ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ। ਉਨ੍ਹਾਂ ਫੰਡ ਨੂੰ ਜਲਦੀ ਤੋਂ ਜਲਦੀ ਅਮਲ ਵਿੱਚ ਲਿਆਉਣ ਅਤੇ ਇਸ ਦੇ ਨਿਰਧਾਰਤ ਉਦੇਸ਼ਾਂ ਨੂੰ ਪ੍ਰਭਾਵੀ ਢੰਗ ਨਾਲ ਹਾਸਲ ਕਰਨ ਉੱਤੇ ਜ਼ੋਰ ਦਿੱਤਾ। ਮੀਟਿੰਗ ਦੌਰਾਨ ਹਰਿਆਣਾ ਵੈਂਚਰ ਕੈਪੀਟਲ ਫੰਡ ਨੂੰ ਲੈ ਕੇ ਵੀ ਕਈ ਪਹਿਲੂਆਂ ਉੱਤੇ ਚਰਚਾ ਕੀਤੀ ਗਈ।

ਮੀਟਿੰਗ ਵਿੱਚ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਗੁਪਤਾ, ਉਦਯੋਗ ਅਤੇ ਵਣਜ ਵਿਭਾਗ ਦੇ ਡਾਇਰੈਕਟਰ ਜਨਰਲ ਡਾ. ਯਸ਼ ਗਰਗ, ਸੀ.ਏ. ਸ੍ਰੀਮਤੀ ਰਸ਼ਮੀ ਖੇਤਰਪਾਲ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਵਿਧਾਨ ਸਭਾ ਹਲਕਾ ਸਮਾਣਾ ਵਿੱਚ ਪਰਚਾ ਕਲਚਰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ : ਸਰਪੰਚ ਯੂਨੀਅਨ ਬਲਾਕ ਪਟਿਆਲਾ

**ਸਮਾਣਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਸਮਾਣਾ ਦੇ ਪਟਿਆਲਾ ਬਲਾਕ ਦੇ ਸਰਪੰਚਾਂ ਦੀ ਇੱਕ ਅਹਿਮ ਮੀਟਿੰਗ ਤਰਲੋਚਨ ਸਿੰਘ ਰੱਖੜਾ ਪ੍ਰਧਾਨ ਸਰਪੰਚ ਯੂਨੀਅਨ ਬਲਾਕ ਪਟਿਆਲਾ, ਨਰਿੰਦਰ ਸਿੰਘ ਸਰਪਰਸਤ ਸਰਪੰਚ ਯੂਨੀਅਨ ਬਲਾਕ ਪਟਿਆਲਾ ਦੀ ਪ੍ਰਧਾਨਗੀ ਹੇਠ ਗਲੋਬਲ ਆਈ.ਟੀ.ਆਈ. ਰੱਖੜਾ ਵਿਖੇ ਹੋਈ। ਮੀਟਿੰਗ ਵਿੱਚ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਪਟਿਆਲਾ ਬਲਾਕ ਦੇ ਕਰੀਬ 60 ਪਿੰਡਾਂ ਦੇ ਸਰਪੰਚਾਂ ਨੇ ਹਾਜ਼ਰੀ ਭਰੀ ਅਤੇ ਪਿੰਡਾਂ ਦੇ ਵਿਕਾਸ ਕਾਰਜਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ।

ਇਸ ਮੌਕੇ ਸ. ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ। ਪੰਜਾਬ ਸਰਕਾਰ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦੇਣ ਦੇ ਨਾਲ-ਨਾਲ ਸੂਬੇ ਦੇ ਸਰਬਪੱਖੀ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ।

ਸ. ਬਰਸਟ ਨੇ ਕਿਹਾ ਕਿ ਸਰਪੰਚ ਪਿੰਡ ਦਾ ਮੋਢੀ ਹੁੰਦਾ ਹੈ ਅਤੇ ਸਮੂਚੇ ਪਿੰਡ ਦੇ ਵਿਕਾਸ ਤੇ ਪਿੰਡ ਵਾਸੀਆਂ ਦੀ ਭਲਾਈ ਦੀ ਜ਼ਿੰਮੇਵਾਰੀ ਵੀ ਉਸੇ ਦੀ ਹੁੰਦੀ ਹੈ। ਉਨ੍ਹਾਂ ਸਾਰਿਆਂ ਨੂੰ ਇੱਕਜੁਟ ਹੋ ਕੇ ਪਿੰਡ ਅਤੇ ਹਲਕੇ ਦੇ ਵਿਕਾਸ ਲਈ ਜ਼ੋਰਾ-ਸ਼ੋਰਾਂ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਕਰੀਬ 44000 ਕਿਲੋਮੀਟਰ ਸੜਕਾਂ ਦਾ ਨਵੀਨੀਕਰਨ ਅਤੇ ਮੁਰੰਮਤ ਦਾ ਕਾਰਜ ਚੱਲ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਹਲਕਾ ਸਮਾਣਾ ਦੀਆਂ ਸੜਕਾਂ ਦਾ ਵਿਕਾਸ ਕਾਰਜ ਚਲ ਰਿਹਾ ਹੈ ਅਤੇ ਸਾਰਿਆਂ ਸੜਕਾਂ ਦੀ ਚੌੜਾਈ ਨੂੰ ਵਧਾ ਕੇ 18 ਫੁੱਟ ਤੱਕ ਚੌੜਾ ਕੀਤਾ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਆਵਾਜਾਈ ਦੌਰਾਨ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਇਸਦੇ ਨਾਲ ਹੀ ਸਮਾਣਾ ਮੰਡੀ ਵਿੱਚ ਵੀ ਤੇਜ਼ੀ ਨਾਲ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਇਸਦੇ ਨਾਲ ਹੀ ਜਿੱਥੇ ਪਿੰਡ ਦਦਹੇੜਾ ਵਿਖੇ ਮੰਡੀ ਬਣਾਈ ਜਾਵੇਗੀ, ਉੱਥੇ ਹੀ ਮਹਿਮਦਪੁਰ ਵਿਖੇ ਆਲੂ ਮੰਡੀ ਹੱਬ ਬਣਾਇਆ ਜਾ ਰਿਹਾ ਹੈ। ਮੰਡੀਆਂ ਨੂੰ 18 ਫੁੱਟ ਚੌੜੀਆਂ ਸੜਕਾਂ ਨਾਲ ਜੋੜਿਆ ਜਾ ਰਿਹਾ ਹੈ, ਤਾਂ ਜੋ ਕਿਸਾਨਾਂ ਨੂੰ ਮੰਡੀਆਂ ਤੱਕ ਫਸਲਾਂ ਪਹੁੰਚਾਉਣ ਵਿੱਚ ਕਿਸੇ ਕਿਸਮ ਦੀ ਕੋਈ ਅੜਚਣ ਨਾ ਹੋਵੇ।

ਇਸ ਮੌਕੇ ਮੌਜੂਦ ਸਰਪੰਚਾਂ ਨੇ ਸ. ਹਰਚੰਦ ਸਿੰਘ ਬਰਸਟ ਨੂੰ ਭਰੋਸਾ ਦਿਵਾਇਆ ਕਿ ਉਹ ਪੂਰੀ ਤਰ੍ਹਾਂ ਡਟ ਕੇ ਆਮ ਆਦਮੀ ਪਾਰਟੀ ਦੇ ਨਾਲ ਖੜ੍ਹੇ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਦੀ ਭਲਾਈ ਅਤੇ ਪਿੰਡਾਂ ਦੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੇ ਹਨ। ਇਸ ਦੌਰਾਨ ਸਰਪੰਚਾਂ ਨੇ ਆਪਣੇ ਇਲਾਕਿਆਂ ਦੇ ਵਿਕਾਸ ਕਾਰਜਾਂ ਸਬੰਧੀ ਆ ਰਹੀਆਂ ਮੁਸ਼ਕਲਾਂ ਵੀ ਸ. ਬਰਸਟ ਦੇ ਧਿਆਨ ਵਿੱਚ ਲਿਆਂਦੀਆਂ।

# ਸਿਹਤ ਖੇਤਰ ਦੇ ਬੁਨਿਆਦੀ ਢਾਂਚੇ ਨੂੰ ਕੀਤਾ ਜਾ ਰਿਹਾ ਹੈ ਮਜ਼ਬੂਤ : ਆਰਤੀ ਸਿੰਘ ਰਾਓ

**ਚੰਡੀਗੜ੍ਹ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਸਰਕਾਰ ਪੂਰੇ ਸੂਬੇ ਵਿੱਚ ਸਿਹਤ ਸੇਵਾਵਾਂ ਅਤੇ ਮੈਡੀਕਲ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ। ਇਸੇ ਲੜੀ ਵਿੱਚ ਇੱਕ ਮਹੱਤਵਪੂਰਨ ਫ਼ੈਸਲਾ ਲੈਂਦਿਆਂ ਰਾਜ ਸਰਕਾਰ ਨੇ ਚੰਡੀਗੜ੍ਹ ਸਥਿਤ ਐਮ.ਐਲ.ਏ. ਹਾਸਟਲ ਦੀ ਡਿਸਪੈਂਸਰੀ ਦੇ ਨਾਲ-ਨਾਲ ਅੰਬਾਲਾ ਸ਼ਹਿਰ ਅਤੇ ਕਰਨਾਲ ਜ਼ਿਲ੍ਹੇ ਦੇ ਨਾਗਰਿਕ ਹਸਪਤਾਲਾਂ ਲਈ ਨਵੀਆਂ ਅਤਿ-ਆਧੁਨਿਕ ਅਲਟਰਾਸਾਊਂਡ ਮਸ਼ੀਨਾਂ ਖਰੀਦਣ ਦੀ ਮਨਜ਼ੂਰੀ ਪ੍ਰਦਾਨ ਕੀਤੀ ਹੈ। ਇਸ ਕਦਮ ਦਾ ਮੁੱਖ ਉਦੇਸ਼ ਸਰਕਾਰੀ ਸਿਹਤ ਕੇਂਦਰਾਂ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਸਮੇਂ ਸਿਰ ਅਤੇ ਸਟੀਕ ਜਾਂਚ ਦੀਆਂ ਸਹੂਲਤਾਂ ਉਪਲਬਧ ਕਰਵਾਉਣਾ ਹੈ, ਤਾਂ ਜੋ ਉਨ੍ਹਾਂ ਨੂੰ ਇਲਾਜ ਅਤੇ ਡਾਇਗਨੋਸਿਸ ਲਈ ਮਹਿੰਗੇ ਨਿੱਜੀ ਸੈਂਟਰਾਂ 'ਤੇ ਨਿਰਭਰ ਨਾ ਰਹਿਣਾ ਪਵੇ।

ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਇਸ ਫ਼ੈਸਲੇ ਦੀ ਵਿਸਥਾਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੰਡੀਗੜ੍ਹ ਦੇ ਸੈਕਟਰ-3 ਸਥਿਤ ਐਮ.ਐਲ.ਏ. ਹਾਸਟਲ ਦੀ ਡਿਸਪੈਂਸਰੀ ਵਿੱਚ ਮੈਡੀਕਲ ਸਹੂਲਤਾਂ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਉੱਚ ਸ਼੍ਰੇਣੀ ਦੀ ਅਲਟਰਾਸਾਊਂਡ ਮਸ਼ੀਨ ਸਥਾਪਿਤ ਕੀਤੀ ਜਾਵੇਗੀ। ਇਸ ਮਸ਼ੀਨ ਦੀ ਖਰੀਦ ਅਤੇ ਇਸ ਨੂੰ ਪੂਰੀ ਤਰ੍ਹਾਂ ਨਾਲ ਚਾਲੂ ਕਰਨ 'ਤੇ ਲਗਭਗ 81 ਲੱਖ ਰੁਪਏ ਦੀ ਲਾਗਤ ਆਵੇਗੀ। ਐਮ.ਐਲ.ਏ. ਹਾਸਟਲ ਦੀ ਇਹ ਡਿਸਪੈਂਸਰੀ ਇਸ ਲਈ ਵੀ ਖਾਸ ਹੈ ਕਿਉਂਕਿ ਇੱਥੇ ਸੂਬੇ ਦੇ ਮੁੱਖ ਮੰਤਰੀ, ਕੈਬਨਿਟ ਮੰਤਰੀ, ਵਿਧਾਇਕ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਚੰਡੀਗੜ੍ਹ ਵਿੱਚ ਕੰਮ ਕਰ ਰਹੇ ਹਰਿਆਣਾ ਸਰਕਾਰ ਦੇ ਹਜ਼ਾਰਾਂ ਕਰਮਚਾਰੀ ਆਪਣਾ ਇਲਾਜ ਕਰਵਾਉਂਦੇ ਹਨ। ਡਿਸਪੈਂਸਰੀ ਵਿੱਚ ਨਵੀਂ ਤਕਨੀਕ ਨਾਲ ਲੈਸ ਮਸ਼ੀਨ ਲੱਗਣ ਨਾਲ ਇਨ੍ਹਾਂ ਸਾਰਿਆਂ ਨੂੰ ਤੁਰੰਤ ਅਤੇ ਮਿਆਰੀ ਸਿਹਤ ਜਾਂਚ ਦੀ ਸਹੂਲਤ ਆਪਣੇ ਕੈਂਪਸ ਵਿੱਚ ਹੀ ਮਿਲ ਜਾਵੇਗੀ। ਵੀ.ਆਈ.ਪੀ. ਵਿਵਸਥਾ ਦੇ ਨਾਲ-ਨਾਲ ਆਮ ਜਨਮਾਨਸ ਨੂੰ ਰਾਹਤ ਦੇਣ ਲਈ ਸਰਕਾਰ ਨੇ ਅੰਬਾਲਾ ਸ਼ਹਿਰ ਅਤੇ ਕਰਨਾਲ ਜ਼ਿਲ੍ਹੇ ਦੇ ਨਾਗਰਿਕ ਹਸਪਤਾਲਾਂ ਵਿੱਚ ਵੀ ਨਵੀਆਂ ਅਲਟਰਾਸਾਊਂਡ ਮਸ਼ੀਨਾਂ ਲਗਾਉਣ ਦੀ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਦੋਹਾਂ ਪ੍ਰਮੁੱਖ ਜ਼ਿਲ੍ਹਾ ਹਸਪਤਾਲਾਂ ਵਿੱਚ ਹਰ ਰੋਜ਼ ਵੱਡੀ ਗਿਣਤੀ ਵਿੱਚ ਮਰੀਜ਼ ਇਲਾਜ ਲਈ ਪਹੁੰਚਦੇ ਹਨ, ਜਿਨ੍ਹਾਂ ਵਿੱਚ ਗਰਭਵਤੀ ਮਹਿਲਾਵਾਂ ਅਤੇ ਵੱਖ-ਵੱਖ ਬਿਮਾਰੀਆਂ ਤੋਂ ਪੀੜਤ ਲੋਕ ਸ਼ਾਮਲ ਹਨ। ਅਕਸਰ ਸੀਮਤ ਸਾਧਨਾਂ ਕਾਰਨ ਅਲਟਰਾਸਾਊਂਡ ਲਈ ਮਰੀਜ਼ਾਂ ਨੂੰ ਲੰਬੀ ਵੇਟਿੰਗ ਲਿਸਟ ਝੱਲਣੀ ਪੈਂਦੀ ਸੀ।

ਸਿਹਤ ਮੰਤਰੀ ਆਰਤੀ ਸਿੰਘ ਰਾਓ ਦੇ ਅਨੁਸਾਰ, ਜਲਦ ਹੀ ਇਨ੍ਹਾਂ ਦੋਹਾਂ ਥਾਵਾਂ 'ਤੇ ਮਸ਼ੀਨਾਂ ਸਥਾਪਿਤ ਕਰ ਦਿੱਤੀਆਂ ਜਾਣਗੀਆਂ, ਜਿਸ ਨਾਲ ਸਥਾਨਕ ਅਤੇ ਆਸ-ਪਾਸ ਦੇ ਪੇਂਡੂ ਇਲਾਕਿਆਂ ਤੋਂ ਆਉਣ ਵਾਲੇ ਹਜ਼ਾਰਾਂ ਲੋਕਾਂ ਨੂੰ ਸਮੇਂ ਸਿਰ ਜਾਂਚ ਦੀ ਸਹੂਲਤ ਮਿਲੇਗੀ ਅਤੇ ਉਨ੍ਹਾਂ ਦਾ ਆਰਥਿਕ ਬੋਝ ਵੀ ਘੱਟ ਹੋਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਦਾ ਮੁੱਖ ਟੀਚਾ ਸੂਬੇ ਦੇ ਹਰ ਸਰਕਾਰੀ ਹਸਪਤਾਲ ਨੂੰ ਆਧੁਨਿਕ ਉਪਕਰਣਾਂ ਨਾਲ ਲੈਸ ਕਰਕੇ ਆਖਰੀ ਛੋਰ 'ਤੇ ਖੜ੍ਹੇ ਵਿਅਕਤੀ ਤੱਕ ਬਿਹਤਰ ਸਿਹਤ ਸੇਵਾਵਾਂ ਪਹੁੰਚਾਉਣਾ ਪ੍ਰਾਥਮਿਕਤਾ ਹੈ।

# ਇੱਛੁਕ ਸਿੱਖ ਸ਼ਰਧਾਲੂ 12 ਸਤੰਬਰ, 2026 ਤੱਕ ਕਰ ਸਕਦੇ ਹਨ ਅਰਜ਼ੀਆਂ

**ਚੰਡੀਗੜ੍ਹ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ (ਗੁਰਪੁਰਬ) ਦੇ ਪਾਵਨ ਮੌਕੇ 'ਤੇ ਪਾਕੀਸਤਾਨ ਵਿੱਚ 22 ਨਵੰਬਰ, 2026 ਤੋਂ 1 ਦਸੰਬਰ, 2026 ਤੱਕ ਆਯੋਜਿਤ ਹੋਣ ਵਾਲੇ ਧਾਰਮਿਕ ਸਮਾਰੋਹਾਂ ਵਿੱਚ ਹਿੱਸਾ ਲੈਣ ਲਈ ਸਿੱਖ ਸੰਗਤ ਤੋਂ ਅਰਜ਼ੀਆਂ ਮੰਗੀਆਂ ਹਨ।

ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਗ੍ਰਹਿ ਵਿਭਾਗ, ਹਰਿਆਣਾ ਸਰਕਾਰ ਵੱਲੋਂ ਇਸ ਪ੍ਰਸਤਾਵਿਤ ਸਿੱਖ ਜਥੇ ਵਿੱਚ ਸ਼ਾਮਲ ਹੋਣ ਦੇ ਇੱਛੁਕ ਸ਼ਰਧਾਲੂਆਂ ਤੋਂ ਅਰਜ਼ੀਆਂ ਮੰਗੀਆਂ ਗਈਆਂ ਹਨ।

ਇੱਛੁਕ ਸਿੱਖ ਸ਼ਰਧਾਲੂ ਆਪਣੀਆਂ ਅਰਜ਼ੀਆਂ 12 ਸਤੰਬਰ, 2026 ਤੱਕ ਜਾਂ ਇਸ ਤੋਂ ਪਹਿਲਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਕੁਰੂਕਸ਼ੇਤਰ ਕੋਲ ਜਮ੍ਹਾਂ ਕਰਵਾ ਸਕਦੇ ਹਨ, ਤਾਂ ਜੋ ਤੈਅ ਸਮਾਂ ਸੀਮਾ ਦੇ ਅੰਦਰ ਪੁਲਿਸ ਤਸਦੀਕ ਅਤੇ ਹੋਰ ਜ਼ਰੂਰੀ ਰਸਮੀ ਕਾਰਵਾਈਆਂ ਪੂਰੀਆਂ ਕੀਤੀਆਂ ਜਾ ਸਕਣ।

ਬੁਲਾਰੇ ਨੇ ਅਪੀਲ ਕੀਤੀ ਹੈ ਕਿ ਸਾਰੇ ਬਿਨੈਕਾਰ ਤੈਅ ਸਮੇਂ ਦੇ ਅੰਦਰ ਆਪਣੇ ਪੂਰੇ ਵੇਰਵਿਆਂ ਨਾਲ ਸਾਰੇ ਜ਼ਰੂਰੀ ਦਸਤਾਵੇਜ਼ ਨੱਥੀ ਕਰਕੇ ਹੀ ਅਰਜ਼ੀਆਂ ਜਮ੍ਹਾਂ ਕਰਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਅਧੂਰੀਆਂ ਅਰਜ਼ੀਆਂ ਜਾਂ ਤੈਅ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ 'ਤੇ ਕਿਸੇ ਵੀ ਸੂਰਤ ਵਿੱਚ ਵਿਚਾਰ ਨਹੀਂ ਕੀਤਾ ਜਾਵੇਗਾ। ਸਮਾਂ ਸੀਮਾ ਦੇ ਅੰਦਰ ਪ੍ਰਾਪਤ ਸਾਰੀਆਂ ਅਰਜ਼ੀਆਂ ਨੂੰ ਲਾਗੂ ਨਿਯਮਾਂ ਅਤੇ ਤੈਅ ਪ੍ਰਕਿਰਿਆ ਦੇ ਅਨੁਸਾਰ ਅੱਗੇ ਦੀ ਕਾਰਵਾਈ ਲਈ ਪ੍ਰੋਸੈਸ ਕੀਤਾ ਜਾਵੇਗਾ।

# ਰਾਓ ਨਰਬੀਰ ਸਿੰਘ ਨੇ ਅਧਿਕਾਰੀਆਂ ਨੂੰ ਦਿੱਤੇ ਸਖ਼ਤ ਨਿਰਦੇਸ਼, ਕਿਹਾ : ਡੀ.ਐੱਫ.ਓ. ਦੀ ਮਨਮਾਨੀ ਨਹੀਂ ਚੱਲੇਗੀ

**ਚੰਡੀਗੜ੍ਹ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਵਣ ਅਤੇ ਵਾਤਾਵਰਣ ਮੰਤਰੀ ਰਾਓ ਨਰਬੀਰ ਸਿੰਘ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਵਣ ਮਿੱਤਰਾਂ ਦੀ ਵਿੱਤੀ ਸਾਲ 2025-26 ਅਤੇ 2026-27 ਦੀ ਰੱਖ-ਰਖਾਅ ਦੀ ਬਕਾਇਆ ਰਾਸ਼ੀ ਦਾ ਭੁਗਤਾਨ 15 ਸਤੰਬਰ ਤੱਕ ਹਰ ਹਾਲ ਵਿੱਚ ਯਕੀਨੀ ਬਣਾਇਆ ਜਾਵੇ। ਉਨ੍ਹਾਂ ਜ਼ਿਲ੍ਹਾ ਵਣ ਅਧਿਕਾਰੀਆਂ (ਡੀ.ਐੱਫ.ਓ.), ਜੋ ਕਿ ਆਹਰਣ ਅਤੇ ਵੰਡ ਅਧਿਕਾਰੀ ਵੀ ਹਨ, ਨੂੰ ਇਸ ਸੰਬੰਧ ਵਿੱਚ ਸਪੱਸ਼ਟ ਅਤੇ ਸਖ਼ਤ ਨਿਰਦੇਸ਼ ਜਾਰੀ ਕਰਨ ਲਈ ਕਿਹਾ।

ਰਾਓ ਨਰਬੀਰ ਸਿੰਘ ਨੇ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਡੀ.ਐੱਫ.ਓ. ਦੀ ਮਨਮਾਨੀ ਨਹੀਂ ਚੱਲੇਗੀ। ਵਣ ਮਿੱਤਰ ਬੂਟੇ ਲਗਾਉਣ ਦੀ ਮੁਹਿੰਮ ਵਿੱਚ ਵਣ ਵਿਭਾਗ ਅਤੇ ਆਮ ਲੋਕਾਂ ਵਿਚਕਾਰ ਇੱਕ ਮਹੱਤਵਪੂਰਨ ਕੜੀ ਹਨ।

ਉਨ੍ਹਾਂ ਕਿਹਾ ਕਿ ਵਣ ਮਿੱਤਰਾਂ ਨੂੰ ਨਿੱਜੀ ਜ਼ਮੀਨ ਦੇ ਨਾਲ-ਨਾਲ ਵਣ ਵਿਭਾਗ ਦੀ ਜ਼ਮੀਨ 'ਤੇ ਵੀ ਬੂਟੇ ਲਗਾਉਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ, ਤਾਂ ਜੋ ਸੂਬੇ ਵਿੱਚ ਹਰਿਆ ਭਰਿਆ ਖੇਤਰ ਵਧਾਉਣ ਅਤੇ 'ਹਰਿਆ ਹਰਿਆਣਾ' ਦੇ ਟੀਚੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਾਕਾਰ ਕੀਤਾ ਜਾ ਸਕੇ।

ਵਣ ਅਤੇ ਵਾਤਾਵਰਣ ਮੰਤਰੀ ਅੱਜ ਵਣ ਮਿੱਤਰਾਂ ਦੀਆਂ ਮੰਗਾਂ ਨਾਲ ਸਬੰਧਤ ਲੰਬਿਤ ਮੁੱਦਿਆਂ ਨੂੰ ਲੈ ਕੇ ਵਿਭਾਗੀ ਅਧਿਕਾਰੀਆਂ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ ਸ਼੍ਰੀ ਸੁਧੀਰ ਰਾਜਪਾਲ, ਪ੍ਰਧਾਨ ਮੁੱਖ ਵਣ ਸਰਪ੍ਰਸਤ ਡਾ. ਕੇ.ਸੀ. ਮੀਣਾ, ਸ਼੍ਰੀ ਟੀ.ਪੀ. ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਹਜ਼ਾਰ ਸਨ।

ਮੀਟਿੰਗ ਵਿੱਚ ਦੱਸਿਆ ਗਿਆ ਕਿ ਸਾਲ 2026-27 ਦੌਰਾਨ 635 ਵਣ ਮਿੱਤਰਾਂ ਦੁਆਰਾ ਲਗਭਗ 4 ਲੱਖ ਬੂਟੇ ਲਗਾਏ ਗਏ। ਇਨ੍ਹਾਂ ਵਿੱਚੋਂ 2 ਲੱਖ 14 ਹਜ਼ਾਰ 992 ਬੂਟਿਆਂ ਦੀ ਤਸਦੀਕ ਪੋਰਟਲ 'ਤੇ ਵੇਰਵੇ ਅੱਪਲੋਡ ਕਰਨ ਤੋਂ ਬਾਅਦ ਵਣ ਰੱਖਿਅਕਾਂ ਅਤੇ ਹੋਰ ਅਧਿਕਾਰੀਆਂ ਦੁਆਰਾ ਕੀਤੀ ਜਾ ਚੁੱਕੀ ਹੈ।

ਰਾਓ ਨਰਬੀਰ ਸਿੰਘ ਨੇ ਨਿਰਦੇਸ਼ ਦਿੱਤੇ ਕਿ ਵਣ ਮਿੱਤਰਾਂ ਵਜੋਂ ਰਜਿਸਟ੍ਰੇਸ਼ਨ ਲਈ ਪੋਰਟਲ ਨੂੰ 30 ਸਤੰਬਰ 2026 ਤੱਕ ਖੁੱਲ੍ਹਾ ਰੱਖਿਆ ਜਾਵੇ। ਉਨ੍ਹਾਂ ਪਹਿਲਾਂ ਤੋਂ ਰਜਿਸਟਰਡ ਵਣ ਮਿੱਤਰਾਂ ਨੂੰ ਵੀ ਆਪਣੇ ਖੇਤਰ ਦੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਮੁਹਿੰਮ ਨਾਲ ਜੋੜਨ ਲਈ ਪ੍ਰੇਰਿਤ ਕਰਨ ਦਾ ਸੱਦਾ ਦਿੱਤਾ।

ਉਨ੍ਹਾਂ ਸਵੈ-ਸਹਾਇਤਾ ਸਮੂਹਾਂ ਦੇ ਮਾਧਿਅਮ ਨਾਲ ਮਹਿਲਾਵਾਂ ਨੂੰ ਵੀ ਵਣ ਮਿੱਤਰ ਵਜੋਂ ਰਜਿਸਟਰਡ ਕਰਨ ਦੀ ਪਹਿਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਸ ਸਾਲ ਰੱਖੜੀ ਦੇ ਤਿਉਹਾਰ ਮੌਕੇ ਮਹਿਲਾਵਾਂ ਨੂੰ 'ਇੱਕ ਰੱਖੜੀ, ਇੱਕ ਰੁੱਖ' ਲਈ ਪ੍ਰੇਰਿਤ ਕੀਤਾ ਗਿਆ ਸੀ, ਜਿਸ 'ਤੇ ਮਹਿਲਾਵਾਂ ਨੇ ਵੱਡੀ ਗਿਣਤੀ ਵਿੱਚ ਉਤਸ਼ਾਹ ਦਿਖਾਇਆ।

ਵਣ ਮੰਤਰੀ ਨੇ ਕਿਹਾ ਕਿ ਵਣ ਵਿਭਾਗ ਨੂੰ ਆਪਣੀ ਜ਼ਮੀਨ ਵੀ ਬੂਟੇ ਲਗਾਉਣ ਲਈ ਉਪਲਬਧ ਕਰਵਾਉਣੀ ਚਾਹੀਦੀ ਹੈ, ਤਾਂ ਜੋ ਵੱਧ ਤੋਂ ਵੱਧ ਬੂਟੇ ਲਗਾਏ ਜਾ ਸਕਣ ਅਤੇ 4 ਤੋਂ 5 ਸਾਲ ਤੱਕ ਉਨ੍ਹਾਂ ਦੀ ਦੇਖਭਾਲ ਯਕੀਨੀ ਬਣਾਈ ਜਾ ਸਕੇ।

ਮੀਟਿੰਗ ਵਿੱਚ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਪ੍ਰਾਣ ਵਾਯੂ ਦੇਵਤਾ ਪੈਨਸ਼ਨ ਯੋਜਨਾ ਤਹਿਤ ਸੂਬੇ ਵਿੱਚ ਲਗਭਗ 5,300 ਰੁੱਖਾਂ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਰੁੱਖਾਂ ਦੀ ਦੇਖਭਾਲ ਕਰਨ ਵਾਲੇ ਵਿਅਕਤੀਆਂ ਨੂੰ ਸਰਕਾਰ ਵੱਲੋਂ ਪ੍ਰਤੀ ਸਾਲ 1,000 ਰੁਪਏ ਦੀ ਪੈਨਸ਼ਨ ਪ੍ਰਦਾਨ ਕੀਤੀ ਜਾਂਦੀ ਹੈ।

# ਆਲੂ ਦੀਆਂ ਵੱਖ-ਵੱਖ ਕਿਸਮਾਂ ਦੇ ਮਿਆਰੀ ਬੀਜ ਮੁਹੱਈਆ ਕਰਵਾ ਰਹੀ ਹੈ ਸਰਕਾਰ: ਸ਼ਿਆਮ ਸਿੰਘ ਰਾਣਾ

**ਚੰਡੀਗੜ੍ਹ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਕਲਿਆਣ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਦੱਸਿਆ ਕਿ ਰਾਜ ਸਰਕਾਰ ਬਾਗਬਾਨੀ ਵਿਭਾਗ ਰਾਹੀਂ ਸੂਬੇ ਦੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਦੇ ਉਦੇਸ਼ ਨਾਲ ਆਲੂ ਦੀਆਂ ਵੱਖ-ਵੱਖ ਉੱਨਤ ਅਤੇ ਰੋਗ-ਰੋਧਕ ਕਿਸਮਾਂ ਦੇ ਮਿਆਰੀ ਬੀਜ ਉਪਲਬਧ ਕਰਵਾ ਰਹੀ ਹੈ।

ਕਰਨਾਲ ਦੇ ਸ਼ਾਮਗੜ੍ਹ ਸਥਿਤ ਆਲੂ ਤਕਨਾਲੋਜੀ ਕੇਂਦਰ ਵੱਲੋਂ ਕੁਫ਼ਰੀ ਪੁਖਰਾਜ, ਕੁਫ਼ਰੀ ਮੋਹਨ, ਕੁਫ਼ਰੀ ਖਿਆਤੀ, ਕੁਫ਼ਰੀ ਚਿਪਸੋਨਾ ਅਤੇ ਕੁਫ਼ਰੀ ਫ੍ਰਾਈਸੋਨਾ ਵਰਗੀਆਂ ਉੱਚ ਉਤਪਾਦਕਤਾ ਵਾਲੀਆਂ ਕਿਸਮਾਂ ਦੇ ਅਰਲੀ ਜਨਰੇਸ਼ਨ ਸੀਡ ਅਤੇ ਮਿਨੀਟਿਊਬਰਜ਼ ਪਾਰਦਰਸ਼ੀ ਵਿਵਸਥਾ ਤਹਿਤ ਕਿਸਾਨਾਂ ਨੂੰ ਦਿੱਤੇ ਜਾ ਰਹੇ ਹਨ।

ਸ਼੍ਰੀ ਰਾਣਾ ਨੇ ਦੱਸਿਆ ਕਿ ਕਿਸਾਨ ਬਾਗਬਾਨੀ ਵਿਭਾਗ ਦੇ ਅਧਿਕਾਰਤ ਪੋਰਟਲ ਰਾਹੀਂ ਆਸਾਨੀ ਨਾਲ ਘਰ ਬੈਠੇ ਇਨ੍ਹਾਂ ਬੀਜਾਂ ਦੀ ਆਨਲਾਈਨ ਬੁਕਿੰਗ ਕਰ ਸਕਦੇ ਹਨ। ਇਨ੍ਹਾਂ ਪ੍ਰਮ ?ਣਿਤ ਅਤੇ ਵਾਇਰਸ-ਮੁਕਤ ਬੀਜਾਂ ਦੀ ਵਰਤੋਂ ਨਾਲ ਨਾ ਸਿਰਫ਼ ਪ੍ਰਤੀ ਏਕੜ ਆਲੂ ਦੇ ਝਾੜ ਵਿੱਚ ਮਹੱਤਵਪੂਰਨ ਵਾਧਾ ਹੋਵੇਗਾ, ਸਗੋਂ ਫ਼ਸਲ ਦੀ ਬਿਹਤਰ ਗੁਣਵੱਤਾ ਕਾਰਨ ਕਿਸਾਨਾਂ ਨੂੰ ਬਾਜ਼ਾਰ ਵਿੱਚ ਆਪਣੀ ਪੈਦਾਵਾਰ ਦਾ ਪ੍ਰੀਮੀਅਮ ਭਾਵ ਮਿਲੇਗਾ, ਜਿਸ ਨਾਲ ਉਨ੍ਹਾਂ ਦੀ ਸ਼ੁੱਧ ਆਮਦਨ ਵਿੱਚ ਸਿੱਧਾ ਵਾਧਾ ਹੋਵੇਗਾ।

ਉਨ੍ਹਾਂ ਦੱਸਿਆ ਕਿ ਇਸ ਕੇਂਦਰ ਵਿੱਚ ਅਰਲੀ ਜਨਰੇਸ਼ਨ ਸੀਡ (ਈਅਰ-3) ਤਹਿਤ ਕੁਫ਼ਰੀ ਪੁਖਰਾਜ ਕਿਸਮ ਦਾ 1276 ਕੁਇੰਟਲ ਸੀਡ ਸਾਈਜ਼, 298.5 ਕੁਇੰਟਲ ਅੰਡਰ ਸਾਈਜ਼ ਅਤੇ 157 ਕੁਇੰਟਲ ਓਵਰ ਸਾਈਜ਼ ਬੀਜ ਉਪਲਬਧ ਹੈ। ਇਸੇ ਤਰ੍ਹਾਂ ਅਰਲੀ ਜਨਰੇਸ਼ਨ ਸੀਡ (ਈਅਰ-4) ਵਿੱਚ ਕੁਫ਼ਰੀ ਮੋਹਨ ਕਿਸਮ ਦਾ 255.5 ਕੁਇੰਟਲ ਸੀਡ ਸਾਈਜ਼, 9 ਕੁਇੰਟਲ ਅੰਡਰ ਸਾਈਜ਼ ਅਤੇ 210 ਕੁਇੰਟਲ ਓਵਰ ਸਾਈਜ਼ ਬੀਜ ਉਪਲਬਧ ਹੈ। ਅਰਲੀ ਜਨਰੇਸ਼ਨ ਸੀਡ (ਈਅਰ-1) ਵਰਗ ਦੇ ਤਹਿਤ ਕੁਫ਼ਰੀ ਚਿਪਸੋਨਾ-1 ਦਾ 1 ਕੁਇੰਟਲ ਅੰਡਰ ਸਾਈਜ਼, ਕੁਫ਼ਰੀ ਖਿਆਤੀ ਦਾ 2.5 ਕੁਇੰਟਲ ਸੀਡ ਸਾਈਜ਼ ਅਤੇ 20.5 ਕੁਇੰਟਲ ਓਵਰ ਸਾਈਜ਼ ਅਤੇ ਕੁਫ਼ਰੀ ਉਦੈ ਦਾ 0.5 ਕੁਇੰਟਲ ਓਵਰ ਸਾਈਜ਼ ਬੀਜ ਕਿਸਾਨਾਂ ਲਈ ਉਪਲਬਧ ਕਰਵਾਇਆ ਗਿਆ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਪੀ.ਟੀ.ਸੀ.ਐੱਮ.ਟੀ. ਸ਼੍ਰੇਣੀ ਵਿੱਚ ਵੀ ਆਲੂ ਦੇ ਮਿਨੀਟਿਊਬਰਜ਼ ਦੀ ਲੋੜੀਂਦੀ ਉਪਲਬਧਤਾ ਹੈ, ਜਿਸ ਵਿੱਚ ਕੁਫ਼ਰੀ ਉਦੈ ਦੇ 25,000 ਨਗ, ਕੁਫ਼ਰੀ ਚਿਪਸੋਨਾ-1 ਦੇ 8,000 ਨਗ, ਕੁਫ਼ਰੀ ਹਿਮਾਲਿਨੀ ਦੇ 11,000 ਨਗ ਅਤੇ ਕੁਫ਼ਰੀ ਫ੍ਰਾਈਸੋਨਾ ਦੇ 75,000 ਨਗ ਸ਼ਾਮਲ ਹਨ। ਕਿਸਾਨ ਆਪਣੀ ਲੋੜ ਅਨੁਸਾਰ ਪੋਰਟਲ ਰਾਹੀਂ ਸਮਾਂ ਰਹਿੰਦਿਆਂ ਬੁਕਿੰਗ ਯਕੀਨੀ ਬਣਾ ਸਕਦੇ ਹਨ। ਬੀਜਾਂ ਦੀ ਉਪਲਬਧਤਾ, ਬੁਕਿੰਗ ਪ੍ਰਕਿਰਿਆ ਜਾਂ ਕਿਸੇ ਹੋਰ ਤਕਨੀਕੀ ਸਹਾਇਤਾ ਅਤੇ ਵਧੇਰੇ ਜਾਣਕਾਰੀ ਲਈ ਕਿਸਾਨ ਵਿਭਾਗ ਦੇ ਮੋਬਾਈਲ ਨੰਬਰ 8619199628 'ਤੇ ਸਿੱਧਾ ਸੰਪਰਕ ਕਰ ਸਕਦੇ ਹਨ।

# ਸ੍ਰੀ ਦਸਮੇਸ਼ ਮਾਰਸ਼ਲ ਸਪੋਰਟਸ ਅਕੈਡਮੀ ਵਿਖੇ ਅੱਜ ਤੋਂ ਖੇਡਾਂ ਵਤਨ ਪੰਜਾਬ ਦੀਆਂ ਦੇ ਹੋਣਗੇ ਖੇਡ ਮੁਕਾਬਲੇ ਸ਼ੁਰੂ

**ਸ੍ਰੀ ਆਨੰਦਪੁਰ ਸਾਹਿਬ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਬਲਾਕ ਸ੍ਰੀ ਅਨੰਦਪੁਰ ਸਾਹਿਬ ਦੇ ਖੇਡ ਮੁਕਾਬਲੇ 9 ਤੋਂ 11 ਸਤੰਬਰ 2026 ਤੱਕ ਸ੍ਰੀ ਦਸ਼ਮੇਸ਼ ਮਾਰਸ਼ਲ ਸਪੋਰਟਸ ਅਕੈਡਮੀ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾਣਗੇ। ਇਨ੍ਹਾਂ ਖੇਡਾਂ ਦਾ ਉਦੇਸ਼ ਨੌਜਵਾਨਾਂ ਅਤੇ ਖਿਡਾਰੀਆਂ ਨੂੰ ਖੇਡਾਂ ਨਾਲ ਜੋੜਨਾ, ਉਨ੍ਹਾਂ ਦੀ ਪ੍ਰਤਿਭਾ ਨੂੰ ਉਭਾਰਨਾ ਅਤੇ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰਨਾ ਹੈ। ਤਿੰਨ ਦਿਨਾਂ ਦੌਰਾਨ ਐਥਲੈਟਿਕਸ, ਕਬੱਡੀ (ਨੈਸ਼ਨਲ ਅਤੇ ਸਰਕਲ ਸਟਾਈਲ), ਵਾਲੀਬਾਲ, ਖੋ-ਖੋ ਅਤੇ ਫੁੱਟਬਾਲ ਦੇ ਮੁਕਾਬਲੇ ਕਰਵਾਏ ਜਾਣਗੇ।

9 ਸਤੰਬਰ ਨੂੰ ਲੜਕੀਆਂ ਦੇ ਅੰਡਰ-14, ਅੰਡਰ-17, ਅੰਡਰ-21, ਅੰਡਰ-30 ਅਤੇ ਅੰਡਰ-31 ਤੋਂ 40 ਸਾਲ ਵਰਗ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਤੋਂ ਇਲਾਵਾ ਅੰਡਰ-14 ਲੜਕਿਆਂ ਦੇ ਮੁਕਾਬਲੇ ਵੀ ਇਸੇ ਦਿਨ ਕਰਵਾਏ ਜਾਣਗੇ। ਸਬੰਧਤ ਖਿਡਾਰੀਆਂ ਅਤੇ ਟੀਮਾਂ ਨੂੰ ਸਮੇਂ ਸਿਰ ਸਥਾਨ 'ਤੇ ਪਹੁੰਚ ਕੇ ਆਪਣੀ ਐਂਟਰੀ ਕਰਵਾਉਣ ਦੀ ਹਦਾਇਤ ਕੀਤੀ ਗਈ ਹੈ। ਲੜਕੀਆਂ ਅਤੇ ਅੰਡਰ-14 ਲੜਕਿਆਂ ਲਈ ਵੱਖ-ਵੱਖ ਵਰਗਾਂ ਅਨੁਸਾਰ ਮੁਕਾਬਲੇ ਕਰਵਾਏ ਜਾਣਗੇ, ਜਿਸ ਵਿੱਚ ਖਿਡਾਰੀਆਂ ਨੂੰ ਆਪਣੀ ਖੇਡ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲੇਗਾ।

ਐਂਟਰੀ ਦਾ ਸਮਾਂ ਸਵੇਰੇ 9 ਵਜੇ ਤੱਕ ਅਤੇ ਮੁਕਾਬਲੇ ਸਵੇਰੇ 9:30 ਵਜੇ ਸ਼ੁਰੂ ਹੋਣਗੇ। ਸਵੇਰੇ 9 ਵਜੇ ਤੋਂ ਬਾਅਦ ਕਿਸੇ ਵੀ ਟੀਮ ਦੀ ਐਂਟਰੀ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ 9:30 ਵਜੇ ਤੋਂ ਬਾਅਦ ਕਿਸੇ ਵੀ ਟੀਮ ਜਾਂ ਖਿਡਾਰੀ ਸਬੰਧੀ ਕੋਈ ਦਾਅਵਾ ਜਾਂ ਐਂਟਰੀ ਪ੍ਰਵਾਨ ਨਹੀਂ ਕੀਤੀ ਜਾਵੇਗੀ। ਬਾਕੀ ਰਹਿੰਦੇ ਲੜਕਿਆਂ ਦੇ ਸਾਰੇ ਵਰਗਾਂ ਦੀਆਂ ਟੀਮਾਂ ਦੀ ਐਂਟਰੀ ਵੀ 9 ਸਤੰਬਰ ਨੂੰ ਹੀ ਹੋਵੇਗੀ ਅਤੇ ਇਸ ਲਈ ਐਂਟਰੀ ਦਾ ਸਮਾਂ ਸਵੇਰੇ 10 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ। ਇਸ ਤੋਂ ਬਾਅਦ ਲੜਕਿਆਂ ਦੀ ਕਿਸੇ ਵੀ ਟੀਮ ਦੀ ਐਂਟਰੀ ਸਵੀਕਾਰ ਨਹੀਂ ਕੀਤੀ ਜਾਵੇਗੀ।ਖਿਡਾਰੀਆਂ ਅਤੇ ਟੀਮ ਇੰਚਾਰਜਾਂ ਨੂੰ ਐਂਟਰੀ ਸਮੇਂ ਐਂਟਰੀ ਫਾਰਮ/ਸਮਰੀ ਸ਼ੀਟ, ਖਿਡਾਰੀ ਦਾ ਅਸਲ ਜਨਮ ਪ੍ਰਮਾਣ ਪੱਤਰ, ਅਸਲ ਆਧਾਰ ਕਾਰਡ, ਅਟੈਸਟਡ ਫੋਟੋ ਅਤੇ ਭਰਿਆ ਹੋਇਆ ਰਿਫਰੈਸ਼ਮੈਂਟ ਫਾਰਮ ਲਿਆਉਣਾ ਲਾਜ਼ਮੀ ਹੋਵੇਗਾ। ਪ੍ਰਬੰਧਕਾਂ ਵੱਲੋਂ ਸਾਰੀਆਂ ਟੀਮਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਾਰੇ ਜ਼ਰੂਰੀ ਦਸਤਾਵੇਜ਼ ਪੂਰੇ ਰੂਪ ਵਿੱਚ ਨਾਲ ਲੈ ਕੇ ਆਉਣ ਅਤੇ ਨਿਰਧਾਰਤ ਸਮੇਂ ਤੋਂ ਪਹਿਲਾਂ ਆਪਣੀ ਐਂਟਰੀ ਯਕੀਨੀ ਬਣਾਉਣ। 'ਖੇਡਾਂ ਵਤਨ ਪੰਜਾਬ ਦੀਆਂ' ਰਾਹੀਂ ਖਿਡਾਰੀਆਂ ਨੂੰ ਆਪਣੀ ਕਾਬਲੀਅਤ ਦਿਖਾਉਣ ਲਈ ਮਿਲ ਰਿਹਾ ਇਹ ਮੰਚ ਖੇਡਾਂ ਪ੍ਰਤੀ ਉਤਸ਼ਾਹ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਇਸ ਖੇਡ ਮੇਲੇ ਸੰਬੰਧੀ ਖੇਡ ਅਧਿਆਪਕਾਂ ਦੀ ਇੱਕ ਮੀਟਿੰਗ ਸ੍ਰੀ ਦਸ਼ਮੇਸ਼ ਮਾਰਸ਼ਲ ਆਰਟਸ ਅਤੇ ਸਪੋਰਟਸ ਅਕੈਡਮੀ ਵਿਖੇ ਹੋਈ ਜਿਸ ਵਿੱਚ ਸਾਰੇ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਗਿਆ। ਇਸ ਮੀਟਿੰਗ ਵਿੱਚ ਖੇਡ ਵਿਭਾਗ ਦੇ ਕੋਚ ਅਮਰਜੀਤ ਸਿੰਘ ਅਤੇ ਬਲਾਕ ਖੇਡ ਇੰਚਾਰਜ ਅਸ਼ੋਕ ਕੁਮਾਰ ਰਾਣਾ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਉਹਨਾਂ ਖੇਡ ਅਧਿਆਪਕਾਂ ਦੀਆਂ ਡਿਊਟੀਆਂ ਵੀ ਲਗਾਈਆਂ। ਇਸ ਮੌਕੇ ਇਦਰਪਾਲ ਸਿੰਘ, ਮੁੱਖ ਕੋਚ ਜਗਬੀਰ ਸਿੰਘ, ਇਕਬਾਲ ਸਿੰਘ ਮਟੌਰ, ਨੀਲਮ ਰਾਣੀ, ਸੁਮਨ ਚਾਂਦਲਾ ਲਖਬੀਰ ਕੌਰ ,ਬਰਜਿੰਦਰ ਸਿੰਘ ,ਮਨਦੀਪ ਕੁਮਾਰ ,ਪਿਆਰੇ ਲਾਲ ,ਸੁਰੇਸ਼ ਕੁਮਾਰ ,ਵਿਜੇ ਕੁਮਾਰ ,ਗੁਰਪ੍ਰੀਤ ਕੌਰ ,ਅਸ਼ਵਨੀ ਕੁਮਾਰ ,ਦਲਜੀਤ ਸਿੰਘ ,ਅਮਰੀਕ ਸਿੰਘ ,ਸੁਰਜੀਤ ਸਿੰਘ ,ਯਾਦਵਿੰਦਰ ਸਿੰਘ ,ਰਾਮ ਕੁਮਾਰ, ਪਰਮਪਾਲ ਸਿੰਘ ਕੁਲਦੀਪ ਸਿੰਘ ਕਾਲਾ ਸਮੇਤ ਵੱਡੀ ਗਿਣਤੀ ਵਿੱਚ ਖੇਡ ਅਧਿਆਪਕ ਹਾਜ਼ਰ ਸਨ।

# ਲੀਜ਼ਹੋਲਡ ਜਾਇਦਾਦਾਂ ਨੂੰ ਫ੍ਰੀਹੋਲਡ ਵਿੱਚ ਬਦਲਣ ਲਈ ਸੀਐੱਚਬੀ ਜਨ ਸੁਵਿਧਾ ਕੈਂਪ ਦਾ ਆਯੋਜਨ ਕਰੇਗਾ

**ਚੰਡੀਗੜ੍ਹ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਹਾਊਸਿੰਗ ਬੋਰਡ (ਸੀਐੱਚਬੀ) ਰਿਹਾਇਸ਼ੀ ਇਕਾਈਆਂ ਅਤੇ ਕਮਰਸ਼ੀਅਲ ਜਾਇਦਾਦਾਂ ਦੇ ਅਲਾਟੀਆਂ ਅਤੇ ਮਾਲਕਾਂ ਦੀ ਸੁਵਿਧਾ ਲਈ ਜਨ ਸੁਵਿਧਾ ਕੈਂਪ ਦਾ ਆਯੋਜਨ ਕਰ ਰਿਹਾ ਹੈ ਜੋ ਆਪਣੀਆਂ ਲੀਜ਼ਹੋਲਡ ਜਾਇਦਾਦਾਂ ਨੂੰ ਫ੍ਰੀਹੋਲਡ ਵਿੱਚ ਬਦਲਣਾ ਚਾਹੁੰਦੇ ਹਨ।

ਇਹ ਕੈਂਪ 10 ਸਤੰਬਰ ਤੋਂ 25 ਸਤੰਬਰ, 2026 ਤੱਕ, ਛੁੱਟੀਆਂ ਨੂੰ ਛੱਡ ਕੇ, ਸਾਰੇ ਕੰਮਕਾਜੀ ਦਿਨਾਂ 'ਤੇ ਸਵੇਰੇ 11:00 ਵਜੇ ਤੋਂ ਸ਼ਾਮ 4:00 ਵਜੇ ਤੱਕ ਮਲਟੀਪਰਪਜ਼ ਹਾਲ, 6ਵੀਂ ਮੰਜ਼ਿਲ, ਚੰਡੀਗੜ੍ਹ ਹਾਊਸਿੰਗ ਬੋਰਡ, ਸੈਕਟਰ 9-ਡੀ, ਚੰਡੀਗੜ੍ਹ ਵਿਖੇ ਆਯੋਜਿਤ ਕੀਤਾ ਜਾਵੇਗਾ।

ਅਲਾਟੀਆਂ ਅਤੇ ਮਾਲਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਪਰਿਵਰਤਨ ਮਾਮਲਿਆਂ ਦੀ ਪ੍ਰਕਿਰਿਆ ਲਈ ਆਪਣੇ ਅਲਾਟਮੈਂਟ ਪੱਤਰ/ਟ੍ਰਾਂਸਫਰ ਡੀਡ ਦੀਆਂ ਕਾਪੀਆਂ, ਨਵੀਨਤਮ ਭੁਗਤਾਨ ਰਸੀਦਾਂ, ਪਹਿਚਾਣ ਅਤੇ ਪਤੇ ਦੇ ਪ੍ਰਮਾਣ ਅਤੇ ਹੋਰ ਸਬੰਧਿਤ ਦਸਤਾਵੇਜ਼ਾਂ ਦੀਆਂ ਕਾਪੀਆਂ ਨਾਲ ਲੈ ਕੇ ਆਉਣ।

ਬਿਨੈਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਕੈਂਪ ਵਿੱਚ ਆਉਣ ਤੋਂ ਪਹਿਲਾਂ ਉਹ ਸੀਐੱਚਬੀ ਦੇ ਪੋਰਟਲ 'ਤੇ 'ਤੇ ਲਾਗੂ ਪਰਿਵਰਤਨ ਖਰਚੇ ਅਤੇ ਬਕਾਇਆ ਰਕਮ, ਜੇਕਰ ਕੋਈ ਹੋਵੇ, ਦੀ ਜਾਣਕਾਰੀ ਪ੍ਰਾਪਤ ਕਰ ਲੈਣ।

ਇਸ ਨਾਲ ਕੈਂਪ ਦੇ ਦੌਰਾਨ ਉਨ੍ਹਾਂ ਦੀਆਂ ਅਰਜ਼ੀਆਂ ਦਾ ਜਲਦੀ ਨਿਪਟਾਰਾ ਸੁਨਿਸ਼ਚਿਤ ਕਰਨ ਵਿੱਚ ਸਹਾਇਤਾ ਮਿਲੇਗੀ।

ਸੀਐੱਚਬੀ ਸਾਰੇ ਪਾਤਰ ਅਲਾਟੀਆਂ ਅਤੇ ਮਾਲਕਾਂ ਨੂੰ ਇਸ ਅਵਸਰ ਦਾ ਲਾਭ ਉਠਾਉਣ ਅਤੇ ਆਪਣੀਆਂ ਲੀਜ਼ਹੋਲਡ ਜਾਇਦਾਦਾਂ ਨੂੰ ਫ੍ਰੀਹੋਲਡ ਵਿੱਚ ਬਦਲਣ ਲਈ ਕੈਂਪ ਵਿੱਚ ਆਉਣ ਦੀ ਅਪੀਲ ਕਰਦਾ ਹੈ।

# ਫਲਦਾਰ ਬੂਟਿਆਂ ਦੀ ਫ਼ਲ ਬਗੀਚੀ ਦੀ ਸਥਾਪਨਾ ਸੰਬੰਧੀ ਜਾਗਰੂਕਤਾ ਕੈਂਪ




**ਬਟਾਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਸ਼ੰਕਰਪੁਰਾ, ਬਲਾਕ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਫਲਦਾਰ ਪੌਦਿਆਂ ਦੀ ਰੋਪਾਈ ਅਤੇ ਫਲ ਪੋਸ਼ਣ ਬਾਗ ਦੀ ਸਥਾਪਨਾ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਕਿਸਾਨਾਂ ਨੂੰ ਵਿਗਿਆਨਕ ਢੰਗ ਨਾਲ ਬਾਗਬਾਨੀ ਦੀ ਸਥਾਪਨਾ, ਫਲਦਾਰ ਪੌਦਿਆਂ ਦੀ ਸਹੀ ਸੰਭਾਲ, ਖੇਤੀ ਵਿਭਿੰਨਤਾ ਅਤੇ ਫਲ ਪੋਸ਼ਣ ਬਾਗਾਂ ਦੇ ਆਰਥਿਕ ਤੇ ਪੋਸ਼ਣਕਾਰੀ ਲਾਭਾਂ ਬਾਰੇ ਜਾਗਰੂਕ ਕਰਨਾ ਸੀ। ਲਗਭਗ 35 ਕਿਸਾਨਾਂ ਨੇ ਕੈਂਪ ਵਿੱਚ ਸਰਗਰਮੀ ਨਾਲ ਭਾਗ ਲਿਆ ਅਤੇ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕੀਤਾ।

ਡਾ. ਸਰਵਪ੍ਰਿਆ ਸਿੰਘ, ਡੀ.ਈ.ਐਸ., ਫ਼ਲ ਵਿਗਿਆਨ, ਨੇ ਫਲਾਂ ਦੇ ਬਾਗਾਂ ਦੀ ਵਿਗਿਆਨਕ ਯੋਜਨਾਬੰਦੀ, ਖਾਕਾ ਤਿਆਰ ਕਰਨ ਅਤੇ ਪ੍ਰਬੰਧਨ ਬਾਰੇ ਜਾਣਕਾਰੀਪੂਰਨ ਲੈਕਚਰ ਦਿੱਤਾ। ਉਨ੍ਹਾਂ ਦੱਸਿਆ ਕਿ ਫਲਦਾਰ ਫਸਲਾਂ ਦੀ ਚੋਣ ਮਿੱਟੀ ਦੀ ਕਿਸਮ, ਮੌਸਮੀ ਹਾਲਾਤ, ਸਿੰਚਾਈ ਸਹੂਲਤਾਂ ਦੀ ਉਪਲਬਧਤਾ ਅਤੇ ਮੰਡੀ ਦੀ ਮੰਗ ਦੇ ਆਧਾਰ 'ਤੇ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਗੁਣਵੱਤਾ ਵਾਲੀ ਪੌਧ ਸਮੱਗਰੀ ਦੀ ਵਰਤੋਂ, ਢੁਕਵੀਂ ਪੌਦਿਆਂ ਦੀ ਦੂਰੀ ਬਣਾਈ ਰੱਖਣ, ਉਚਿਤ ਬਾਗੀਚਾ ਖਾਕਾ ਤਿਆਰ ਕਰਨ, ਸਹੀ ਰੋਪਾਈ ਸਮੇਂ ਦੀ ਚੋਣ ਕਰਨ ਅਤੇ ਸਿਫ਼ਾਰਸ਼ ਕੀਤੀਆਂ ਸਿੰਚਾਈ, ਪੋਸ਼ਕ ਤੱਤ ਪ੍ਰਬੰਧਨ ਅਤੇ ਪੌਧ ਸੁਰੱਖਿਆ ਪ੍ਰਥਾਵਾਂ ਦੀ ਪਾਲਣਾ ਕਰਨ ਦੀ ਮਹੱਤਤਾ ਬਾਰੇ ਵੀ ਦੱਸਿਆ। ਕਿਸਾਨਾਂ ਨੂੰ ਸਲਾਹ ਦਿੱਤੀ ਗਈ ਕਿ ਉਹ ਬਾਗ ਦੇ ਕੰਮਾਂ ਅਤੇ ਖਰਚਿਆਂ ਦਾ ਢੁਕਵਾਂ ਰਿਕਾਰਡ ਰੱਖਣ, ਤਾਂ ਜੋ ਉਤਪਾਦਨ ਲਾਗਤ ਦਾ ਮੁਲਾਂਕਣ ਕਰਕੇ ਬਾਗ ਦੀ ਲਾਭਕਾਰੀਤਾ ਨਿਰਧਾਰਤ ਕੀਤੀ ਜਾ ਸਕੇ।

ਡਾ. ਨਵਦੀਪ ਸਿੰਘ, ਬਾਗਬਾਨੀ ਵਿਕਾਸ ਅਫ਼ਸਰ, ਗੁਰਦਾਸਪੁਰ, ਨੇ ਕਿਸਾਨਾਂ ਨੂੰ ਬਾਗਬਾਨੀ ਵਿਭਾਗ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਅਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਕਿਸਾਨਾਂ ਨੂੰ ਢੁਕਵੇਂ ਬਾਗਬਾਨੀ ਵਿਕਾਸ ਪ੍ਰੋਗਰਾਮਾਂ ਦਾ ਲਾਭ ਲੈਣ ਲਈ ਉਤਸ਼ਾਹਿਤ ਕੀਤਾ ਅਤੇ ਦੱਸਿਆ ਕਿ ਅਜਿਹੀਆਂ ਪਹਿਲਕਦਮੀਆਂ ਬਾਗਾਂ ਦੀ ਸਥਾਪਨਾ, ਵਿਸਥਾਰ ਅਤੇ ਸੁਧਰੀਆਂ ਤਕਨੀਕਾਂ ਨੂੰ ਅਪਣਾਉਣ ਵਿੱਚ ਸਹਾਇਤਾ ਕਰ ਸਕਦੀਆਂ ਹਨ। ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਕਿਸੇ ਵੀ ਸਕੀਮ ਲਈ ਅਰਜ਼ੀ ਦੇਣ ਤੋਂ ਪਹਿਲਾਂ ਯੋਗਤਾ ਮਾਪਦੰਡ, ਵਿੱਤੀ ਸਹਾਇਤਾ, ਲੋੜੀਂਦੇ ਦਸਤਾਵੇਜ਼ ਅਤੇ ਅਰਜ਼ੀ ਪ੍ਰਕਿਰਿਆ ਬਾਰੇ ਤਾਜ਼ਾ ਜਾਣਕਾਰੀ ਲਈ ਸਬੰਧਤ ਬਾਗਬਾਨੀ ਅਧਿਕਾਰੀਆਂ ਨਾਲ ਸੰਪਰਕ ਕਰਨ।

ਡਾ. ਨਰਿੰਦਰ ਦੀਪ ਸਿੰਘ, ਡੀ.ਈ.ਐਸ., ਸੀਨੀਅਰ ਮੋਸਟ, ਨੇ ਫਲਾਂ ਦੀ ਕਾਸ਼ਤ ਅਤੇ ਫਲ ਪੋਸ਼ਣ ਬਾਗਾਂ ਦੀ ਆਰਥਿਕ ਤੇ ਪੋਸ਼ਣਕਾਰੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਢੰਗ ਨਾਲ ਯੋਜਨਾਬੱਧ ਫਲ ਪੋਸ਼ਣ ਬਾਗ ਖੇਤੀਬਾੜੀ ਪਰਿਵਾਰਾਂ ਨੂੰ ਸਾਲ ਭਰ ਤਾਜ਼ੇ, ਸੁਰੱਖਿਅਤ ਅਤੇ ਪੌਸ਼ਟਿਕ ਫਲ ਪ੍ਰਦਾਨ ਕਰ ਸਕਦਾ ਹੈ ਅਤੇ ਇਸ ਨਾਲ ਘਰ ਵਿੱਚ ਫਲ ਖਰੀਦਣ 'ਤੇ ਹੋਣ ਵਾਲਾ ਖਰਚਾ ਵੀ ਘਟ ਸਕਦਾ ਹੈ। ਉਨ੍ਹਾਂ ਨੇ ਅੱਗੇ ਜ਼ੋਰ ਦਿੱਤਾ ਕਿ ਢੁਕਵੀਂ ਫਸਲ ਚੋਣ, ਉਪਲਬਧ ਖੇਤੀ ਸਰੋਤਾਂ ਦੀ ਕੁਸ਼ਲ ਵਰਤੋਂ, ਖਾਦਾਂ ਦੀ ਸੰਤੁਲਿਤ ਵਰਤੋਂ, ਸਮਝਦਾਰੀ ਨਾਲ ਸਿੰਚਾਈ ਅਤੇ ਸਮੇਂ ਸਿਰ ਵਿਗਿਆਨਕ ਪ੍ਰਬੰਧਨ ਤਰੀਕਿਆਂ ਨੂੰ ਅਪਣਾਉਣ ਨਾਲ ਬੇਲੋੜੇ ਖਰਚੇ ਘਟਾਏ ਜਾ ਸਕਦੇ ਹਨ ਅਤੇ ਖੇਤੀ ਦੀ ਲਾਭਕਾਰੀਤਾ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਉਤਸ਼ਾਹਿਤ ਕੀਤਾ ਕਿ ਉਹ ਆਪਣੇ ਮੌਜੂਦਾ ਖੇਤੀ ਪ੍ਰਬੰਧ ਅਤੇ ਪਰਿਵਾਰਕ ਲੋੜਾਂ ਦੇ ਅਨੁਕੂਲ ਫਲਦਾਰ ਪੌਦਿਆਂ ਦੀ ਚੋਣ ਕਰਨ।

ਵਿਚਾਰ-ਵਟਾਂਦਰੇ ਦੌਰਾਨ ਕਿਸਾਨਾਂ ਨੇ ਫਲਦਾਰ ਫਸਲਾਂ ਦੀ ਚੋਣ, ਪੌਦਿਆਂ ਦੀ ਦੂਰੀ, ਸਿੰਚਾਈ ਸਮਾਂ-ਸਾਰਣੀ, ਪੋਸ਼ਕ ਤੱਤ ਪ੍ਰਬੰਧਨ, ਪੌਧ ਸੁਰੱਖਿਆ, ਸੰਭਾਵਿਤ ਆਮਦਨ ਅਤੇ ਫਲਾਂ ਦੀ ਕਾਸ਼ਤ ਦੀ ਆਰਥਿਕਤਾ ਨਾਲ ਸਬੰਧਤ ਸਵਾਲ ਪੁੱਛੇ। ਮਾਹਿਰਾਂ ਨੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਸਥਾਨਕ ਹਾਲਾਤਾਂ ਅਨੁਸਾਰ ਵਿਹਾਰਕ ਸਿਫ਼ਾਰਸ਼ਾਂ ਪ੍ਰਦਾਨ ਕੀਤੀਆਂ। ਕਿਸਾਨਾਂ ਨੂੰ ਵਿਭਿੰਨਤਾਪੂਰਨ, ਵਿਗਿਆਨਕ ਅਤੇ ਸਰੋਤ-ਕੁਸ਼ਲ ਬਾਗਬਾਨੀ ਪ੍ਰਥਾਵਾਂ ਅਪਣਾਉਣ ਅਤੇ ਆਪਣੀ ਸਮਰੱਥਾ ਤੇ ਤਜਰਬੇ ਅਨੁਸਾਰ ਪਹਿਲਾਂ ਛੋਟੇ ਪੱਧਰ 'ਤੇ ਫਲਦਾਰ ਪੌਦਿਆਂ ਦੀ ਰੋਪਾਈ ਸ਼ੁਰੂ ਕਰਕੇ ਹੌਲੀ-ਹੌਲੀ ਇਸ ਦਾ ਵਿਸਥਾਰ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਪ੍ਰੋਗਰਾਮ ਦੇ ਅੰਤ ਵਿੱਚ ਡਾ. ਨਰਿੰਦਰ ਦੀਪ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਭਾਗ ਲੈਣ ਵਾਲੇ ਕਿਸਾਨਾਂ, ਅਗਾਂਹਵਧੂ ਕਿਸਾਨ ਅਤੇ ਸਰੋਤ ਵਿਅਕਤੀਆਂ ਦਾ ਉਨ੍ਹਾਂ ਦੇ ਕੀਮਤੀ ਯੋਗਦਾਨ ਲਈ ਧੰਨਵਾਦ ਕੀਤਾ। ਲਗਭਗ 35 ਕਿਸਾਨਾਂ ਦੀ ਸਰਗਰਮ ਭਾਗੀਦਾਰੀ ਨੇ ਖੇਤਰ ਵਿਭਾਗ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਅਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਢੁਕਵੇਂ ਬਾਗਬਾਨੀ ਵਿਕਾਸ ਪ੍ਰੋਗਰਾਮਾਂ ਦਾ ਲਾਭ ਲੈਣ ਲਈ ਉਤਸ਼ਾਹਿਤ ਕੀਤਾ ਅਤੇ ਦੱਸਿਆ ਕਿ ਅਜਿਹੀਆਂ ਪਹਿਲਕਦਮੀਆਂ ਬਾਗਾਂ ਦੀ ਸਥਾਪਨਾ, ਵਿਸਥਾਰ ਅਤੇ ਸੁਧਰੀਆਂ ਤਕਨੀਕਾਂ ਨੂੰ ਅਪਣਾਉਣ ਵਿੱਚ ਸਹਾਇਤਾ ਕਰ ਸਕਦੀਆਂ ਹਨ। ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਕਿਸੇ ਵੀ ਸਕੀਮ ਲਈ ਅਰਜ਼ੀ ਦੇਣ ਤੋਂ ਪਹਿਲਾਂ ਯੋਗਤਾ ਮਾਪਦੰਡ, ਵਿੱਤੀ ਸਹਾਇਤਾ, ਲੋੜੀਂਦੇ ਦਸਤਾਵੇਜ਼ ਅਤੇ ਅਰਜ਼ੀ ਪ੍ਰਕਿਰਿਆ ਬਾਰੇ ਤਾਜ਼ਾ ਜਾਣਕਾਰੀ ਲਈਵਿੱਚ ਫਲਾਂ ਦੀ ਕਾਸ਼ਤ, ਬਾਗਾਂ ਦੇ ਵਿਕਾਸ ਅਤੇ ਫਲ ਪੋਸ਼ਣ ਬਾਗਾਂ ਪ੍ਰਤੀ ਵੱਧ ਰਹੀ ਰੁਚੀ ਨੂੰ ਦਰਸਾਇਆ।

# ਸਕੂਲੀ ਸਿੱਖਿਆ 'ਚ ਬਾਬਾ ਸਾਹਿਬ ਅੰਬੇਡਕਰ, ਸ਼ਹੀਦ ਭਗਤ ਸਿੰਘ ਅਤੇ ਕੌਮੀ ਨਾਇਕਾਂ ਬਾਰੇ ਵੱਖਰਾ ਵਿਸ਼ਾ ਮਹਾਨ ਰਹਿਬਰ ਲਾਗੂ ਕੀਤਾ ਜਾਵੇ

**ਮਾਛੀਵਾੜਾ ਸਾਹਿਬ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗੂ ਰਕੇਸ਼ ਕੁਮਾਰ ਸ਼ਿੰਦੂ ਨੇ ਅੱਜ ਸਮੂਹਿਕ ਤੌਰ ਤੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ, ਕਿ ਦੇਸ਼ ਭਰ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਆਪਣੇ ਮਹਾਨ ਰਹਿਬਰਾਂ, ਸਮਾਜ ਸੁਧਾਰਕਾਂ ਅਤੇ ਆਜ਼ਾਦੀ ਘੁਲਾਟੀਆਂ ਦੇ ਜੀਵਨ ਅਤੇ ਵਿਚਾਰਧਾਰਾ ਤੋਂ ਜਾਣੂ ਕਰਵਾਉਣ ਲਈ ਇੱਕ ਸੁਤੰਤਰ ਵਿਸ਼ਾ ਸ਼ੁਰੂ ਕਰਨ ਦੀ ਲੋੜ ਹੈ । ਸਿੱਖਿਆ ਸ਼ਾਸਤਰੀਆਂ, ਸਮਾਜਿਕ ਜਥੇਬੰਦੀਆਂ ਅਤੇ ਬੁੱਧੀਜੀਵੀ ਵਰਗ ਦਾ ਕਹਿਣਾ ਹੈ ਕਿ ਡਾ. ਭੀਮ ਰਾਓ ਅੰਬੇਡਕਰ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਜੋਤੀਬਾ ਫੂਲੇ, ਸਵਿੱਤਰੀਬਾਈ ਫੂਲੇ ਅਤੇ ਸਿੱਖ ਸ਼ਹੀਦਾਂ ਦੇ ਯੋਗਦਾਨ ਨੂੰ ਮਹਿਜ਼ ਇਤਿਹਾਸ ਦੇ ਇੱਕ-ਦੋ ਪਾਠਾਂ ਤੱਕ ਸੀਮਤ ਰੱਖਣ ਦੀ ਬਜਾਏ ਛੋਟੀ ਕਲਾਸ ਤੋਂ ਹੀ ਹਰ ਪ੍ਰਾਈਵੇਟ ਅਤੇ ਸਰਕਾਰੀ ਸਕੂਲ ਦੇ ਪਾਠਕ੍ਰਮ ਵਿੱਚ ਵੱਖਰਾ ਲਾਜ਼ਮੀ ਵਿਸ਼ਾ ਬਣਾਇਆ ਜਾਵੇ ਤਾਂ ਜੋ ਬੱਚਿਆਂ ਨੂੰ ਅਸਲ ਨਾਇਕਾਂ ਬਾਰੇ ਪੂਰੀ ਅਤੇ ਸੰਖੇਪ ਜਾਣਕਾਰੀ ਮਿਲ ਸਕੇ। ਬਾਬਾ ਸਾਹਿਬ ਅੰਬੇਡਕਰ ਵੱਲੋਂ ਦਿੱਤਾ ਸੰਵਿਧਾਨ, ਬਰਾਬਰੀ ਦਾ ਸੰਕਲਪ ਅਤੇ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਸੋਚ ਨੂੰ ਮਹਿਜ਼ ਘਟਨਾਵਾਂ ਵਜੋਂ ਨਹੀਂ, ਬਲਕਿ ਜੀਵਨ ਸਿਧਾਂਤ ਵਜੋਂ ਪੜ੍ਹਾਇਆ ਜਾਵੇ। ਭਾਰਤ ਦੀ ਪਹਿਲੀ ਮਹਿਲਾ ਅਧਿਆਪਕ ਸਵਿੱਤਰੀਬਾਈ ਫੂਲੇ ਅਤੇ ਮਹਾਤਮਾ ਜੋਤੀਬਾ ਫੂਲੇ ਵੱਲੋਂ ਔਰਤਾਂ ਤੇ ਦੱਬੇ-ਕੁਚਲੇ ਵਰਗਾਂ ਲਈ ਵਿੱਢੇ ਸੰਘਰਸ਼ ਨੂੰ ਸਿਲੇਬਸ ਰਾਹੀਂ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾਵੇ।ਸਿੱਖ ਸ਼ਹੀਦਾਂ ਵੱਲੋਂ ਮਨੁੱਖੀ ਹੱਕਾਂ, ਧਾਰਮਿਕ ਆਜ਼ਾਦੀ ਅਤੇ ਅਣਖ ਖ਼ਾਤਰ ਦਿੱਤੀਆਂ ਸ਼ਹਾਦਤਾਂ ਤੋਂ ਬੱਚਿਆਂ ਨੂੰ ਜਾਣੂ ਕਰਵਾ ਕੇ ਨੈਤਿਕ ਕਦਰਾਂ-ਕੀਮਤਾਂ ਮਜ਼ਬੂਤ ਕੀਤੀਆਂ ਜਾਣ। ਸ਼ਹੀਦ ਊਧਮ ਸਿੰਘ ਅਤੇ ਹੋਰ ਆਜ਼ਾਦੀ ਘੁਲਾਟੀਆਂ ਦੇ ਤਿਆਗ ਦੀ ਪੂਰੀ ਗਾਥਾ ਬੱਚਿਆਂ ਨੂੰ ਜ਼ੁਲਮ ਅਤੇ ਬੇਇਨਸਾਫ਼ੀ ਵਿਰੁੱਧ ਆਵਾਜ਼ ਉਠਾਉਣ ਦੀ ਪ੍ਰੇਰਨਾ ਦਿੰਦੀ ਹੈ। ਜਥੇਬੰਦੀਆਂ ਅਨੁਸਾਰ ਮੌਜੂਦਾ ਦੌਰ ਵਿੱਚ ਬੱਚਿਆਂ ਅੰਦਰੋਂ ਨੈਤਿਕ ਕਦਰਾਂ-ਕੀਮਤਾਂ ਘਟ ਰਹੀਆਂ ਹਨ ਅਤੇ ਉਹ ਸੋਸ਼ਲ ਮੀਡੀਆ ਦੇ ਭਰਮ-ਭੁਲੇਖਿਆਂ ਦਾ ਸ਼ਿਕਾਰ ਹੋ ਰਹੇ ਹਨ। ਜੇਕਰ ਸਕੂਲੀ ਪੱਧਰ 'ਤੇ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਸੰਘਰਸ਼, ਸੰਵਿਧਾਨਕ ਅਧਿਕਾਰਾਂ, ਬਰਾਬਰੀ ਅਤੇ ਕੁਰਬਾਨੀ ਦੇ ਇਤਿਹਾਸ ਦਾ ਵੱਖਰਾ ਵਿਸ਼ਾ ਸ਼ੁਰੂ ਹੁੰਦਾ ਹੈ।

# ਬਟਾਲਾ ਵਿੱਚ ਖੇਡਾਂ ਵਤਨ ਪੰਜਾਬ ਦੀਆਂ-4 ਤਹਿਤ ਬਲਾਕ ਪੱਧਰੀ ਟੂਰਨਾਮੈਂਟ ਦਾ ਸ਼ਾਨਦਾਰ ਆਗਾਜ਼

**ਬਟਾਲਾ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਆਈ.ਟੀ.ਆਈ ਬਟਾਲਾ ਵਿੱਚ 'ਖੇਡਾਂ ਵਤਨ ਪੰਜਾਬ ਦੀਆਂ 2026' ਅਧੀਨ ਬਲਾਕ ਪੱਧਰੀ ਟੂਰਨਾਮੈਂਟ ਦਾ ਸ਼ਾਨਦਾਰ ਆਗਾਜ਼ ਹੋਇਆ। ਇਸ ਮੌਕੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਦੇ ਭਰਾ ਅੰਮ੍ਰਿ ਕਲਸੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ, ਰਣਜੀਤ ਭਗਤ ਲੈਕਚਰਾਰ, ਜਸਵਿੰਦਰ ਕੌਰ ਲੈਕਚਰਾਰ, ਰਮਨਦੀਪ ਕੌਰ ਲੈਕਚਰਾਰ, ਅਮਨਦੀਪ ਕੌਰ ਲੈਕਚਰਾਰ, ਰਮਨਦੀਪ ਸਿੰਘ ਡੀ ਪੀ ਈ. ਪਰਮਿੰਦਰ ਸਿੰਘ ਡੀ ਪੀ ਈ, ਹਰਜੀਤ ਕੌਰ ਪੀ ਟੀ ਆਈ, ਹਰਦੀਪ ਸਿੰਘ ਪੀ ਟੀ ਆਈ, ਸਰਬਜੋਤ ਕੌਰ, ਮਨਜੀਤ ਕੌਰ, ਲਖਬੀਰ ਕੌਰ ਪੀ ਟੀ ਆਈ, ਕੋਚ ਲਖਵਿੰਦਰ ਸਿੰਘ ਅਤੇ ਸੈਮੂਅਲ ਮਸੀਹ ਸਮੇਤ ਕੋਚ ਅਤੇ ਖਿਡਾਰੀ ਮੌਜੂਦ ਸਨ।ਇਸ ਮੌਕੇ ਅੰਮ੍ਰਿ ਕਲਸੀ ਵਲੋਂ ਨੌਜਵਾਨ ਖਿਡਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ ਅਤੇ ਖੇਡਾਂ ਪ੍ਰਤੀ ਉਨ੍ਹਾਂ ਦੇ ਜਜ਼ਬੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਖੇਡਾਂ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ, ਤੰਦਰੁਸਤ ਜੀਵਨਸ਼ੈਲੀ ਅਪਣਾਉਣ ਅਤੇ ਆਪਣੀ ਪ੍ਰਤਿਭਾ ਨੂੰ ਸਹੀ ਦਿਸ਼ਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਉਨ੍ਹਾਂ ਸਾਰੇ ਖਿਡਾਰੀਆਂ ਨੂੰ ਆਉਣ ਵਾਲੇ ਮੁਕਾਬਲਿਆਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਪੂਰੇ ਜੋਸ਼ ਤੇ ਖੇਡ ਭਾਵਨਾ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਸੋਸ਼ਲ ਨੇ ਮੋਹਾਲੀ ਸੋਸ਼ਲ ਦੇ ਨਾਲ ਭਾਰਤ ਵਿੱਚ ਆਪਣਾ 60ਵਾਂ ਆਊਟਲੈੱਟ ਖੋਲ੍ਹਿਆ

**ਮੁਹਾਲੀ, 13 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੋਸ਼ਲ, ਭਾਰਤ ਦਾ ਨੇਬਰਹੁੱਡ ਕੈਫ਼ੇ-ਬਾਰ, ਮੋਹਾਲੀ ਦੇ ਐਚਐਲਪੀ ਗੈਲੇਰੀਆ ਵਿੱਚ -ਮੋਹਾਲੀ ਸੋਸ਼ਲ'ਲਾਂਚ ਕਰਕੇ ਟ੍ਰਾਈਸਿਟੀ ਵਿੱਚ ਆਪਣੀ ਮੌਜੂਦਗੀ ਵਧਾ ਰਿਹਾ ਹੈ। ਇਹ ਦੇਸ਼ ਵਿੱਚ ਇਸਦਾ 60ਵਾਂ, ਪੰਜਾਬ ਵਿੱਚ ਤੀਜਾ ਅਤੇ ਮੋਹਾਲੀ ਵਿੱਚ ਪਹਿਲਾ ਆਊਟਲੈੱਟ ਹੈ। ਚੰਡੀਗੜ੍ਹ ਵਿੱਚ ਦੋ ਸਫਲ ਆਊਟਲੈੱਟਸ ਤੋਂ ਬਾਅਦ, ਇਹ ਬ੍ਰਾਂਡ ਹੁਣ ਮੋਹਾਲੀ ਵਿੱਚ ਇੱਕ ਨਵੀਂ ਲੋਕੇਸ਼ਨ ਦੇ ਨਾਲ ਆ ਰਿਹਾ ਹੈ, ਜਿਸਨੂੰ ਸ਼ਹਿਰ ਦੇ ਜੋਸ਼ੀਲੇ ਸੋਸ਼ਲ ਕਲਚਰ ਅਤੇ ਮਜ਼ਬੂਤ ਕਮਿਊਨਿਟੀ ਭਾਵਨਾ ਦੇ ਹਿਸਾਬ ਨਾਲ ਤਿਆਰ ਕੀਤਾ ਗਿਆ ਹੈ।

ਪੰਜਾਬ ਦੀ ਭਾਵਨਾ ਤੋਂ ਪ੍ਰੇਰਿਤ, ਮੋਹਾਲੀ ਸੋਸ਼ਲ ਇੱਕ ਮਲਟੀ-ਲੈਵਲ ਜਗ੍ਹਾ ਵਿੱਚ ਖਾਣਾ, ਡ੍ਰਿੰਕਸ, ਮਿਊਜ਼ਿਕ ਅਤੇ ਕਮਿਊਨਿਟੀ ਨੂੰ ਇੱਕਠਾ ਲਿਆਉਂਦਾ ਹੈ, ਜੋ ਸ਼ਹਿਰ ਦੇ ਲੋਕਾਂ ਦੇ ਇੱਕੱਠੇ ਆਉਣ ਦੇ ਤਰੀਕੇ ਨੂੰ ਦਰਸਾਉਂਦਾ ਹੈ। ਹਫ਼ਤੇ ਦੇ ਦਿਨਾਂ ਵਿੱਚ ਕੌਫ਼ੀ ਪੀਣ ਤੋਂ ਲੈ ਕੇ ਕੰਮ ਤੋਂ ਬਾਅਦ ਦੋਸਤਾਂ ਨੂੰ ਮਿਲਣ, ਲੰਬੀ ਟੇਬਲ 'ਤੇ ਡਿਨਰ ਕਰਨ, ਸ਼ਾਮ ਦੀਆਂ ਡ੍ਰਿੰਕਸ ਅਤੇ ਦੇਰ ਰਾਤ ਦੇ ਪਲਾਨ ਤੱਕ, ਇਸ ਆਊਟਲੈੱਟ ਨੂੰ ਮੋਹਾਲੀ ਦੇ ਨਵੇਂ ਅੱਡੇ ਦੇ ਤੌਰ 'ਤੇ ਡਿਜ਼ਾਈਨ ਕੀਤਾ ਗਿਆ ਹੈ, ਜੋ ਦਿਨ ਤੋਂ ਰਾਤ ਤੱਕ ਸੁਭਾਵਿਕ ਤੌਰ 'ਤੇ ਬਦਲਦਾ ਰਹਿੰਦਾ ਹੈ। ਰਿਆਜ਼ ਅਮਲਾਨੀ, ਮੈਨੇਜਿੰਗ ਡਾਇਰੈਕਟਰ, ਇੰਪ੍ਰੇਸਾਰਿਓ ਐਂਟਰਟੇਨਮੈਂਟ ਐਂਡ ਹਾਸਪਿਟੈਲਿਟੀ ਪ੍ਰਾਈਵੇਟ ਲਿਮਟਿਡ ਅਮਲਾਨੀ ਨੇ ਕਿਹਾ ਕਿ ÷ਪੰਜਾਬ ਵਿੱਚ ਹਮੇਸ਼ਾ ਤੋਂ ਕਮਿਊਨਿਟੀ, ਉਦਾਰਤਾ ਅਤੇ ਜਸ਼ਨ ਦਾ ਮਜ਼ਬੂਤ ਕਲਚਰ ਰਿਹਾ ਹੈ, ਅਤੇ ਮੋਹਾਲੀ ਉਸ ਭਾਵਨਾ ਨੂੰ ਆਪਣੇ ਅਨੋਖੇ ਅੰਦਾਜ਼ ਵਿੱਚ ਜ਼ਿੰਦਾ ਕਰਦਾ ਹੈ। ਅਸੀਂ ਚੰਡੀਗੜ੍ਹ ਵਿੱਚ ਆਪਣੇ ਦੋ ਸੋਸ਼ਲ ਆਊਟਲੈੱਟਸ ਦੇ ਜ਼ਰੀਏ ਟ੍ਰਾਈਸਿਟੀ ਦਾ ਹਿੱਸਾ ਰਹੇ ਹਾਂ, ਇਸ ਲਈ ਮੋਹਾਲੀ ਵਿੱਚ ਆਊਟਲੈੱਟ ਖੋਲ੍ਹਣਾ ਸਾਡੇ ਲਈ ਇੱਕ ਸੁਭਾਵਿਕ ਅਗਲਾ ਕਦਮ ਹੈ। ਹਰ ਸੋਸ਼ਲ ਉਸ ਇਲਾਕੇ ਦੇ ਹਿਸਾਬ ਨਾਲ ਬਣਦਾ ਹੈ ਜਿੱਥੇ ਉਹ ਖੁੱਲ੍ਹਦਾ ਹੈ, ਅਤੇ ਇੱਥੇ ਅਸੀਂ ਅਜਿਹੀ ਜਗ੍ਹਾ ਬਣਾਉਣਾ ਚਾਹੁੰਦੇ ਸਨ ਜੋ ਮੋਹਾਲੀ ਦੇ ਲੋਕਾਂ ਦੇ ਮਿਲਣ, ਖਾਣ ਅਤੇ ਬਾਹਰ ਜਾਣ ਦੇ ਤਰੀਕੇ ਦੇ ਹਿਸਾਬ ਨਾਲ ਸਹੀ ਹੋਵੇ। ਚਾਹੇ ਸ਼ੁਰੂਆਤ ਕੌਫ਼ੀ ਤੋਂ ਹੋਵੇ, ਪਰਿਵਾਰ ਦੇ ਨਾਲ ਖਾਣ ਤੋਂ ਹੋਵੇ ਜਾਂ ਦੋਸਤਾਂ ਨੂੰ ਮਿਲਣ ਤੋਂ, ਸਾਨੂੰ ਉਮੀਦ ਹੈ ਕਿ ਮੋਹਾਲੀ ਸੋਸ਼ਲ ਅਜਿਹੀਆਂ



ਥਾਵਾਂ ਵਿੱਚੋਂ ਇੱਕ ਬਣ ਜਾਵੇਗਾ ਜੋ ਸੁਭਾਵਿਕ ਤੌਰ 'ਤੇ ਲੋਕਾਂ ਦੇ ਪਲਾਨ ਦਾ ਹਿੱਸਾ ਬਣ ਜਾਂਦੀਆਂ ਹਨ।÷

ਮੁੰਬਈ ਦੇ ਐਫਕੇ'ਡੀ ਵਰਕਸ਼ਾਪ ਦੁਆਰਾ ਡਿਜ਼ਾਈਨ ਕੀਤਾ ਗਿਆ ਮੋਹਾਲੀ ਸੋਸ਼ਲ, ਕੈਸਕੇਡਿੰਗ (ਪੌੜੀਦਾਰ), ਐਂਫੀਥੀਏਟਰ-ਪ੍ਰੇਰਿਤ ਲੇਆਊਟ ਨੂੰ ਫ਼ਾਲੋ ਕਰਦਾ ਹੈ, ਜਿੱਥੇ ਹਰ ਲੈਵਲ ਦੇਖਣ ਵਿੱਚ ਅਗਲੇ ਲੈਵਲ ਨਾਲ ਜੁੜਿਆ ਹੋਇਆ ਲੱਗਦਾ ਹੈ। ਇਹ ਬਣਤਰ ਜਗ੍ਹਾ ਦੀ ਐਨਰਜੀ ਨੂੰ ਫ਼ਲੋਰਸ ਦੇ ਵਿਚਕਾਰ ਘੁੰਮਣ ਦਿੰਦੀ ਹੈ, ਜਿਸ ਨਾਲ ਵੱਖ-ਵੱਖ ਹਿੱਸਿਆਂ ਦੀ ਬਜਾਏ ਸਾਂਝੀ ਭਾਗੀਦਾਰੀ ਦਾ ਅਹਿਸਾਸ ਹੁੰਦਾ ਹੈ। ਕੋਈ ਵੀ ਕੋਨਾ ਅਲੱਗ-ਥਲੱਗ ਨਹੀਂ ਲੱਗਦਾ, ਅਤੇ ਹਰ ਲੈਵਲ ਆਊਟਲੈੱਟ ਦੇ ਵੱਡੇ ਮਾਹੌਲ ਨਾਲ ਜੁੜਿਆ ਰਹਿੰਦਾ ਹੈ, ਜਿਸ ਨਾਲ ਗੱਲਬਾਤ, ਜਸ਼ਨ ਅਤੇ ਸਾਂਝੇ ਤਜਰਬਿਆਂ ਲਈ ਇੱਕ ਬਿਹਤਰੀਨ ਮਾਹੌਲ ਬਣਦਾ ਹੈ।

ਇਸ ਜਗ੍ਹਾ ਦਾ ਮਾਹੌਲ ਇੱਕ ਸ਼ਾਨਦਾਰ ਆਈਲੈਂਡ ਬਾਰ ਨਾਲ ਬਣਦਾ ਹੈ, ਜੋ ਅੰਦਰ ਅਤੇ ਬਾਹਰ ਦੋਵੇਂ ਪਾਸੇ ਫੈਲਿਆ ਹੋਇਆ ਹੈ। ਦਿਨ ਵਿੱਚ ਵੱਡੀਆਂ-ਵੱਡੀਆਂ ਕੱਚ ਦੀਆਂ ਖਿੜਕੀਆਂ ਰਾਹੀਂ ਨੈਚੁਰਲ ਰੌਸ਼ਨੀ ਆਉਂਦੀ ਹੈ, ਜਦਕਿ ਸ਼ਬਾਦ ਪੱਥਰ ਦੀ ਫ਼ਲੋਰਿੰਗ, ਟ੍ਰੌਪਿਕਲ ਹਰਿਆਲੀ ਅਤੇ ਨੈਚੁਰਲ ਮਟੀਰੀਅਲ ਇੰਟੀਰੀਅਰ ਨੂੰ ਇੱਕ ਹਲਕਾ-ਫੁਲਕਾ ਪਰ ਗਰਮਜੋਸ਼ੀ ਭਰਿਆ ਵਾਰਮ ਲੁੱਕ ਦਿੰਦੇ ਹਨ। ਸ਼ਾਮ ਹੁੰਦੇ ਹੀ ਬਾਰ ਇਸ ਤਜਰਬੇ ਦਾ ਸੈਂਟਰ ਬਣ ਜਾਂਦਾ ਹੈ; ਮਿਊਜ਼ਿਕ, ਲਾਈਟਿੰਗ ਅਤੇ ਆਸ-ਪਾਸ ਦੇ ਵੱਖ-ਵੱਖ ਲੈਵਲ ਮਿਲ ਕੇ ਇੱਕ ਹਾਈ-ਐਨਰਜੀ ਮਾਹੌਲ ਬਣਾਉਂਦੇ ਹਨ, ਜੋ ਸੋਸ਼ਲ ਦੀ ਰਾਤ ਦੀ ਖਾਸੀਅਤ ਹੈ। ਇਹ ਆਊਟਲੈੱਟ ਮੋਹਾਲੀ ਵਿੱਚ ਵੱਖ-ਵੱਖ ਤਰ੍ਹਾਂ ਦੇ ਪਲਾਨ ਬਣਾਉਣ ਲਈ ਵੀ ਜਗ੍ਹਾ ਦਿੰਦਾ ਹੈ। ਪਹਿਲੀ ਮੰਜ਼ਿਲ 'ਤੇ ਇੱਕ ਪ੍ਰਾਈਵੇਟ ਡਾਇਨਿੰਗ ਰੂਮ ਹੈ, ਜਿਸ ਵਿੱਚ ਸੌਫ਼ਟ ਟੈਕਸਚਰ ਅਤੇ ਘੱਟ ਰੌਸ਼ਨੀ ਹੈ, ਜੋ ਛੋਟੀਆਂ-ਮੋਟੀਆਂ ਪਾਰਟੀਆਂ ਲਈ ਇੱਕ ਪ੍ਰਾਈਵੇਟ ਮਾਹੌਲ ਦਿੰਦਾ ਹੈ। ਲੱਕੜ ਦੇ ਡੈੱਕ ਵਾਲੀ ਓਪਨ-ਏਅਰ ਬਾਲਕਨੀ ਇਸ ਤਜਰਬੇ ਦੇ ਵਿਚਕਾਰ ਆਰਾਮ ਕਰਨ ਦੀ ਇੱਕ ਹੋਰ ਜਗ੍ਹਾ ਦਿੰਦੀ ਹੈ; ਇਸਨੂੰ ਸਨਡਾਊਨਰਸ, ਗੱਲਬਾਤ ਅਤੇ ਉਨ੍ਹਾਂ ਖਾਸ ਪਲਾਂ ਲਈ ਡਿਜ਼ਾਈਨ ਕੀਤਾ ਗਿਆ ਹੈ ਜਦੋਂ ਦੋਸਤਾਂ ਨਾਲ ਥੋੜ੍ਹੀ ਦੇਰ ਦੀ ਮੁਲਾਕਾਤ ਲੰਬੀ ਰਾਤ ਵਿੱਚ ਬਦਲ ਜਾਂਦੀ ਹੈ।

ਐਚਐਲਪੀ ਗੈਲੇਰੀਆ ਦੇ ਬੁਲਾਰੇ ਨੇ ਕਿਹਾ ਕਿ ÷ਜਦੋਂ ਅਸੀਂ ਐਚਐਲਪੀ ਗੈਲੇਰੀਆ ਬਣਾਉਣਾ ਸ਼ੁਰੂ ਕੀਤਾ, ਤਾਂ ਸਾਡਾ ਇੱਕ ਹੀ ਸੁਪਨਾ ਸੀ - ਇੱਕ ਅਜਿਹੀ ਵਾਈਬ੍ਰੈਂਟ ਜਗ੍ਹਾ ਬਣਾਉਣਾ ਜਿੱਥੇ ਲੋਕ ਇੱਕੱਠੇ ਆਉਣਾ ਪਸੰਦ ਕਰਨ। ਐਚਐਲਪੀ ਗੈਲੇਰੀਆ ਵਿੱਚ ਮੋਹਾਲੀ ਦਾ ਪਹਿਲਾ ਸੋਸ਼ਲ ਲਿਆਉਣਾ ਸਾਡੇ ਲਈ ਮਾਣ ਦੀ ਗੱਲ ਹੈ।ਸਾਨੂੰ ਸਭ ਤੋਂ ਜ਼ਿਆਦਾ ਖੁਸ਼ੀ ਇਸ ਗੱਲ ਦੀ ਹੈ ਕਿ ਇਹ ਜਗ੍ਹਾ ਸਾਰਿਆਂ ਲਈ ਹੈ; ਚਾਹੇ ਪਰਿਵਾਰ ਹੋਣ ਜੋ ਵੀਕੈਂਡ 'ਤੇ ਆਰਾਮ ਨਾਲ ਲੰਚ ਦਾ ਮਜ਼ਾ ਲੈ ਰਹੇ ਹੋਣ, ਯੁਵਾ ਪ੍ਰੋਫ਼ੈਸ਼ਨਲਸ ਜੋ ਕੌਫ਼ੀ ਪੀਂਦੇ ਹੋਏ ਕੰਮ ਕਰ ਰਹੇ ਹੋਣ, ਜਾਂ ਦੋਸਤ ਜੋ ਦਿਨ ਭਰ ਦੇ ਕੰਮ ਤੋਂ ਬਾਅਦ ਮਿਲ ਰਹੇ ਹੋਣ। ਸੋਸ਼ਲ ਮੋਹਾਲੀ ਵਿੱਚ ਇੱਕ ਨਵੀਂ ਐਨਰਜੀ ਅਤੇ ਜੋਸ਼ ਲਿਆਉਂਦਾ ਹੈ ਅਤੇ ਲੋਕਾਂ ਨੂੰ ਮਿਲਣ-ਜੁਲਣ ਅਤੇ ਜੁੜਨ ਲਈ ਇੱਕ ਪਸੰਦੀਦਾ ਜਗ੍ਹਾ ਦਿੰਦਾ ਹੈ। ਅਸੀਂ ਇੰਪ੍ਰੇਸਾਰਿਓ ਐਂਟਰਟੇਨਮੈਂਟ ਐਂਡ ਹਾਸਪਿਟੈਲਿਟੀ ਪ੍ਰਾਈਵੇਟ ਲਿਮਟਿਡ ਦੇ ਨਾਲ ਮਿਲ ਕੇ ਇਸ ਲੋਕਪ੍ਰਿਯ ਬ੍ਰਾਂਡ ਨੂੰ ਐਚਐਲਪੀ ਗੈਲੇਰੀਆ ਵਿੱਚ ਲਿਆਉਣ ਅਤੇ ਆਪਣੇ ਸ਼ਹਿਰ ਤੇ ਵੇਨਿਊ ਵਿੱਚ ਹੋਰ ਜ਼ਿਆਦਾ ਰੌਣਕ ਅਤੇ ਮਜ਼ਾ ਜੋੜਨ ਲਈ ਉਤਸ਼ਾਹਿਤ ਹਾਂ। ਖਾਣ-ਪੀਣ ਦੇ ਤਜਰਬੇ ਵਿੱਚ ਸੋਸ਼ਲ ਦੀਆਂ ਜਾਣੀਆਂ-ਪਛਾਣੀਆਂ ਪਸੰਦੀਦਾ ਚੀਜ਼ਾਂ ਸ਼ਾਮਲ ਹਨ, ਜਿਵੇਂ ਕਿ ਚਾਈਨਾ ਬਾਕਸ, ਬਟਰ ਚਿਕਨ ਬਿਰਯਾਨੀ, ਫੁਲੀ ਰੀ-ਲੋਡਡ ਨਾਚੋਸ ਅਤੇ ਹੋਰ ਵੀ ਬਹੁਤ ਕੁਝ, ਨਾਲ ਹੀ ਕੌਫ਼ੀ ਅਤੇ ਸਿਗਨੇਚਰ ਕਾਕਟੇਲ ਵੀ। ਇਸ ਵਿੱਚ ਪੰਜਾਬ ਨਾਲ ਇੱਕ ਜਾਣਿਆ-ਪਛਾਣਿਆ ਕਨੈਕਸ਼ਨ ਵੀ ਜੋੜਿਆ ਗਿਆ ਹੈ।

# ਗਣੇਸ਼ ਚਤੁਰਥੀ ’ਤੇ ਸੰਕਲਪ ਲਓ ਕਿ ਆਸਥਾ ਦੇ ਨਾਮ ’ਤੇ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਨਹੀਂ ਕਰਾਂਗੇ: ਜਿਊਡੀਸ਼ੀਅਲ ਕਾਊਂਸਲ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ (ਨਿਊਜ਼ ਵਾਰਤਾ): ਗਣੇਸ਼ ਚਤੁਰਥੀ ਆਸਥਾ, ਭਗਤੀ, ਸ਼ਰਧਾ ਅਤੇ ਸਮਾਜਿਕ ਏਕਤਾ ਦਾ ਤਿਉਹਾਰ ਹੈ। ਭਗਵਾਨ ਗਣੇਸ਼ ਨੂੰ ਵਿਘਨਹਰਤਾ ਅਤੇ ਬੁੱਧੀ, ਵਿਵੇਕ, ਖ਼ੁਸ਼ਹਾਲੀ ਅਤੇ ਸ਼ੁਭਤਾ ਦੇ ਪ੍ਰਤੀਕ ਵਜੋਂ ਮੰਨਿਆ ਜਾਂਦਾ ਹੈ। ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਜਿਊਡੀਸ਼ੀਅਲ ਕਾਊਂਸਲ ਨੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਗਣਪਤੀ ਦੀਆਂ ਮੂਰਤੀਆਂ ਦਾ ਵਿਸਰਜਨ ਵਾਤਾਵਰਣ-ਅਨੁਕੂਲ ਅਤੇ ਜ਼ਿੰਮੇਵਾਰੀ ਨਾਲ ਕੀਤਾ ਜਾਵੇ। ਜਿਊਡੀਸ਼ੀਅਲ ਕਾਊਂਸਲ ਦੇ ਚੇਅਰਮੈਨ ਅਤੇ ਲਾਇਰਜ਼ ਫੈਡਰੇਸ਼ਨ ਦੇ ਪ੍ਰਧਾਨ ਰਾਜੀਵ ਅਗਨੀਹੋਤਰੀ ਨੇ ਕਿਹਾ, “ਭਗਵਾਨ ਗਣੇਸ਼ ਨੇ ਕਦੇ ਨਹੀਂ ਕਿਹਾ ਕਿ ਕਿਸੇ ਗਲਤ ਰਿਵਾਜ ਦੀ ਪਾਲਣਾ ਕਰਦੇ ਹੋਏ ਵਿਸਰਜਨ ਦੇ ਨਾਮ ’ਤੇ ਮੈਨੂੰ ਦਰਿਆਵਾਂ, ਨਾਲਿਆਂ ਅਤੇ ਛੱਪੜਾਂ ਵਿੱਚ ਵਿਸਰਜਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਧਾਰਮਿਕ ਆਸਥਾ ਅਤੇ ਵਾਤਾਵਰਣ ਦੀ ਰੱਖਿਆ ਇੱਕ-ਦੂਜੇ ਦੇ ਵਿਰੋਧੀ ਨਹੀਂ ਹਨ। ਅਸਲ ਵਿੱਚ, ਕੁਦਰਤ ਦੀ ਰੱਖਿਆ ਵੀ ਸਾਡੀ ਜ਼ਿੰਮੇਵਾਰੀ ਅਤੇ ਮੁੱਲਾਂ ਦਾ ਇੱਕ ਅਹਿਮ ਹਿੱਸਾ ਹੋਣੀ ਚਾਹੀਦੀ ਹੈ। ਜਲ ਸਰੋਤ ਸਿਰਫ਼ ਮਨੁੱਖਾਂ ਲਈ ਹੀ ਜ਼ਰੂਰੀ ਨਹੀਂ ਹਨ, ਸਗੋਂ ਮੱਛੀਆਂ, ਜਲ ਜੀਵਾਂ, ਪੰਛੀਆਂ ਅਤੇ ਪੂਰੇ ਪਰਿਸਥਿਤਕੀ ਤੰਤਰ ਲਈ ਵੀ ਜੀਵਨ ਦਾ ਆਧਾਰ ਹਨ। ਸ਼੍ਰੀ ਅਗਨੀਹੋਤਰੀ ਨੇ ਸ਼ਰਧਾਲੂਆਂ ਨੂੰ ਨਿਮਰ ਅਪੀਲ ਕੀਤੀ ਕਿ ਗਣਪਤੀ ਦੀਆਂ ਮੂਰਤੀਆਂ ਦਾ ਵਿਸਰਜਨ ਸਿਰਫ਼ ਸਥਾਨਕ ਪ੍ਰਸ਼ਾਸਨ ਵੱਲੋਂ ਨਿਰਧਾਰਤ ਅਤੇ ਅਧਿਕਾਰਤ ਵਿਸਰਜਨ ਸਥਾਨਾਂ



’ਤੇ ਹੀ ਕੀਤਾ ਜਾਵੇ। ਜਿੱਥੇ ਵੀ ਸਹੂਲਤ ਉਪਲਬਧ ਹੋਵੇ, ਉੱਥੇ ਕ੍ਰਿਤ੍ਰਿਮ ਵਿਸਰਜਨ ਟੈਂਕਾਂ ਜਾਂ ਨਿਰਧਾਰਤ ਵਾਤਾਵਰਣ-ਅਨੁਕੂਲ ਪ੍ਰਬੰਧਾਂ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੂਜਾ ਦੌਰਾਨ ਸ਼ਰਧਾਲੂ ਇਹ ਵੀ ਯਕੀਨੀ ਬਣਾਉਣ ਕਿ ਫੁੱਲ, ਹਾਰ, ਪਲਾਸਟਿਕ, ਸਜਾਵਟੀ ਸਮੱਗਰੀ ਅਤੇ ਹੋਰ ਪੂਜਾ ਸਮੱਗਰੀ ਸਿੱਧੇ ਦਰਿਆਵਾਂ, ਨਾਲਿਆਂ ਜਾਂ ਛੱਪੜਾਂ ਵਿੱਚ ਨਾ ਸੁੱਟੀ ਜਾਵੇ। ਨਿਰਮਾਲਿਆ (ਧਾਰਮਿਕ ਭੇਟਾਂ ਅਤੇ ਪੂਜਾ ਸਮੱਗਰੀ) ਲਈ ਵੱਖਰੇ ਪ੍ਰਬੰਧ ਕਰਕੇ ਲੋਕ ਜਲ ਸਰੋਤਾਂ ਨੂੰ ਸਾਫ਼ ਰੱਖਣ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ। ਰਾਜੀਵ ਅਗਨੀਹੋਤਰੀ ਨੇ ਕਿਹਾ ਕਿ ਗਣਪਤੀ ਦੀ ਮੂਰਤੀ ਕਿਸੇ ਲੋੜਵੰਦ ਵਿਅਕਤੀ, ਕਿਸੇ ਹੋਰ ਭਗਤ ਜਾਂ ਸ਼ਰਧਾਲੂ ਨੂੰ ਸਤਿਕਾਰ ਨਾਲ ਭੇਟ ਕਰਨਾ ਵੀ ਇੱਕ ਸਕਾਰਾਤਮਕ ਵਿਕਲਪ ਹੋ ਸਕਦਾ ਹੈ। ਜਿਸ ਮੂਰਤੀ ਦੇ ਸਾਹਮਣੇ ਇੱਕ ਪਰਿਵਾਰ ਨੇ ਸ਼ਰਧਾ ਅਤੇ ਪਿਆਰ ਨਾਲ ਪੂਜਾ ਕੀਤੀ ਹੋਵੇ, ਉਹੀ ਮੂਰਤੀ ਕਿਸੇ ਹੋਰ ਪਰਿਵਾਰ ਲਈ ਆਸਥਾ, ਉਮੀਦ ਅਤੇ ਸ਼ੁਭਤਾ ਦਾ ਮਾਧਿਅਮ ਬਣ ਸਕਦੀ ਹੈ। ਉਨ੍ਹਾਂ ਕਿਹਾ, “ਪਰਮਾਤਮਾ ਪ੍ਰਤੀ ਭਗਤੀ ਸਿਰਫ਼ ਇੱਕ ਥਾਂ ਜਾਂ ਇੱਕ ਪਰਿਵਾਰ ਤੱਕ ਸੀਮਿਤ ਨਹੀਂ ਹੈ। ਜੇਕਰ ਸਾਡੀ ਆਸਥਾ ਕਿਸੇ ਹੋਰ ਸ਼ਰਧਾਲੂ ਦੀ ਭਗਤੀ ਨੂੰ ਅੱਗੇ ਵਧਾਉਣ ਦੇ ਨਾਲ-ਨਾਲ ਕੁਦਰਤ ਨੂੰ ਨੁਕਸਾਨ ਤੋਂ ਵੀ ਬਚਾਉਂਦੀ ਹੈ, ਤਾਂ ਇਹ ਨਿਸ਼ਚਿਤ ਤੌਰ ’ਤੇ ਇੱਕ ਸ਼ਲਾਘਾਯੋਗ ਉਪਰਾਲਾ ਹੈ। ਜਿਊਡੀਸ਼ੀਅਲ ਕਾਊਂਸਲ ਨੇ ਕਿਹਾ ਕਿ ਤਿਉਹਾਰ ਦੀ ਖੁਸ਼ੀ ਨੂੰ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਨਾਲ ਜੋੜਨਾ ਅੱਜ ਦੇ ਸਮੇਂ ਦੀ ਲੋੜ ਹੈ। ਸਮਾਜ ਨੂੰ ਅਜਿਹੀਆਂ ਪਰੰਪਰਾਵਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜਿਨ੍ਹਾਂ ਵਿੱਚ ਧਾਰਮਿਕ ਭਾਵਨਾ, ਸਫ਼ਾਈ, ਵਾਤਾਵਰਣ ਸੁਰੱਖਿਆ ਅਤੇ ਸਮਾਜਿਕ ਜ਼ਿੰਮੇਵਾਰੀ ਇਕੱਠੇ ਅੱਗੇ ਵਧਣ। ਜਿਊਡੀਸ਼ੀਅਲ ਕਾਊਂਸਲ ਨੇ ਖਾਸ ਤੌਰ ’ਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ “ਈਕੋ-ਫ?ਰੈਂਡਲੀ ਗਣਪਤੀ”ਦਾ ਸੰਦੇਸ਼ ਫੈਲਾਉਣ ਅਤੇ ਇਹ ਜਾਗਰੂਕਤਾ ਪੈਦਾ ਕਰਨ ਕਿ ਭਗਵਾਨ ਗਣੇਸ਼ ਪ੍ਰਤੀ ਸੱਚੀ ਭਗਤੀ ਕੁਦਰਤ ਦੇ ਸਤਿਕਾਰ ਨਾਲ ਵੀ ਜੁੜੀ ਹੋਈ ਹੈ। ਸ਼੍ਰੀ ਅਗਨੀਹੋਤਰੀ ਨੇ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼ ਦਰਿਆ, ਸਾਫ਼ ਛੱਪੜ ਅਤੇ ਸੁਰੱਖਿਅਤ ਜਲ ਵਾਤਾਵਰਣ ਮੁਹੱਈਆ ਕਰਵਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਗਣਪਤੀ ਦਾ ਤਿਉਹਾਰ ਸਿਰਫ਼ ਪੂਜਾ ਅਤੇ ਜਸ਼ਨ ਤੱਕ ਸੀਮਿਤ ਨਹੀਂ ਰਹਿਣਾ ਚਾਹੀਦਾ; ਇਸ ਨੂੰ ਕੁਦਰਤ ਦੀ ਸੰਭਾਲ ਅਤੇ ਸਮਾਜਿਕ ਜਾਗਰੂਕਤਾ ਦੀ ਇੱਕ ਮੁਹਿੰਮ ਵਿੱਚ ਵੀ ਬਦਲਿਆ ਜਾ ਸਕਦਾ ਹੈ। ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਗਣੇਸ਼ ਚਤੁਰਥੀ ’ਤੇ ਸੰਕਲਪ ਲੈਣ ਕਿ ਉਹ ਆਸਥਾ ਦੇ ਨਾਮ ’ਤੇ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਨਹੀਂ ਕਰਨਗੇ, ਨਿਰਧਾਰਤ ਵਿਸਰਜਨ ਪ੍ਰਬੰਧਾਂ ਦੀ ਪਾਲਣਾ ਕਰਨਗੇ ਅਤੇ ਵਾਤਾਵਰਣ ਦੀ ਰੱਖਿਆ ਨੂੰ ਆਪਣੀ ਧਾਰਮਿਕ ਜ਼ਿੰਮੇਵਾਰੀ ਦਾ ਹਿੱਸਾ ਬਣਾਉਣਗੇ।

ਜਿਊਡੀਸ਼ੀਅਲ ਕਾਊਂਸਲ ਦਾ ਸੰਦੇਸ਼:

“ਮੂਰਤੀ ਦਾ ਵਿਸਰਜਨ ਕਰੋ, ਪਰ ਸਾਡੇ ਜਲ ਸਰੋਤਾਂ ਅਤੇ ਜਲ ਜੀਵਨ ਦੀ ਵੀ ਰੱਖਿਆ ਕਰੋ। ਭਗਵਾਨ ਗਣੇਸ਼ ਨੂੰ ਵਿਦਾ ਕਰੋ, ਪਰ ਵਾਤਾਵਰਣ ਨੂੰ ਨੁਕਸਾਨ ਪਹੁੰਚਾਏ ਬਿਨਾਂ। ਸ਼ਰਧਾ ਨਾਲ ਪੂਜਾ ਕਰੋ, ਪਰ ਕੁਦਰਤ ਦੀ ਕੀਮਤ ’ਤੇ ਨਹੀਂ।

# ਪੰਜਾਬੀਆਂ ਨੂੰ ਬਿਜਲੀ ਦੇ ਲੰਬੇ ਕੱਟਾਂ ਤੋਂ ਮਿਲੀ ਰਾਹਤ, ਪਾਵਰਕਾਮ ਨੇ ਬਦਲੇ ਕਈ ਟਰਾਂਸਫਾਰਮਰ ਤੇ ਗਰਿੱਡ

ਮੋਹਾਲੀ 13 ਸਤੰਬਰ। ਮੋਹਾਲੀ ਸ਼ਹਿਰ ’ਚ ਬਿਜਲੀ ਦੀ ਵੱਧ ਰਹੀ ਮੰਗ ਨੂੰ ਮੁੱਖ ਰੱਖਦਿਆਂ ਪਾਵਰਕਾਮ ਵੱਲੋਂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵੱਡੇ ਪੱਧਰ ’ਤੇ ਕੰਮ ਕੀਤਾ ਗਿਆ ਹੈ, ਜਿਸ ਦੇ ਨਤੀਜੇ ਵਜੋਂ ਇਸ ਵਾਰ ਗਰਮੀਆਂ ਦੇ ਸੀਜ਼ਨ ਦੌਰਾਨ ਸ਼ਹਿਰ ’ਚ ਬਿਜਲੀ ਦਾ ਕੋਈ ਵੱਡਾ ਕੱਟ ਨਹੀਂ ਲੱਗਿਆ। ?ਇਸ ਸੁਧਾਰ ਲੜੀ ਤਹਿਤ ਐਤਵਾਰ, 6 ਸਤੰਬਰ 2026 ਨੂੰ ਫੇਜ਼-1 ਗਰਿੱਡ ਵਿਖੇ 20 ਐੱਮ. ਵੀ. ਏ. ਦੇ ਪਾਵਰ ਟਰਾਂਸਫਾਰਮਰ ਨੂੰ ਬਦਲ ਕੇ 31.5 ਐੱਮ. ਵੀ. ਏ. ਦਾ ਨਵਾਂ ਟਰਾਂਸਫਾਰਮਰ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ’ਚ 200 ਤੋਂ 315 ਕੇ. ਵੀ. ਏ. ਦੀ ਸਮਰੱਥਾ ਵਾਲੇ ਲਗਭਗ 400 ਟਰਾਂਸਫਾਰਮਰ ਬਦਲੇ, ਅਪਗ੍ਰੇਡ ਜਾਂ ਨਵੇਂ ਲਗਾਏ ਗਏ ਹਨ। ?ਐਰੋ ਸਿਟੀ ਅਤੇ ਆਈ. ਟੀ. ਸਿਟੀ ਵਿਖੇ 31.5 ਐੱਮ. ਵੀ. ਏ.ਦੇ ਨਵੇਂ ਟਰਾਂਸਫਾਰਮਰ ਸਥਾਪਿਤ ਕੀਤੇ ਗਏ ਹਨ। ?ਫੇਜ਼-8ਬੀ ਗਰਿੱਡ ਦੀ ਸਮਰੱਥਾ ਵਧਾਈ ਗਈ ਹੈ, ਜਿੱਥੋਂ ਸ਼ਹਿਰ ਦੇ ਜ਼ਿਆਦਾਤਰ ਉਦਯੋਗਾਂ ਨੂੰ ਬਿਜਲੀ ਦੀ ਸਪਲਾਈ ਹੁੰਦੀ ਹੈ। ਇੱਥੇ ਇਨਕਮਰ ਸਮਰੱਥਾ ਵਧਾਉਣ ਦੇ ਨਾਲ-ਨਾਲ ਇਮਾਰਤ ਦਾ ਵਿਸਥਾਰ ਵੀ ਕੀਤਾ ਗਿਆ ਹੈ। ?ਉਦਯੋਗਿਕ ਖੇਤਰ ਫੇਜ਼-9 ਦੇ



66 ਕੇ. ਵੀ. ਸਿਸਟਮ ਵਿੱਚ ਪੁਰਾਣੇ ਏ. ਸੀ. ਐੱਸ. ਆਰ. ਕੰਡਕਟਰ ਨੂੰ ਹਟਾ ਕੇ ਐੱਚ. ਟੀ. ਐੱਲ. ਐੱਸ. ਕੰਡਕਟਰ ਪਾਇਆ ਗਿਆ ਹੈ, ਜਿਸ ਨਾਲ ਬਿਜਲੀ ਲਿਜਾਣ ਦੀ ਸਮਰੱਥਾ ਦੁੱਗਣੀ ਹੋ ਗਈ ਹੈ। ?ਸ਼ਹਿਰ ਦੀ ਬਿਜਲੀ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਸੈਕਟਰ-82 (ਜੇ. ਐੱਲ. ਪੀ. ਐੱਲ., ਐਰੋ ਸਿਟੀ) ਵਿਖੇ 20 ਐੱਮ. ਵੀ. ਏ. ਦਾ ਨਵਾਂ 66 ਕੇ. ਵੀ. ਟਰਾਂਸਫਾਰਮਰ ਅਤੇ ਗਰਿੱਡ ਤਿਆਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸੈਕਟਰ-101 ਵਿੱਚ 220 ਕੇ. ਵੀ. ਦਾ ਇੱਕ ਵਿਸ਼ਾਲ ਗਰਿੱਡ ਅਤੇ ਸੈਕਟਰ-62 ਵਿੱਚ ਇੱਕ ਨਵਾਂ 66 ਕੇ. ਵੀ. ਗਰਿੱਡ ਸਥਾਪਿਤ ਕਰਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ?ਡਿਪਟੀ ਚੀਫ਼ ਇੰਜੀਨੀਅਰ (ਮੋਹਾਲੀ) ਹਰਪ੍ਰੀਤ ਸਿੰਘ ਓਬਰਾਏ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਅਤੇ ਉਦਯੋਗਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਬਹੁਤ ਸਾਰੇ ਵਿਕਾਸ ਕਾਰਜ ਮੁਕੰਮਲ ਹੋ ਚੁੱਕੇ ਹਨ ਅਤੇ ਬਾਕੀ ਦਾ ਕੰਮ ਜਾਰੀ ਹੈ।

# ਕੈਬਨਿਟ ਨੇ ਤਿੰਨ ਰੇਲ ਪ੍ਰਾਜੈਕਟਾਂ ਨੂੰ ਦਿੱਤੀ ਮਨਜ਼ੂਰੀ; 10,783 ਕਰੋੜ ਰੁਪਏ ਹੋਣਗੇ ਖਰਚ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 13 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ (ਸੀਸੀਈਏ) ਨੇ ਬੁੱਧਵਾਰ ਨੂੰ ਰੇਲ ਮੰਤਰਾਲੇ ਦੇ 10,783 ਕਰੋੜ ਰੁਪਏ ਦੀ ਲਾਗਤ ਵਾਲੀ ਤਿੰਨ ਮਲਟੀ-ਟਰੈਕਿੰਗ ਪ੍ਰਾਜੈਕਟਾਂ ਨੂੰ ਪ੍ਰਵਾਨਗੀ ਦਿੱਤੀ। ਇਨ੍ਹਾਂ ਪ੍ਰਾਜੈਕਟਾਂ ’ਚ ਖੜਗਪੁਰ-ਝਾਰਸੁਗੁੜਾ ਸੈਕਸ਼ਨ ਅਤੇ ਕਟਨੀ-ਪੇਂਡ?ਰਾ ਰੋਡ ਸੈਕਸ਼ਨ ਵਿਚਕਾਰ ਚੌਥੀ ਲਾਈਨ ਅਤੇ ਬਿਲਾਸਪੁਰ (ਉਸਲਾਪੁਰ)-ਪੇਂਡ?ਰਾ ਰੋਡ ਸੈਕਸ਼ਨ ਵਿਚਕਾਰ ਤੀਜੀ ਲਾਈਨ ਦਾ ਨਿਰਮਾਣ ਸ਼ਾਮਲ ਹੈ। ਅਧਿਕਾਰਤ ਬਿਆਨ ਦੇ ਅਨੁਸਾਰ, ਇਨ੍ਹਾਂ ਪ੍ਰਾਜੈਕਟਾਂ ਨਾਲ ਰੇਲ ਲਾਈਨ ਦੀ ਸਮਰੱਥਾ ਵਧੇਗੀ, ਜਿਸ ਨਾਲ ਆਵਾਜਾਈ ’ਚ ਸੁਧਾਰ ਦੇ ਸੰਚਾਲਨ ਕੁਸ਼ਲਤਾ ਅਤੇ ਸੇਵਾਵਾਂ ਦੀ ਭਰੋਸੇਯੋਗਤਾ ਵਧੇਗੀ। ਇਹ ਰੇਲ ਸੰਚਾਲਨ ਨੂੰ ਸੁਵਿਧਾਜਨਕ ਬਣਾਏਗਾ ਅਤੇ ਭੀੜ ਨੂੰ ਘਟਾਉਣ ’ਚ ਮਦਦ ਕਰੇਗਾ। ਇਹ ਤਿੰਨ ਪ੍ਰਾਜੈਕਟ ਪੱਛਮੀ ਬੰਗਾਲ, ਝਾਰਖੰਡ, ਓਡੀਸ਼ਾ, ਮੱਧ ਪ੍ਰਦੇਸ਼ ਅਤੇ



ਛੱਤੀਸਗੜ੍ਹ ਦੇ 14 ਜ਼ਿਲ੍ਹਿਆਂ ’ਚੋਂ ਹੋ ਕੇ ਲੰਘਣਗੇ। ਇਨ੍ਹਾਂ ਦੇ ਨਿਰਮਾਣ ਨਾਲ ਮੌਜੂਦਾ ਭਾਰਤੀ ਰੇਲਵੇ ਨੈੱਟਵਰਕ ’ਚ ਲਗਭਗ 656 ਕਿਲੋਮੀਟਰ ਦਾ ਵਾਧਾ ਹੋਵੇਗਾ। ਸਰਕਾਰ ਨੇ ਕਿਹਾ ਕਿ ਪ੍ਰਸਤਾਵਿਤ ਮਲਟੀ-ਟਰੈਕਿੰਗ ਪ੍ਰਾਜੈਕਟ ਲਗਭਗ 4,790 ਪਿੰਡਾਂ ਨੂੰ ਬਿਹਤਰ ਰੇਲ ਸੰਪਰਕ ਪ੍ਰਦਾਨ ਕਰਨਗੇ, ਜਿੱਥੇ ਲਗਭਗ 56 ਲੱਖ ਲੋਕ ਰਹਿੰਦੇ ਹਨ। ਇਨ੍ਹਾਂ ਪ੍ਰਾਜੈਕਟਾਂ ਨਾਲ ਤਾਰਾਤਾਰੀ ਮੰਦਰ, ਸ਼੍ਰੀਕਸ਼ੇਤਰ ਜਗਨਨਾਥ ਮੰਦਰ, ਬੰਧਵਗੜ੍ਹ ਟਾਈਗਰ ਰਿਜ਼ਰਵ, ਵਿਰਾਤੇਸ਼ਵਰ ਮੰਦਰ, ਅਮਰਕੰਟਕ ਮੰਦਰ, ਜਵਾਲੇਸ਼ਵਰ ਧਾਮ, ਅਚਾਨਕਮਾਰ ਟਾਈਗਰ ਰਿਜ਼ਰਵ, ਖੁਟਾਘਾਟ ਡੈਮ, ਮਲਹਾਰ ਪੁਰਾਤੱਤਵ ਸਥਾਨ ਅਤੇ ਰਤਨਪੁਰ ਮਹਾਮਾਇਆ ਮੰਦਰ ਵਰਗੇ ਪ੍ਰਮੁੱਖ ਸੈਰ-ਸਪਾਟਾ ਸਥਾਨਾਂ ਤੱਕ ਰੇਲ ਸੰਪਰਕ ਬਿਹਤਰ ਹੋਵੇਗਾ। ਸਰਕਾਰ ਨੇ ਕਿਹਾ ਕਿ ਪ੍ਰਸਤਾਵਿਤ ਪ੍ਰਾਜੈਕਟ ਕੋਲਾ, ਸੀਮਿੰਟ, ਲੋਹਾ ਅਤੇ ਸਟੀਲ ਵਰਗੀਆਂ ਵਸਤੂਆਂ ਦੀ ਆਵਾਜਾਈ ਲਈ ਮਹੱਤਵਪੂਰਨ ਰਸਤੇ ਹਨ। ਸਮਰੱਥਾ ਵਧਾਉਣ ਦੇ ਨਤੀਜੇ ਵਜੋਂ ਸਾਲਾਨਾ 2.7 ਕਰੋੜ ਟਨ ਵਾਧੂ ਮਾਲ ਢੋਆ-ਢੁਆਈ ਹੋਣ ਦੀ ਉਮੀਦ ਹੈ। ਸਰਕਾਰ ਨੇ ਇਨ੍ਹਾਂ ਪ੍ਰਾਜੈਕਟਾਂ ਦੇ ਵਾਤਾਵਰਣ ਸੰਬੰਧੀ ਲਾਭ ਗਿਣਾਉਂਦੇ ਹੋਏ ਕਿਹਾ ਕਿ ਇਨ੍ਹਾਂ ਨਾਲ ਕਰੀਬ 12 ਕਰੋੜ ਲੀਟਰ ਤੇਲ ਦੇ ਆਯਾਤ ’ਚ ਕਮੀ ਅਤੇ 62 ਕਰੋੜ ਕਿਲੋਗ੍ਰਾਮ ਕਾਰਬਨ ਡਾਈਆਕਸਾਈਡ ਨਿਕਾਸ ’ਚ ਕਮੀ ਆਉਣ ਦਾ ਅਨੁਮਾਨ ਹੈ, ਜੋ 2.48 ਕਰੋੜ ਦਰੱਖਤ ਲਗਾਉਣ ਦੇ ਬਰਾਬਰ ਹੈ।

# ਮਾਮੇ ਦੇ ਟਰੈਕਟਰ ਹੇਠ ਆਉਣ ਕਾਰਨ ਭਾਣਜੇ ਦੀ ਦਰਦਨਾਕ ਮੌਤ

ਪ੍ਰਧਾਨ ਅਮਨਦੀਪ ਸਿੰਘ ਛੀਨਾ ਨੇ ਕਿਹਾ ਕਿ ਵਾਹਨਾਂ ਲਈ ਸਮਾਂ-ਸਾਰਣੀ ਜਾਰੀ ਕਰਨ ਦਾ ਮਕਸਦ ਕਿਸੇ ਆੜ੍ਹਤੀ ਜਾਂ ਟਰੇਡਰ ਨੂੰ ਪ੍ਰੇਸ਼ਾਨ ਕਰਨਾ ਨਹੀਂ, ਸਗੋਂ ਮੰਡੀ ਵਿਚ ਟ?ਰੈਫਿਕ ਵਿਵਸਥਾ ਨੂੰ ਸੁਚਾਰੂ ਬਣਾਉਣਾ ਅਤੇ ਕਿਸਾਨਾਂ ਨੂੰ ਜਾਮ ਤੋਂ ਰਾਹਤ ਦਿਵਾਉਣਾ ਹੈ। ਉਨ੍ਹਾਂ ਕਿਹਾ ਕਿ ਜੇਕਰ ਖਾਲੀ ਟਰਾਲੀਆਂ ਅਤੇ ਟਰੱਕ ਮੰਡੀ ਵਿਚ ਬਿਨਾਂ ਲੋੜ ਤੋਂ ਲੰਮੇ ਸਮੇਂ ਤੱਕ ਖੜ੍ਹੇ ਰਹਿੰਦੇ ਹਨ ਤਾਂ ਮੰਡੀ ਵਿਚ ਜਗ?ਹਾ ਦੀ ਕਮੀ ਪੈਦਾ ਹੋ ਜਾਂਦੀ ਹੈ। ਇਸ ਦਾ ਸਿੱਧਾ ਅਸਰ ਨਵੀਂ ਫ਼ਸਲ ਲੈ ਕੇ ਆਉਣ ਵਾਲੇ ਕਿਸਾਨਾਂ ’ਤੇ ਪੈਂਦਾ ਹੈ। ਇਸ ਲਈ ਖਾਲੀ ਵਾਹਨਾਂ ਨੂੰ ਤੁਰੰਤ ਮੰਡੀ ਤੋਂ ਬਾਹਰ ਕਢਵਾਉਣਾ ਬੇਹੱਦ ਜ਼ਰੂਰੀ ਹੈ। ਅਮਨਦੀਪ ਸਿੰਘ ਛੀਨਾ ਨੇ ਕਿਹਾ ਕਿ ਝੋਨੇ ਦੇ ਸੀਜ਼ਨ ਦੌਰਾਨ ਮੰਡੀ ਭਗਤਾਂਵਾਲਾ ਵਿਚ ਵੱਡੀ ਗਿਣਤੀ ਵਿਚ ਕਿਸਾਨ ਆਪਣੀ ਫ਼ਸਲ ਲੈ ਕੇ ਪਹੁੰਚਦੇ ਹਨ। ਅਜਿਹੇ ਵਿਚ ਮੰਡੀ ਦੀ ਆਵਾਜਾਈ ਵਿਵਸਥਾ ਨੂੰ ਪਹਿਲਾਂ ਤੋਂ ਹੀ ਸੁਚੱਜਾ ਬਣਾਉਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਵੱਲੋਂ ਮੰਡੀ ਵਿਚ ਕਿਸਾਨਾਂ, ਆੜ੍ਹਤੀਆਂ ਅਤੇ ਟਰੇਡਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਆਵੇ, ਇਸ ਲਈ ਲਗਾਤਾਰ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਸਾਰੇ ਆੜ੍ਹਤੀ ਭਰਾਵਾਂ ਨੂੰ ਅਪੀਲ ਕੀਤੀ ਕਿ ਕਿਸਾਨ ਦੀ ਟਰਾਲੀ ਖਾਲੀ ਹੁੰਦੇ ਹੀ ਉਸ ਨੂੰ ਮੰਡੀ ਤੋਂ ਬਾਹਰ ਕਢਵਾਉਣ ਨੂੰ ਯਕੀਨੀ ਬਣਾਇਆ ਜਾਵੇ ਅਤੇ ਟਰੇਡਰ ਭਰਾ ਆਪਣੇ ਟਰੱਕਾਂ ਨੂੰ ਨਿਰਧਾਰਤ ਸਮੇਂ ਤੋਂ ਪਹਿਲਾਂ ਮੰਡੀ ਵਿਚ ਨਾ ਲਿਆਉਣ। ਉਨ੍ਹਾਂ ਕਿਹਾ ਕਿ ਜੇਕਰ ਹਰ ਧਿਰ ਐਸੋਸੀਏਸ਼ਨ ਦੇ ਫੈਸਲੇ ਨੂੰ ਸਹਿਯੋਗ ਦੇਵੇਗੀ ਤਾਂ ਮੰਡੀ ਵਿਚ ਜਾਮ ਦੀ ਸਮੱਸਿਆ ਨੂੰ ਕਾਫ਼ੀ ਹੱਦ ਤੱਕ ਖ਼ਤਮ ਕੀਤਾ ਜਾ ਸਕਦਾ ਹੈ। ਪ੍ਰਧਾਨ ਛੀਨਾ ਨੇ ਕਿਹਾ ਕਿ ਦਾਣਾ ਮੰਡੀ ਭਗਤਾਂਵਾਲਾ ਵਿਚ ਹਰ ਸੀਜ਼ਨ ਦੌਰਾਨ ਹਜ਼ਾਰਾਂ ਕਿਸਾਨ ਆਪਣੀ ਫ਼ਸਲ ਵੇਚਣ ਲਈ ਆਉਂਦੇ ਹਨ। ਇਸ ਲਈ ਮੰਡੀ ਦੀ ਵਿਵਸਥਾ ਨੂੰ ਬਿਹਤਰ ਰੱਖਣਾ ਸਿਰਫ਼ ਆੜ੍ਹਤੀ ਵੈੱਲਫੇਅਰ ਐਸੋਸੀਏਸ਼ਨ ਹੀ ਨਹੀਂ, ਸਗੋਂ ਹਰ ਆੜ੍ਹਤੀ, ਟਰੇਡਰ ਅਤੇ ਕਿਸਾਨ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਟਰਾਲੀਆਂ ਲਈ ਰਾਤ 12 ਵਜੇ ਤੋਂ ਸਵੇਰੇ 10 ਵਜੇ ਤੱਕ ਅਤੇ ਟਰੱਕਾਂ ਲਈ ਸਵੇਰੇ 11 ਵਜੇ ਤੋਂ ਰਾਤ 11 ਵਜੇ ਤੱਕ ਦਾ ਸਮਾਂ ਨਿਰਧਾਰਤ ਕੀਤਾ ਗਿਆ ਹੈ। ਇਸ ਸਮਾਂ-ਸਾਰਣੀ ਦੀ ਉਲੰਘਣਾ ਕਰਨ ਵਾਲਿਆਂ ਖ਼?ਲਾਫ਼ 1000 ਰੁਪਏ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਅਮਨਦੀਪ ਸਿੰਘ ਛੀਨਾ ਨੇ ਸਾਰੇ ਆੜ੍ਹਤੀ ਅਤੇ ਟਰੇਡਰ ਭਰਾਵਾਂ ਨੂੰ ਅਪੀਲ ਕੀਤੀ ਕਿ ਉਹ ਐਸੋਸੀਏਸ਼ਨ ਵੱਲੋਂ ਜਾਰੀ ਕੀਤੇ ਨਿਯਮਾਂ ਦੀ ਪਾਲਣਾ ਕਰਕੇ ਝੋਨੇ ਦੇ ਸੀਜ਼ਨ ਦੌਰਾਨ ਮੰਡੀ ਨੂੰ ਜਾਮ ਮੁਕਤ ਰੱਖਣ ਵਿਚ ਆਪਣਾ ਪੂਰਾ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਦਾ ਮੁੱਖ ਮਕਸਦ ਕਿਸਾਨਾਂ ਨੂੰ ਬਿਨਾਂ ਕਿਸੇ ਰੁਕਾਵਟ ਆਪਣੀ ਫ਼ਸਲ ਵੇਚਣ ਦੀ ਸਹੂਲਤ ਦੇਣਾ ਅਤੇ ਮੰਡੀ ਦੀ ਆਵਾਜਾਈ ਵਿਵਸਥਾ ਨੂੰ ਸੁਚਾਰੂ ਰੱਖਣਾ ਹੈ।

# ਹਿਮਾਚਲ ਦੇ ਬੋਰਡਿੰਗ ਸਕੂਲ ’ਚ ਸਿੱਖ ਬੱਚੇ ਨਾਲ ਰੈਗਿੰਗ ਦੀ ਘਟਨਾ ਮੰਦਭਾਗੀ: ਐਡਵੋਕੇਟ ਧਾਮੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 13 ਸਤੰਬਰ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਇੱਕ ਨਿੱਜੀ ਬੋਰਡਿੰਗ ਸਕੂਲ ਵਿੱਚ ਸਿੱਖ ਬੱਚੇ ਨਾਲ ਹੋਈ ਰੈਗਿੰਗ ਦੀ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਸਿੱਖਿਆ ਸੰਸਥਾ ਵਿੱਚ ਕਿਸੇ ਵੀ ਬੱਚੇ ਨਾਲ ਇਸ ਤਰ੍ਹਾਂ ਦਾ ਵਿਵਹਾਰ ਬੇਹੱਦ ਮੰਦਭਾਗਾ ਹੈ ਅਤੇ ਅਜਿਹੀਆਂ ਘਟਨਾਵਾਂ ਬੱਚਿਆਂ ਦੀ ਮਾਨਸਿਕ ਸਿਹਤ ਅਤੇ ਭਵਿੱਖ ਉੱਤੇ ਬੁਰਾ ਪ੍ਰਭਾਵ ਪਾ ਸਕਦੀਆਂ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਲਈ ਸੁਖਾਵਾਂ ਤੇ ਸਨਮਾਨਜਨਕ ਵਾਤਾਵਰਨ ਮੁਹੱਈਆ ਕਰਵਾਉਣਾ ਸਕੂਲ ਪ੍ਰਬੰਧਕਾਂ ਦੀ ਮੁੱਢਲੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਰੈਗਿੰਗ ਕਿਸੇ ਵੀ ਰੂਪ ਵਿੱਚ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਅਤੇ ਸਿੱਖਿਆ ਸੰਸਥਾਵਾਂ ਨੂੰ ਇਸ ਪ੍ਰਤੀ ਸੰਜੀਦਾ ਹੋਣਾ ਚਾਹੀਦਾ ਹੈ। ਉਨ੍ਹਾਂ



ਕਿਹਾ ਕਿ ਇਸ ਘਟਨਾ ਸਬੰਧੀ ਸਾਹਮਣੇ ਆਈ ਵੀਡੀਓ ਨੇ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਚਿੰਤਤ ਕੀਤਾ ਹੈ। ਉਨ੍ਹਾਂ ਕਿਹਾ ਕਿ ਬੱਚੇ ਦੀ ਇੱਜ਼ਤ ਅਤੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਸਾਰਿਆਂ ਨੂੰ ਜ਼ਿੰਮੇਵਾਰੀ ਨਾਲ ਵਿਵਹਾਰ ਕਰਨਾ ਚਾਹੀਦਾ ਹੈ। ਸ਼?ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪਰਿਵਾਰ ਵੱਲੋਂ ਕੀਤੀ ਗਈ ਸ਼ਿਕਾਇਤ ਉਪਰੰਤ ਹਿਮਾਚਲ ਪ੍ਰਦੇਸ਼ ਪੁਲਸ ਵੱਲੋਂ ਮਾਮਲੇ ਵਿੱਚ ਕਾਰਵਾਈ ਸ਼ੁਰੂ ਕਰਨਾ ਸਵਾਗਤਯੋਗ ਹੈ, ਪਰੰਤੂ ਇਸ ਘਟਨਾ ਦੀ ਨਿਰਪੱਖ ਜਾਂਚ ਕਰਕੇ ਸਾਰੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਰੈਗਿੰਗ ਕਰਨ ਵਾਲੇ ਵਿਦਿਆਰਥੀਆਂ ਦੀ ਜ਼ਿੰਮੇਵਾਰੀ ਤੈਅ ਕਰਨਾ ਹੀ ਕਾਫ਼ੀ ਨਹੀਂ, ਸਗੋਂ ਇਹ ਵੀ ਜਾਂਚਿਆ ਜਾਣਾ ਚਾਹੀਦਾ ਹੈ ਕਿ ਸਕੂਲ ਪ੍ਰਸ਼ਾਸਨ ਵੱਲੋਂ ਸਮੇਂ ਸਿਰ ਲੋੜੀਂਦੇ ਕਦਮ ਕਿਉਂ ਨਹੀਂ ਚੁੱਕੇ ਗਏ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸਕੂਲ ਪ੍ਰਿੰਸੀਪਲ ਵਿਰੁੱਧ ਵੀ ਪਰਚਾ ਦਰਜ ਹੋਣਾ ਚਾਹੀਦਾ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਆਖਿਆ ਕਿ ਕਿਸੇ ਵੀ ਵਿਦਿਆਰਥੀ ਨੂੰ ਰੈਗਿੰਗ ਵਰਗੀ ਘਟੀਆ ਹਰਕਤ ਨਾਲ ਪ੍ਰੇਸ਼ਾਨ ਕਰਨਾ ਗ਼ਲਤ ਹੈ ਅਤੇ ਖ਼ਾਸ ਕਰਕੇ ਸਿੱਖ ਬੱਚਿਆਂ ਨੂੰ ਨਿਸ਼ਾਨੇ ’ਤੇ ਲੈਣਾ ਕਿਸੇ ਤਰ੍ਹਾਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਐਡਵੋਕੇਟ ਧਾਮੀ ਨੇ ਹਿਮਾਚਲ ਪ੍ਰਦੇਸ਼ ਸਰਕਾਰ ਅਤੇ ਸਕੂਲ ਪ੍ਰਬੰਧਨ ਤੋਂ ਮੰਗ ਕੀਤੀ ਕਿ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ ਲਈ ਬੋਰਡਿੰਗ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਰੈਗਿੰਗ ਰੋਕਣ ਦੇ ਪ੍ਰਬੰਧ ਹੋਰ ਮਜ਼ਬੂਤ ਕੀਤੇ ਜਾਣ। ਉਨ੍ਹਾਂ ਸਮੂਹ ਮਾਪਿਆਂ ਨੂੰ ਅਪੀਲ ਕੀਤੀ ਕਿ ਹਰ ਸਕੂਲ ਵਿਚ ਇਹ ਗੱਲ ਦ੍ਰਿੜ੍ਹਤਾ ਨਾਲ ਰੱਖਣ ਕਿ ਬੱਚਿਆਂ ਪ੍ਰਤੀ ਅਜਿਹਾ ਵਰਤਾਰਾ ਕਦੇ ਨਾ ਵਾਪਰੇ ਅਤੇ ਸਕੂਲ ਪ੍ਰਬੰਧਕ ਆਪਣੀ ਜ਼ੁੰਮੇਵਾਰੀ ਸੁਚੇਤ ਹੋ ਕੇ ਨਿਭਾਉਣ।

# ਸਾਵਧਾਨ ! ਚਾਲਾਨ ਤੋਂ ਲੈ ਕੇ ਖੁੱਲ੍ਹੇ ’ਚ ਕੂੜਾ ਸੁੱਟਣ ਵਾਲਿਆਂ ’ਤੇ CCTV ਫੁਟੇਜ ਰਾਹੀਂ ਹੋਵੇਗੀ ਕਾਰਵਾਈ

ਗੁੜਗਾਓਂ 13 ਸਤੰਬਰ। ਹੁਣ ਟ?ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਤੋਂ ਲੈ ਕੇ ਪਾਣੀ ਭਰਨ ਅਤੇ ਕੂੜਾ ਸੁੱਟਣ ਤੱਕ ਦੇ ਮਾਮਲਿਆਂ ’ਤੇ ਤਕਨਾਲੋਜੀ ਰਾਹੀਂ ਨਜ਼ਰ ਰੱਖੀ ਜਾਵੇਗੀ। ਦਸੰਬਰ 2026 ਤੱਕ ਸ਼ਹਿਰ ਵਿੱਚ 4287 ਸੀਸੀਟੀਵੀ ਕੈਮਰਿਆਂ ਦਾ ਇੱਕ ਮਜ਼ਬੂਤ ??ਨਿਗਰਾਨੀ ਨੈੱਟਵਰਕ ਤਿਆਰ ਹੋ ਜਾਵੇਗਾ। ਇਨ੍ਹਾਂ ਵਿੱਚ ਫੇਜ਼-1 ਅਧੀਨ ਪਹਿਲਾਂ ਲਗਾਏ ਗਏ 1200 ਕੈਮਰੇ, ਫੇਜ਼-2 ਵਿੱਚ ਲਗਾਏ ਜਾ ਰਹੇ 2722 ਕੈਮਰੇ ਅਤੇ ਮਾਰੂਤੀ ਸੁਜ਼ੂਕੀ ਇੰਡੀਆ ਲਿਮਟਿਡ ਅਤੇ ਉਤਕ੍ਰਿਸ਼ਟ ਸੋਸਾਇਟੀ ਫਾਰ ਸੇਫ ਹਰਿਆਣਾ ਵਿਚਕਾਰ ਹੋਏ ਸਮਝੌਤੇ ਤਹਿਤ ਸਥਾਪਤ ਕੀਤੇ ਜਾ ਰਹੇ 365 ਕੈਮਰੇ ਸ਼ਾਮਲ ਹਨ। ਜੀਐਮਡੀਏ ਦੇ ਸੀਈਓ ਪੀਸੀ ਮੀਨਾ ਨੇ ਮੰਗਲਵਾਰ ਨੂੰ ਸਮਾਰਟ ਸਿਟੀ ਸੀਸੀਟੀਵੀ ਪ੍ਰੋਜੈਕਟ ਦੀ ਪ੍ਰਗਤੀ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਜੀਐਮਡੀਏ ਫੇਜ਼-2 ਅਤੇ ਮਾਰੂਤੀ ਸੁਜ਼ੂਕੀ ਇੰਡੀਆ ਦੇ ਸਹਿਯੋਗ ਨਾਲ ਕੈਮਰੇ ਲਗਾਉਣ ਦੇ ਪ੍ਰੋਜੈਕਟ ਨੂੰ ਤੇਜ਼ ਕਰਨ ਅਤੇ ਪੂਰੇ ਨੈੱਟਵਰਕ ਨੂੰ ਜੀਐਮਡੀਏ ਦੇ ਏਕੀਕ੍ਰਿਤ ਕਮਾਂਡ ਅਤੇ ਕੰਟਰੋਲ



ਸੈਂਟਰ (ਆਈਸੀਸੀ) ਨਾਲ ਪ੍ਰਭਾਵਸ਼ਾਲੀ ਢੰਗ ਨਾਲ ਜੋੜਨ ਦੇ ਨਿਰਦੇਸ਼ ਦਿੱਤੇ। ਫੇਜ਼-1 ਅਧੀਨ ਲਗਾਏ ਗਏ 1,200 ਕੈਮਰੇ ਵਿੱਚ 750 ਜਨਰਲ ਨਿਗਰਾਨੀ ਕੈਮਰੇ, 308 ANPR ਕੈਮਰੇ, 102 ਰੈੱਡ ਲਾਈਟ ਉਲੰਘਣਾ ਖੋਜ , 28 ਕੈਮਰੇ, ਅਤੇ 48 ਚਿਹਰਾ ਪਛਾਣ ਕੈਮਰੇ ਸ਼ਾਮਲ ਹਨ। ਜਦੋਂ ਕਿ ਫੇਜ਼-2 ਵਿੱਚ 1406 ANPR, 102 RLVD, 74 PTZ, 759 ਜਨਰਲ ਨਿਗਰਾਨੀ, 347 ਚਿਹਰਾ ਪਛਾਣਨ ਵਾਲੇ ਕੈਮਰੇ ਅਤੇ 20 ਸਪੀਡ ਰਾਡਾਰ ਲਗਾਏ ਜਾ ਰਹੇ ਹਨ। GMDA ਅਤੇ MSIL ਵਿਚਕਾਰ ਹਸਤਾਖਰ ਕੀਤੇ ਗਏ ਸਮਝੌਤੇ ਤਹਿਤ 23 ਪ੍ਰਮੁੱਖ ਜੰਕਸ਼ਨਾਂ ’ਤੇ 365 ਸੀਸੀਟੀਵੀ ਕੈਮਰੇ ਅਤੇ 29 ਸਪੀਡ ਰਾਡਾਰ ਲਗਾਏ ਜਾ ਰਹੇ ਹਨ। ਇਨ੍ਹਾਂ ਵਿੱਚ SPR ਅਤੇ ਗੋਲਫ ਕੋਰਸ ਐਕਸਟੈਂਸ਼ਨ ਰੋਡ ’ਤੇ ਅੱਠ ਜੰਕਸ਼ਨ, ਸਾਈਬਰ ਸਿਟੀ ਅਤੇ ਗੋਲਫ ਕੋਰਸ ਵਿਚਕਾਰ ਚਾਰ, ਐਮਜੀ ਰੋਡ ’ਤੇ ਪੰਜ ਅਤੇ ਪੁਰਾਣੀ ਦਿੱਲੀ ਰੋਡ ’ਤੇ ਛੇ ਸ਼ਾਮਲ ਹਨ। ਐਮਐਸਆਈਐਲ ਆਪਣੇ ਸੀਐਸਆਰ ਪ੍ਰੋਜੈਕਟ ਦੇ ਦੂਜੇ ਪੜਾਅ ਵਿੱਚ 69 ਹੋਰ ਜੰਕਸ਼ਨਾਂ ’ਤੇ 1,000 ਸੀਸੀਟੀਵੀ ਕੈਮਰੇ ਲਗਾਏਗਾ। ਸੰਭਾਵਿਤ ਖੇਤਰਾਂ ਵਿੱਚ ਮਾਨੇਸਰ, IMT, ਸੋਹਨਾ ਰੋਡ, ਗੋਲਫ ਕੋਰਸ ਐਕਸਟੈਂਸ਼ਨ ਰੋਡ, ਸੁਸ਼ਾਂਤ ਲੋਕ, ਕਨਹਾਈ ਅਤੇ ਪਾਲਮ ਵਿਹਾਰ ਕੋਰੀਡੋਰ ਸ਼ਾਮਲ ਹਨ।

# ਖ਼ੂਨਦਾਨ ਦੀ ਇਕ ਬੂੰਦ ਕਿਸੇ ਦੀ ਪੂਰੀ ਜ਼ਿੰਦਗੀ ਬਚਾ ਸਕਦੀ ਹੈ: ਅਭਿਨਵ ਚੋਪੜਾ

**ਕੌਮੀ ਪਤ੍ਰਿਕਾ**

ਦੋਰਾਹਾ 13 ਸਤੰਬਰ। ਹਿੰਦ ਸਮਾਚਾਰ ਪੱਤਰ ਸਮੂਹ ਦੇ ਸੰਸਥਾਪਕ, ਮਹਾਨ ਆਜ਼ਾਦੀ ਘੁਲਾਟੀਏ ਅਤੇ ਦੇਸ਼ ਦੀ ਅਖੰਡਤਾ ਤੇ ਲੋਕਤੰਤਰੀ ਕਦਰਾਂ-ਕੀਮਤਾਂ ਲਈ ਆਪਣਾ ਜੀਵਨ ਸਮਰਪਿਤ ਕਰਨ ਵਾਲੇ ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ ਦੀ 45ਵੀਂ ਬਰਸੀ ਮੌਕੇ ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ (ਲੁਧਿਆਣਾ) ਵਿਖੇ ਪਹਿਲਾ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਗਿਆ। ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਅਤੇ ਪ੍ਰਿੰਸੀਪਲ ਡਾ. ਸਰਬਜੀਤ ਕੌਰ ਬਰਾੜ ਦੀ ਸਾਂਝੀ ਅਗਵਾਈ ਹੇਠ ਡਾ. ਈਸ਼ਵਰ ਸਿੰਘ ਮੈਮੋਰੀਅਲ ਭਵਨ ਵਿਖੇ ਲਾਏ ਗਏ ਇਸ ਕੈਂਪ ਵਿਚ ਪੰਜਾਬ ਕੇਸਰੀ ਗਰੁੱਪ ਦੇ ਪ੍ਰਤੀਨਿਧੀ ਸ਼ਿਵ ਨੰਦਨ ਕੁਮਾਰ ਵਿਨਾਇਕ ਅਤੇ ਕਿਰਨ ਵਿਨਾਇਕ ਤੋਂ ਇਲਾਵਾ ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ, ਦੋਰਾਹਾ ਨੇ ਵੀ ਸਾਂਝੇ ਤੌਰ ’ਤੇ ਸਹਿਯੋਗ ਦਿੱਤਾ। ਇਸ ਕੈਂਪ ਵਿਚ ਯੂਥ ਐਂਡ ਰੈੱਡ ਰਿਬਨ ਕਲੱਬ, ਐੱਨ. ਐੱਸ. ਐੱਸ. ਅਤੇ ਐੱਨ. ਸੀ. ਸੀ. ਯੂਨਿਟ ਦੇ ਵਾਲੰਟੀਅਰਾਂ, ਕਾਲਜ ਵਿਦਿਆਰਥੀਆਂ, ਬੋਪਾਰਾਏ ਇਲੈਕਟ?ਰੀਕਲ ਐਂਡ ਇਲੈਕਟ?ਰਾਨਿਕ, ਪਾਇਲ ਦੇ ਕਰਮਚਾਰੀਆਂ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿਚ ਨੌਜਵਾਨਾਂ ਨੇ ਸਵੈ-ਇੱਛਾ ਨਾਲ ਖ਼ੂਨਦਾਨ ਕਰ ਕੇ ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਕੈਂਪ ਦੌਰਾਨ 85 ਤੋਂ ਵੱਧ ਵਿਦਿਆਰਥੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਨੇ ਰਜਿਸਟ?ਰੇਸ਼ਨ ਕਰਵਾਈ, ਜਿਨ੍ਹਾਂ ਵਿਚੋਂ ਸਿਹਤ ਜਾਂਚ ਤੋਂ ਬਾਅਦ 65 ਵਿਅਕਤੀਆਂ ਨੂੰ ਡਾਕਟਰਾਂ ਵਲੋਂ ਖ਼ੂਨਦਾਨ ਲਈ ਫਿੱਟ ਐਲਾਨਿਆ ਗਿਆ। ਖ਼ੂਨਦਾਨ ਕੈਂਪ ਸਵੇਰੇ ਸਾਢੇ 10 ਵਜੇ ਸ਼ੁਰੂ ਹੋਇਆ ਅਤੇ ਦੁਪਹਿਰ 2 ਵਜੇ ਤੱਕ ਚੱਲਿਆ। ਇਸ ਮੌਕੇ ਪੰਜਾਬ ਕੇਸਰੀ ਗਰੁੱਪ ਦੇ ਡਾਇਰੈਕਟਰ ਅਭਿਨਵ ਚੋਪੜਾ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਗੁਰੂ ਨਾਨਕ ਨੈਸ਼ਨਲ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਅਤੇ ਬੋਪਾਰਾਏ ਇਲੈਕਟ?ਰੀਕਲ ਐਂਡ ਇਲੈਕਟ?ਰਾਨਿਕ, ਪਾਇਲ ਦੇ ਮਾਲਕ, ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਉਪ-ਪ੍ਰਧਾਨ ਅਤੇ ਪ੍ਰਸਿੱਧ ਸਮਾਜ ਸੇਵੀ ਇੰਜੀਨੀਅਰ ਜਗਦੇਵ ਸਿੰਘ ਬੋਪਾਰਾਏ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਸਿੱਧੂ ਹਸਪਤਾਲ ਅਤੇ ਸਿੱਧੂ ਕਾਲਜ ਆਫ਼ ਨਰਸਿੰਗ ਦੀ ਡਾਇਰੈਕਟਰ ਅਤੇ ਗੋਲਡ ਮੈਡਲਿਸਟ ਡਾ. ਗੁਰਸ਼ਰਨ ਕੌਰ ਸਿੱਧੂ, ਸਿੱਧੂ ਹਸਪਤਾਲ ਦੇ ਆਰਥੋਪੈਡਿਕ ਸਰਜਨ ਡਾ. ਰਵਿੰਦਰ ਸਿੰਘ ਸਿੱਧੂ, ਕਾਲਜ ਪ੍ਰਬੰਧਕੀ ਕਮੇਟੀ ਦੇ ਐਗਜ਼ੀਕਿਊਟਿਵ ਮੈਂਬਰ ਰੁਪਿੰਦਰ ਕੌਰ ਬਰਾੜ, ਰਵਿੰਦਰ ਸਿੰਘ ਮਲਹਾਂਸ, ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਡਾ. ਡੀ. ਪੀ. ਠਾਕੁਰ, ਸੰਗੀਤਾ ਗੋਇਲ ਸੀਨੀਅਰ ਬ੍ਰਾਂਚ ਮੈਨੇਜਰ ਐੱਲ. ਆਈ. ਸੀ., ਡਾ. ਅੰਬੇਡਕਰ ਨੌਜਵਾਨ ਦਲ ਪੰਜਾਬ ਦੇ ਪ੍ਰਧਾਨ ਗੁਰਦੀਪ ਸਿੰਘ ਕਾਲੀ ਆਦਿ ਵੀ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ। ਅਭਿਨਵ ਚੋਪੜਾ ਨੇ ਕੈਂਪ ਦਾ ਦੌਰਾ ਕਰਦਿਆਂ ਖ਼ੂਨਦਾਨ ਲਈ ਪਹੁੰਚੇ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਹੌਸਲਾ ਵਧਾਇਆ। ਉਨ੍ਹਾਂ ਪ੍ਰਬੰਧਕਾਂ ਵਲੋਂ ਕੀਤੇ ਗਏ ਇਸ ਸਮਾਜਿਕ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖ਼ੂਨਦਾਨ ਮਨੁੱਖਤਾ ਦੀ ਸੇਵਾ ਦਾ ਇਕ ਮਹੱਤਵਪੂਰਨ ਜ਼ਰੀਆ ਹੈ। ਲੋੜ ਸਮੇਂ ਕਿਸੇ ਮਰੀਜ਼ ਨੂੰ ਖ਼ੂਨ ਉਪਲਬਧ ਹੋਣਾ ਉਸ ਦੀ ਜ਼ਿੰਦਗੀ ਲਈ ਬਹੁਤ ਮਹੱਤਵਪੂਰਨ ਹੋ ਸਕਦਾ ਹੈ। ਹਾਦਸਿਆਂ ਵਿਚ ਜ਼ਖ਼ਮੀ ਲੋਕਾਂ, ਗੰਭੀਰ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਅਤੇ ਆਪ੍ਰੇਸ਼ਨਾਂ ਦੌਰਾਨ ਕਈ ਵਾਰ ਖ਼ੂਨ ਦੀ ਲੋੜ ਪੈਂਦੀ ਹੈ। ਅਜਿਹੇ ਹਾਲਾਤ ਵਿਚ ਸਵੈ-ਇੱਛਾ ਨਾਲ ਕੀਤਾ ਖ਼ੂਨਦਾਨ ਲੋੜਵੰਦਾਂ ਲਈ ਬਹੁਤ ਮਦਦਗਾਰ ਸਾਬਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ ਦੀ ਬਰਸੀ ਮੌਕੇ ਅਜਿਹੇ ਸੇਵਾ ਕਾਰਜਾਂ ਦਾ ਆਯੋਜਨ ਉਨ੍ਹਾਂ ਦੇ ਬਲੀਦਾਨ, ਸੱਚਾਈ ਅਤੇ



ਮਨੁੱਖਤਾ ਦੀ ਸੇਵਾ ਦੇ ਆਦਰਸ਼ਾਂ ਨੂੰ ਯਾਦ ਕਰਨ ਦਾ ਸਾਰਥਕ ਉਪਰਾਲਾ ਹੈ। ਉਨ੍ਹਾਂ ਨੌਜਵਾਨਾਂ ਅਤੇ ਸਮਾਜ ਦੇ ਸਿਹਤਮੰਦ ਨਾਗਰਿਕਾਂ ਨੂੰ ਸਮੇਂ-ਸਮੇਂ ’ਤੇ ਸਵੈ-ਇੱਛਾ ਨਾਲ ਖ਼ੂਨਦਾਨ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ। ਕੈਂਪ ਦੇ ਆਰੰਭ ਵਿਚ ਕਾਲਜ ਪ੍ਰਿੰਸੀਪਲ ਡਾ. ਸਰਬਜੀਤ ਕੌਰ ਬਰਾੜ ਨੇ ਆਏ ਮਹਿਮਾਨਾਂ ਅਤੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਉਨ੍ਹਾਂ ਦੇ ਇਸ ਮਹਾਨ ਉੱਦਮ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਖ਼ੂਨਦਾਨ ਮਨੁੱਖਤਾ ਦੀ ਸੇਵਾ ਦਾ ਮਹੱਤਵਪੂਰਨ ਕਾਰਜ ਹੈ ਅਤੇ ਕਾਲਜ ਦੇ ਵਿਦਿਆਰਥੀਆਂ ਵਲੋਂ ਇਸ ਵਿਚ ਉਤਸ਼ਾਹ ਨਾਲ ਭਾਗ ਲੈਣਾ ਮਾਣ ਵਾਲੀ ਗੱਲ ਹੈ। ਗੁਰੂ ਨਾਨਕ ਨੈਸ਼ਨਲ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਨੇ ਖ਼ੂਨਦਾਤਾਵਾਂ ਦਾ ਹੌਸਲਾ ਵਧਾਉਂਦਿਆਂ ਕਿਹਾ ਕਿ ਖ਼ੂਨਦਾਨ ਕਿਸੇ ਲੋੜਵੰਦ ਦੀ ਜ਼ਿੰਦਗੀ ਬਚਾਉਣ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਦੱਸਿਆ ਕਿ ਕੈਂਪ ਦਾ ਉਦੇਸ਼ ਲੋਕਾਂ ਨੂੰ ਖ਼ੂਨਦਾਨ ਪ੍ਰਤੀ ਜਾਗਰੂਕ ਕਰਨਾ ਅਤੇ ਲੋੜਵੰਦ ਮਰੀਜ਼ਾਂ ਲਈ ਖ਼ੂਨ ਦੀ ਉਪਲਬਧਤਾ ਯਕੀਨੀ ਬਣਾਉਣ ਵਿਚ ਸਹਿਯੋਗ ਕਰਨਾ ਸੀ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ’ਚ ਨੌਜਵਾਨ ਵਿਦਿਆਰਥੀਆਂ ਨੇ ਸ਼ਮੂਲੀਅਤ ਕਰ ਕੇ ਕੈਂਪ ਨੂੰ ਸਫਲ ਬਣਾਇਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਉਪ-ਪ੍ਰਧਾਨ ਅਤੇ ਪ੍ਰਸਿੱਧ ਸਮਾਜ ਸੇਵੀ ਇੰਜੀਨੀਅਰ ਜਗਦੇਵ ਸਿੰਘ ਬੋਪਾਰਾਏ ਨੇ ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ ਨੂੰ ਸ਼ਰਧਾ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਆਪਣਾ ਜੀਵਨ ਸਮਾਜ ਅਤੇ ਦੇਸ਼ ਦੀ ਸੇਵਾ ਲਈ ਸਮਰਪਿਤ ਕਰ ਦਿੱਤਾ। ਉਨ੍ਹਾਂ ਦੀ 45ਵੀਂ ਬਰਸੀ ਮੌਕੇ ਖ਼ੂਨਦਾਨ ਕੈਂਪ ਦਾ ਆਯੋਜਨ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਦੇਣ ਦਾ ਇਕ ਯਤਨ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਵਰਗੇ ਸੇਵਾ ਕਾਰਜਾਂ ਨਾਲ ਲੋੜਵੰਦ ਲੋਕਾਂ ਦੀ ਮਦਦ ਕਰਨ ਦੇ ਨਾਲ-ਨਾਲ ਸਮਾਜ ਵਿਚ ਮਨੁੱਖੀ ਕਦਰਾਂ-ਕੀਮਤਾਂ ਅਤੇ ਸੇਵਾ ਦੀ ਭਾਵਨਾ ਨੂੰ ਵੀ ਮਜ਼ਬੂਤ ਕੀਤਾ ਜਾ ਸਕਦਾ ਹੈ। ਪੰਜਾਬ ਕੇਸਰੀ ਗਰੁੱਪ ਦੇ ਪ੍ਰਤੀਨਿਧੀ ਸ਼ਿਵ ਨੰਦਨ ਕੁਮਾਰ ਵਿਨਾਇਕ ਅਤੇ ਕਿਰਨ ਵਿਨਾਇਕ ਨੇ ਕੈਂਪ ਦੌਰਾਨ ਲੋਕਾਂ ਨੂੰ ਖ਼ੂਨਦਾਨ ਦੀ ਮਹੱਤਤਾ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਸਿਹਤਮੰਦ ਲੋਕਾਂ ਨੂੰ ਖ਼ੂਨਦਾਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ੰਕਾ ਨਹੀਂ ਰੱਖਣੀ ਚਾਹੀਦੀ ਅਤੇ ਸਮੇਂ-ਸਮੇਂ ’ਤੇ ਸਵੈ-ਇੱਛਾ ਨਾਲ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਵੈ-ਇੱਛਾ ਨਾਲ ਕੀਤਾ ਖ਼ੂਨਦਾਨ ਲੋੜ ਪੈਣ ’ਤੇ ਕਿਸੇ ਮਰੀਜ਼ ਦੀ ਜ਼ਿੰਦਗੀ ਬਚਾਉਣ ਵਿਚ ਮਹੱਤਵਪੂਰਨ ਸਾਬਤ ਹੋ ਸਕਦਾ ਹੈ। ਉਨ੍ਹਾਂ ਕੈਂਪ ਦੇ ਸਫਲ ਆਯੋਜਨ ਵਿਚ ਸਹਿਯੋਗ ਦੇਣ ਵਾਲੇ ਗੁਰੂ ਨਾਨਕ ਨੈਸ਼ਨਲ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਬੋਪਾਰਾਏ ਇਲੈਕਟ?ਰੀਕਲ ਐਂਡ ਇਲੈਕਟ?ਰਾਨਿਕ, ਪਾਇਲ ਅਤੇ ਸਿੱਧੂ ਹਸਪਤਾਲ ਦੇ ਪ੍ਰਬੰਧਕਾਂ, ਮੈਡੀਕਲ ਸਟਾਫ਼, ਖ਼ੂਨਦਾਤਾਵਾਂ, ਕਲੱਬਾਂ ਅਤੇ ਹੋਰ ਸਹਿਯੋਗੀਆਂ ਦਾ ਧੰਨਵਾਦ ਕੀਤਾ।